3. (ਕੇਵਲ ਚੀਫ ਇੰਜੀਨੀਅਰ 'ਪਰੋਜੈਕਟਸ' ਇਰੀਗੇਸ਼ਨ ਵਰਕਸ, ਪੰਜਾਬ, ਚੀਫ ਇੰਜੀਨੀਅਰ ਪੀ.ਡਬਲਯੂ.ਡੀ.ਬੀ. ਐਂਡ ਆਰ. ਬਰਾਂਚ, ਪਟਿਆਲਾ ਅਤੇ ਸਕੱਤਰ ਮੈਡੀਕਲ ਵਿਭਾਗ ਲਈ) ਇਹ ਚਿੱਠੀ ਆਪ ਦੇ ਪੱਤਰ ਨੰ: 2226/28 ਮਿਤੀ 22 ਮਾਰਚ, 1968, ਨੰ: 54-ਈ, ਡਬਲਯੂ/67/2175/ਜੀ. ਡਬਲਯੂ. ਮਿਤੀ 11 ਮਾਰਚ, 1968 ਅਤੇ ਯੂ.ਓ. ਨੰ: 14921 ਐਚ.ਬੀ.ਆਈ-67, ਮਿਤੀ 4 ਦਸੰਬਰ, 1967 (ਤਰਤੀਬਵਾਰ) ਦੇ ਜਵਾਬ ਵਿਚ ਹੈ।

4. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।

ਇਕ ਨਕਲ ਪੰਜਾਬ ਸਰਕਾਰ ਦੇ ਸਮੂਹ ਵਿੱਤ ਕਮਿਸ਼ਨਰਾਂ / ਪ੍ਰਸ਼ਾਸਨੀ ਸਕੱਤਰਾਂ ਦੀ ਸੇਵਾ ਵਿਚ ਸੂਚਨਾ ਅਤੇ ਇਸੇ ਅਨੁਸਾਰ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਖੇਚਲ ਕੀਤੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।

ਪੰਜਾਬ ਸਰਕਾਰ ਦੇ ਸਮੂਹ ਵਿੱਤ ਕਮਿਸ਼ਨਰ, ਪ੍ਰਸ਼ਾਸਨੀ ਸਕੱਤਰ, ਪੰਜਾਬ ਸਰਕਾਰ ।

ਯੂ.ਓ. ਨੰ: 2055-1 ਭਾਸ਼ਾ-68, ਮਿਤੀ ਚੰਡੀਗੜ੍ਹ 3 ਮਈ, 1968

ਨੰ: 2486-1 ਭਾਸ਼ਾ-68/14846

ਵਲੋਂ

ਸਿੱਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ, ਚੰਡੀਗੜ੍ਹ ।

ਮਿਤੀ ਚੰਡੀਗੜ੍ਹ 27 ਮਈ, 1968.

ਵਿਸ਼ਾ : ਪੰਜਾਬੀ ਦਾ ਪ੍ਰਚਾਲਣ ।

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਸਰਕੂਲਰ ਨੰ: 5452-1 ਐਲ.ਜੀ.-61/33377, ਮਿਤੀ 12 ਦਸੰਬਰ, 1967 ਅਤੇ ਸਰਕੂਲਰ ਨੰ: 1589-1 ਐਲ.ਜੀ. 62/13556 ਮਿਤੀ 21 ਮਈ, 1962 ਵੱਲ ਦਿਵਾਇਆ ਜਾਂਦਾ ਹੈ । ਇਨ੍ਹਾਂ ਸਰਕੂਲਰਾਂ ਵਿਚ ਇਹ ਦੱਸਿਆ ਗਿਆ ਹੈ ਕਿ ਪੰਜਾਬੀ ਦੇ ਲਿਖਣ ਅਤੇ ਪੜ੍ਹਨ ਦੇ ਸਿਲਸਿਲੇ ਵਿਚ ਅੰਤਰਰਾਸ਼ਟਰੀ ਹਿੰਦਸੇ (1, 2, 3, 4, 5 ਆਦਿਕ) ਇਸਤੇਮਾਲ ਕੀਤੇ ਜਾਣ । ਹੁਣ ਫਿਰ ਹਦਾਇਤ ਕੀਤੀ ਜਾਂਦੀ ਹੈ ਕਿ ਰਾਜ ਪ੍ਰਸ਼ਾਸਨ ਦੀ ਹਰ ਪੱਧਰ ਤੇ ਪੰਜਾਬੀ ਲਾਗੂ ਹੋਣ ਜਾਣ ਤੇ ਪਿਛੋਂ ਵੀ ਇਸੇ ਪਾਲਿਸੀ ਅਨੁਸਾਰ ਕਾਰਵਾਈ ਕੀਤੀ ਜਾਵੇ ।

2. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ,
ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ,
ਪੰਜਾਬ ਸਰਕਾਰ ਸਿੱਖਿਆ ਵਿਭਾਗ ।

ਇਕ ਕਾਪੀ ਸਮੂਹ ਵਿੱਤ ਕਮਿਸ਼ਨਰ, ਪ੍ਰਸ਼ਾਸਨੀ ਸਕੱਤਰਾਂ ਦੀ ਨੂੰ ਸੂਚਨਾ ਅਤੇ ਇਸੇ ਅਨੁਸਾਰ ਕਾਰਵਾਈ ਕਰਨ ਲਈ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ,
ਪੰਜਾਬ ਸਰਕਾਰ ਸਿੱਖਿਆ ਵਿਭਾਗ ।

ਸੇਵਾ ਵਿਚ

1. ਵਿੱਤ ਕਮਿਸ਼ਨਰ, ਪੰਜਾਬ ।
2. ਸਮੂਹ ਪ੍ਰਸ਼ਾਸਨੀ ਸਕੱਤਰ, ਪੰਜਾਬ ਸਰਕਾਰ ।

ਯੂ.ਓ. ਨੰ: 2486-1 ਭਾਸ਼ਾ-68, ਮਿਤੀ, ਚੰਡੀਗੜ੍ਹ 27 ਮਈ, 1968

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 1149-1 ਭਾਸ਼ਾ-68/15177

ਵਲੋਂ

ਸਿੱਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ, ਚੰਡੀਗੜ੍ਹ ।

ਮਿਤੀ, ਚੰਡੀਗੜ੍ਹ 3 ਜੂਨ, 1968

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 4629-1 ਐਲ.ਜੀ.-67/38442 ਮਿਤੀ 30 ਦਸੰਬਰ, 1967 ਅਤੇ ਨੰ: 361-1 ਐਲ.ਜੀ 68/4661 -ਮਿਤੀ 9 ਫਰਵਰੀ, 1968 ਵਲ ਧਿਆਨ ਦਿਵਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਪੰਜਾਬ ਸਰਕਾਰ ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਅਨੁਸਾਰ ਪੰਜਾਬੀ ਪ੍ਰਸ਼ਾਸਨ ਵਿਚ ਹਰ ਪੱਧਰ ਤੇ 13 ਅਪ੍ਰੈਲ, 1968 ਤੋਂ ਲਾਗੂ ਹੋ ਚੁੱਕੀ ਹੈ । ਇਸ ਸਥਿਤੀ ਨੂੰ ਮੁੱਖ ਰਖਦਿਆਂ ਸਰਕਾਰ ਨੇ ਪੰਜਾਬ ਸਰਕਾਰ ਦੀਆਂ ਗਸ਼ਤੀ ਚਿੱਠੀਆਂ ਨੰ: 2569-1 ਐਲ.ਜੀ. 61/19910 ਮਿਤੀ 29 ਜੂਨ, 1963 ਨੂੰ ਬੜੀ ਗਹੁ ਨਾਲ ਮੁੜ ਵਿਚਾਰ ਕੀਤਾ ਹੈ ਤੇ ਇਹ ਫੈਸਲਾ ਕੀਤਾ ਹੈ ਕਿ ਇਨ੍ਹਾਂ ਉਪਰੋਕਤ ਦਸੀਆਂ ਗਸ਼ਤੀ ਚਿੱਠੀਆਂ ਨੂੰ ਅਧਿਲੰਘਣ ਕੀਤਾ ਸਮਝਿਆ ਜਾਵੇ । ਇਸ ਵਿਸ਼ੇ ਤੇ ਪੰਜਾਬ ਸਰਕਾਰ ਨੇ ਹੁਣ ਨਿਮਨ ਲਿਖਤ ਫ਼ੈਸਲੇ ਕੀਤੇ ਹਨ:-

(ੳ) **ਪੰਜਾਬ ਰਾਜ ਵਿਚ ਸਰਕਾਰੀ ਨੌਕਰੀਆਂ ਦੇ ਭਰਤੀ ਹੋਣ ਲਈ ਯੋਗਤਾਵਾਂ ।**

ਪੰਜਾਬ ਰਾਜ ਵਿਚ ਸਾਰੀਆਂ ਨੌਕਰੀਆਂ ਦੀ ਭਰਤੀ ਲਈ ਹਰ ਉਮੀਦਵਾਰ ਨੂੰ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਸਟੈਂਡਰਡ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਣੀ ਲਾਜ਼ਮੀ ਹੋਵੇਗੀ ।

(ਅ) **ਸਕੱਤਰੇਤ ਪੱਧਰ ਦੀਆਂ ਨੌਕਰੀਆਂ ਵਾਸਤੇ ਹਿੰਦੀ ਭਾਸ਼ਾ ਵਿਚ ਵਿਦਿਅਕ ਯੋਗਤਾਵਾਂ ।**

(1) **ਨਵੇਂ ਭਰਤੀ ਹੋਣ ਵਾਲੇ ਉਮੀਦਵਾਰਾਂ ਵਾਸਤੇ :-**

ਉਪਰੋਕਤ (ੳ) ਵਿਚ ਦਸੀਆਂ ਆਸਾਮੀਆਂ ਵਾਸਤੇ ਜਿਥੇ ਇਹ ਸਕੱਤਰੇਤ ਪੱਧਰ ਦੀਆਂ ਹੋਣ, ਉਮੀਦਵਾਰ ਲਈ ਭਾਸ਼ਾ ਵਿਭਾਗ ਰਾਹੀਂ ਕੀਤੀ ਯੋਗਤਾ ਪਰੀਖਿਆ ਹਿੰਦੀ ਵਿਚ, ਭਰਤੀ ਹੋਣ ਉਪਰੰਤ, ਪਾਸ ਕਰਨੀ ਜ਼ਰੂਰੀ ਹੋਵੇਗੀ।

(2) **ਨੌਕਰੀ ਵਿਚ ਪਹਿਲਾਂ ਹੀ ਲਗੇ ਕਰਮਚਾਰੀ ਲਈ ।**

ਉਪਰੋਕਤ ਅ (1) ਦੇ ਅਨੁਸਾਰ, ਉਨ੍ਹਾਂ ਕਰਮਚਾਰੀਆਂ ਵਾਸਤੇ, ਜਿਹੜੇ ਇਸ ਚਿੱਠੀ ਦੇ ਜਾਰੀ ਹੋਣ ਤੋਂ ਪਹਿਲਾਂ ਸਰਕਾਰੀ ਨੌਕਰੀ ਵਿਚ ਆ ਚੁੱਕੇ ਹਨ, ਇਹ ਉਪਰ ਦਸੀ ਹਿੰਦੀ ਦੀ ਯੋਗਤਾ-ਪਰੀਖਿਆ ਵੀ ਪਾਸ ਕਰਨੀ ਜ਼ਰੂਰੀ ਹੋਵੇਗੀ ।

(ੲ) ਉਪਰੋਕਤ (ਅ) (1) (2) ਵਿਚ ਦਸੀਆਂ ਹਦਾਇਤਾਂ ਸਕੱਤਰੇਤ ਤੋਂ ਹੇਠਲੇ ਪੱਧਰ ਦੇ ਦਫ਼ਤਰਾਂ ਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀਆਂ ।

ਇਸ ਚਿੱਠੀ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 3968- ਸੇਵਾਵਾਂ-2-4 (1) 68/15948

ਵਲੋਂ

ਮੁੱਖ ਸਕੱਤਰ,
ਪੰਜਾਬ ਸਰਕਾਰ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ
ਚੰਡੀਗੜ੍ਹ ਮਿਤੀ, 6 ਜੂਨ, 1968

ਵਿਸ਼ਾ : ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ ਵਿਚ ਪੰਜਾਬੀ ਦਾ ਪ੍ਰਚਾਲਣ ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਕੋਈ ਟਾਈਪਿਸਟ ਕਲਰਕ ਅਤੇ ਸਟੈਨੋਗ੍ਰਾਫਰ ਜਾਂ ਸਟੈਨੋਟਾਈਪਿਸਟ ਕਿਸੇ ਵੀ ਸਰਕਾਰੀ ਵਿਭਾਗ ਵਿਚ ਉਦੋਂ ਤਕ ਭਰਤੀ ਨਾ ਕੀਤਾ ਜਾਵੇ ਜਦੋਂ ਤਕ ਉਹ ਘੱਟ ਘੱਟ ਪੰਜਾਬੀ ਟਾਈਪ 30 ਸ਼ਬਦ ਪ੍ਰਤੀ ਮਿੰਟ ਅਤੇ ਪੰਜਾਬੀ ਸ਼ਾਰਟਹੈਂਡ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਕੰਮ ਕਰਨ ਦੀ ਯੋਗਤਾ ਪ੍ਰਾਪਤ ਨਾ ਕਰ ਲਵੇ । ਹੋਰ ਇਹ ਕਿ ਅੱਗੇ ਤੋਂ ਰਾਜ ਸਰਕਾਰ ਅਧੀਨ ਅਜਿਹੀਆਂ ਆਸਾਮੀਆਂ ਤੇ ਕੇਵਲ ਉਹੀ ਉਮੀਦਵਾਰ ਭਰਤੀ ਕੀਤੇ ਜਾਣ ਜੋ ਪੰਜਾਬੀ ਟਾਈਪ ਅਤੇ ਪੰਜਾਬੀ ਸ਼ਾਰਟਹੈਂਡ ਸਬੰਧੀ ਨਿਪੁੰਨਤਾ ਰਖਦੇ ਹੋਣ ।

2. ਹੋਰ ਇਹ ਲਿਖਿਆ ਜਾਂਦਾ ਹੈ ਕਿ ਜੇਕਰ ਕਦੇ ਛਾਂਟੀ ਕਰਨ ਦੀ ਲੋੜ ਪਵੇ ਤਾਂ ਪਹਿਲਾਂ ਚਲੀ ਆ ਰਹੀ ਪ੍ਰਥਾ ਅਨੁਸਾਰ, ਪੰਜਾਬੀ ਭਾਸ਼ਾ ਨਾ ਜਾਨਣ ਵਾਲੇ ਕਰਮਚਾਰੀ ਨੂੰ ਨੌਕਰੀ ਤੋਂ ਕਢਿਆ ਜਾਵੇ ਨਾ ਕਿ ਉਸ ਜੂਨੀਅਰ ਕਰਮਚਾਰੀ ਨੂੰ ਜੋ ਪੰਜਾਬੀ ਜਾਣਦਾ ਹੋਵੇ ।

ਵਿਸ਼ਵਾਸਪਾਤਰ,

**(ਹ.ਸ.ਔਜਲਾ)**
ਉਪ ਸਕੱਤਰ, ਸੇਵਾਵਾਂ ਤੇ ਰਾਜਨੀਤਕ ਵਿਭਾਗ,
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਨੰ: 3968- ਸੇਵਾਵਾਂ 2-4 (1) 68/15949 ਮਿਤੀ 6 ਜੂਨ, 1968

ਉਤਾਰਾ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ :

1. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਅਤੇ
2. ਸਕੱਤਰ, ਅਧੀਨ ਸੇਵਾਵਾਂ ਬੋਰਡ, ਪੰਜਾਬ ਨੂੰ ਭੇਜਿਆ ਜਾਂਦਾ ਹੈ ।

ਸੈਕਸ਼ਨ ਅਫਸਰ ਸੇਵਾਵਾਂ (2)
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਉਤਾਰਾ ਸਾਰੇ ਵਿੱਤ ਕਮਿਸ਼ਨਰਾਂ ਅਤੇ ਪੰਜਾਬ ਸਰਕਾਰ ਦੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

**(ਰੇਸ਼ਮ ਸਿੰਘ)**
ਸੈਕਸ਼ਨ ਅਫਸਰ ਸੇਵਾਵਾਂ (2)
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

**ਸੇਵਾ ਵਿਚ**

(1) ਸਾਰੇ ਵਿੱਤ ਕਮਿਸ਼ਨਰ,
(2) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗ.ਸ. ਨੰ: 3968 ਸੇਵਾਵਾਂ 2-4 (1) ਮਿਤੀ 6 ਜੂਨ 1968

**ਨੰ: 16 ਐਮ-1 ਭਾਸ਼ਾ-68/18330**

ਵਲੋਂ

ਸਿੱਖਿਆ ਕਮਿਸ਼ਨਰ ਤੇ ਸਕੱਤਰ,
ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 27 ਜੂਨ, 1968

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜਿਹੜੇ ਕੇਸ ਰਾਜਪਾਲ ਜੀ ਨੂੰ ਭੇਜੇ ਜਾਣ, ਉਹ ਪੰਜਾਬੀ ਵਿਚ ਕੀਤੇ ਜਾਣ ਪਰ ਉਨ੍ਹਾਂ ਨਾਲ ਉਨ੍ਹਾਂ ਦੀ ਸਹੂਲਤ ਲਈ ਅੰਗਰੇਜ਼ੀ ਦਾ ਅਨੁਵਾਦ ਲਾ ਦਿੱਤਾ ਜਾਵੇ ।

2. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿੱਖਿਆ,
ਵਾ : ਸਿੱਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 16 ਐਮ-1 ਭਾਸ਼ਾ -68/18331 ਮਿਤੀ 27 ਜੂਨ, 1968

ਇਕ ਕਾਪੀ ਸਕੱਤਰ, ਗਵਰਨਰ ਪੰਜਾਬ ਵਲ ਉਨ੍ਹਾਂ ਦੇ ਪੱਤਰ ਨੰ: 22 (56)-68/2277, ਮਿਤੀ 24 ਅਪ੍ਰੈਲ, 1968 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਕਾਪੀ ਸੂਚਨਾ ਲਈ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ,

1. ਸਮੂਹ ਵਿੱਤ ਕਮਿਸ਼ਨਰ ।
2. ਸਮੂਹ ਸਕੱਤਰ ਪੰਜਾਬ ਸਰਕਾਰ ।

ਪ੍ਰ.ਓ.ਨੰ: 16 ਐਮ- ਭਾਸ਼ਾ-68 ਮਿਤੀ 27 ਜੂਨ, 1968

ਵਿਸ਼ਾ :- ਪੱਤਰ ਵਿਹਾਰ ਦੀ ਭਾਸ਼ਾ ਜਿਸਦੀ ਨਕਲ ਏ.ਜੀ. ਪੰਜਾਬ ਨੂੰ ਜਾਣੀ ਹੋਵੇ ।

ਕੀ ਅਧੀਨ ਸਕੱਤਰ, ਮਾਲ, ਪੰਜਾਬ ਉਪਰੋਕਤ ਵਿਸ਼ੇ ਤੇ ਆਪਣੇ ਯੂ.ਓ.ਨੰ: ਅਸਮ/ਸਟੇਨੋ/68 ਮਿਤੀ 30 ਅਪ੍ਰੈਲ, 1968 ਵਲ ਧਿਆਨ ਦੇਣਗੇ ?

ਭਾਸ਼ਾ ਵਿਭਾਗ ਦੀ ਨੋਟੀਫਿਕੇਸ਼ਨ ਨੰ 302-1 ਐਲ ਜੀ 68/ 6224 ਮਿਤੀ 6 ਮਾਰਚ, 1968 ਮੁਤਾਬਕ ਮੁੱਖ ਲੇਖਾਕਾਰ ਵਲ ਘਲੇ ਜਾਣ ਵਾਲਾ ਸਾਰੇ ਦਾ ਸਾਰਾ ਪੱਤਰ ਸਮੇਤ ਪਿੱਠ ਅੰਕਣ ਦੇ ਅੰਗਰੇਜ਼ੀ ਵਿਚ ਜਾਰੀ ਹੋਣਾ ਚਾਹੀਦਾ ਹੈ ।

ਉਪ ਸਕੱਤਰ, ਸਿਖਿਆ,<br>
ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਅਧੀਨ ਸਕੱਤਰ, ਮਾਲ, ਪੰਜਾਬ

ਯੂ.ਓ. ਨੰ: 2739-1 ਭਾਸ਼ਾ -68 ਮਿਤੀ , ਚੰਡੀਗੜ੍ਹ 1/7/68

ਨੰ: 2739-1 ਭਾਸ਼ਾ -68/ ਮਿਤੀ, ਚੰਡੀਗੜ੍ਹ,

ਇਕ ਕਾਪੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਸਮੂਹ ਵਿਭਾਗਾਂ ਦੇ ਮੁੱਖੀ ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ਨੂੰ ਜਾਣਕਾਰੀ ਹਿਤ ਭੇਜੀ ਜਾਂਦੀ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,<br>
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,<br>
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

1. ਸਮੂਹ ਵਿੱਤ ਕਮਿਸ਼ਨਰ
2. ਸਮੂਹ ਸਕੱਤਰ, ਪੰਜਾਬ ਸਰਕਾਰ

ਗ.ਸ.ਪ. ਨੰ: 4739-1 ਭਾਸ਼ਾ-68/ ਮਿਤੀ ਚੰਡੀਗੜ੍ਹ 1-7-68

ਵਿਸ਼ਾ :- ਬਜਟ ਦਸਤਾਵੇਜ਼ ਦੀ ਤਿਆਰੀ ਅਤੇ ਪੰਜਾਬੀ ਵਿਚ ਛਪਾਈ ।

ਸ੍ਰੀ ਕਮਿਸ਼ਨਰ ਵਿੱਤ ਅਤੇ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਆਪਣੇ ਯੂ.ਓ.ਪ.ਨੰ. 958-3 ਬੀ ਅਤੇ ਸੀ-68, ਮਿਤੀ 1968 ਧਿਆਨ ਦੇਣਗੇ ?

2. ਭਾਸ਼ਾ ਵਿਭਾਗ ਇਸ ਗਲ ਨਾਲ ਸਹਿਮਤ ਹੈ ਕਿ ਭਾਸ਼ਾ ਵਿਭਾਗ ਦੀ ਅਧਿਸੂਚਨਾ ਨੰ: 302-1 ਐਲ ਜੀ.-68/6224 ਮਿਤੀ 6-3-68 ਅਨੁਸਾਰ ਬਜਟ ਅਨੁਮਾਨ 1969-70 ਅਤੇ ਇਸ ਤੋਂ ਇਲਾਵਾ ਬਜਟ ਸੰਬੰਧੀ ਦੂਜੇ ਦਸਤਾਵੇਜ਼ ਪਹਿਲੇ ਦੀ ਤਰ੍ਹਾਂ ਅੰਗਰੇਜ਼ੀ ਵਿਚ ਹੀ ਛਪਣਗੇ ।

3. ਭਾਸ਼ਾ ਵਿਭਾਗ ਵਿੱਤ ਵਿਭਾਗ ਦੇ ਇਸ ਬਿਆਨ ਦੀ ਪ੍ਰੋੜਤਾ ਕਰਦਾ ਹੈ ਕਿ ਬਜਟ ਦੇ ਸੰਬਧ ਵਿਚ ਸਾਰਾ ਮੈਟਰ ਮਹਿਕਮਿਆਂ ਕੋਲੋਂ ਵਿੱਤ ਵਿਭਾਗ ਨੂੰ ਅੰਗਰੇਜ਼ੀ ਵਿਚ ਆਵੇਗਾ ਅਤੇ ਵਿੱਤ ਵਿਭਾਗ ਦੇ ਵਿਚ ਉਸ ਤੇ ਅੰਗਰੇਜ਼ੀ ਵਿਚ ਹੀ ਲਿਖਾ ਪੜ੍ਹੀ ਵਿਚ ਹੋਵੇਗੀ । ਪਰ ਜਿਵੇਂ ਮੁੱਖ ਸਕੱਤਰ ਨਾਲ ਹੋਈ ਮੀਟਿੰਗ ਵਿਚ ਪਹਿਲਾਂ ਹੀ ਫੈਸਲਾ ਹੋ ਚੁਕਿਆ ਹੈ ਮਹਿਕਮੇ ਸਰੂਲ ਦੇ ਮੈਮੋਰੰਡਮ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਵੀ ਭੇਜਣਗੇ ਤਾਂ ਜੋ ਪੰਜਾਬੀ ਵਿਚ ਉਲਥਾ ਨਾ ਕਰਵਾਉਣਾ ਪਵੇ ।

4. ਸਮੂਹ ਬਜਟ ਦਸਤਾਵੇਜ਼ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਤਾਂ ਛਾਪੇ ਹੀ ਜਾਂਦੇ ਹਨ ਪ੍ਰੰਤੂ ਬਜਟ ਦਸਤਾਵੇਜ਼ਾਂ ਦਾ ਹਿੰਦੀ ਵਿਚ ਅਨੁਵਾਦ ਕਰਾਉਣ ਦੇ ਸਵਾਲ ਦੇ ਸਿਲਸਿਲੇ ਵਿਚ ਇਹ ਦਸਿਆ ਜਾਵੇ ਕਿ ਉਸਦੇ ਕੰਮ ਦੇ ਕਿੰਨੇ ਪੰਨੇ ਹੁੰਦੇ ਹਨ ਤਾਂ ਉਨ੍ਹਾਂ ਦਾ ਅੰਦਾਜ਼ਾ ਲਗਾ ਕੇ ਇਸ ਸਵਾਲ ਤੇ ਫੈਸਲਾ ਕੀਤਾ ਜਾ ਸਕੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ ,

ਕਮਿਸ਼ਨਰ ਵਿੱਤ ਤੇ ਸਕੱਤਰ
ਪੰਜਾਬ ਸਰਕਾਰ, ਵਿੱਤ ਵਿਭਾਗ ।

ਯੂ.ਓ. ਨੰ: 2855-1 ਭਾਸ਼ਾ- 68/18914 ਮਿਤੀ, ਚੰਡੀਗੜ੍ਹ 1-7-68

ਇਕ ਨਕਲ ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ਨੂੰ ਗਿਆਤ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਨਕਲ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

1. ਸਮੂਹ ਵਿੱਤ ਕਮਿਸ਼ਨਰ
2. ਸਮੂਹ ਸਕੱਤਰ ਪੰਜਾਬ ਸਰਕਾਰ

ਯੂ.ਓ.ਨੰ: 2855-1 ਭਾਸ਼ਾ 68, ਮਿਤੀ , ਚੰਡੀਗੜ੍ਹ 1-7-68

## DEPARTMENT OF LANGUAGES

## NOTIFICATION

Chandigarh, dated, the 1st July, 1968

No. 2647-ILg-68/18907. In exercise of the powers conferred by Section 4 of the Punjab Official Languages Act, 1967, the Governor of Punjab is pleased to order that all correspondence addressed to the Examiner, Local Funds Accounts, Punjab including sanctioning orders, reports, returns, registers and records required by the Examiner, Local Fund Accounts, Punjab shall be kept, maintained and written in English.

PRITMOHINDER SINGH
Education Commissioner and Secretary
to Government, Punjab Education and
Languages Department.

No. 2647-ILG-68/18908, dated , Chandigarh, the 1st July, 1968

A copy is forwarded to the Examiner, Local Fund Accounts, Punjab, Chandigarh, for information and necessary action .

DEPUTY SECRETARY EDUCATION
for Education Commissioner and Secretary
to Government, Punjab Education and
Languages Department.

No. 2647-ILg-68/19609, dated, Chandigarh the 1st July, 1968

A copy is forwarded for information and necessary action to all Heads of Departments , Commissioners of Divisions, Deputy Commissioners, District and Session Judges, Sub Divisional Officers (civil) in the state and registrar, Punjab and Haryana High Court.

Kindly acknowledge receipt.

DEPUTY SECRETARY EDUCATION
for Education Commissioner and Secretary
to Government, Punjab, Education and
Languages Department.

A copy is forwarded for information and necessary action to the Secretary to Govt. Punjab, Finance Department with reference to the correspondence resting with his letter No. 48400 TA (3T)-68/9179, dated 24-4-68

DEPUTY SECRETARY EDUCATION
for Education Commissioner and Secretary
to Government, Punjab, Education and
Languages Department.

To

The Secretary to Government, Punjab, Finance Deptt.

U.O.No.2647-ILG 68, dated Chandigarh the Ist July, 1968

A copy is forwarded for information and necessary action to :-

(i) All Financial Commissioners, Punjab.

(ii) All Administrative Secretaries to Government, Punjab

2. Kindly acknowledge receipt.

DEPUTY SECRETARY EDUCATION
for Education Commissioner and Secretary
to Government, Punjab, Education and
Languages Department.

To

(i) All Financial Commissioners, Punjab.

(ii) All Administrative Secretaries to Government, Punjab.

U.O. No. 2647-ILG-68 dated, Chandigarh the 1/7/68

No. 2647-ILG-68/18910, dated, Chandigarh the 1-7-1968

A copy is forwarded to the Controller of Printing an stationery, Chandigarh for publication part I, of the next issue of the Punjab Govt. Gazette.

2. Two hundred extra printed copies of the notification may also please be supplied to the undersigned.

DEPUTY SECRETARY EDUCATION
for Education Commissioner and Secretary
to Government, Punjab Education and

ਨੰ: 3898-1 ਭਾਸ਼ਾ-68/22508

ਵਲੋਂ

ਸਿੱਖਿਆ ਕਮਿਸ਼ਨਰ ਤੇ ਸਕੱਤਰ,
ਪੰਜਾਬ ਸਰਕਾਰ, ਸਿੱਖਿਆ ਵਿਭਾਗ।

ਸੇਵਾ ਵਿਚ

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ।

ਮਿਤੀ, 7 ਜੁਲਾਈ, 1968

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬ ਦਾ ਪ੍ਰਚਾਲਣ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੈਨੂੰ ਆਪ ਦਾ ਧਿਆਨ ਸਰਕਾਰ ਦੀ ਗਸ਼ਤੀ ਚਿੱਠੀ ਨੰ : 16 ਐਮ-1 ਭਾਸ਼ਾ-68/18330 ਮਿਤੀ 27-6-68 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ। ਇਸ ਸਿਲਸਿਲੇ ਵਿਚ ਪੰਜਾਬ ਸਰਕਾਰ ਨੇ ਨਿਮਨ ਲਿਖਤ ਹੋਰ ਫ਼ੈਸਲੇ ਕੀਤੇ ਹਨ :-

1. ਗਵਰਨਰ ਸਾਹਿਬ ਦੇ ਸਕੱਤਰੇਤ ਵਲੋਂ ਭਾਰਤ ਸਰਕਾਰ ਨਾਲ ਅਤੇ ਰਾਜ ਸਰਕਾਰ ਨਾਲ ਸਕੱਤਰੇਤ ਤੇ ਜ਼ਿਲਾ ਪੱਧਰ ਤੇ ਪੱਤਰ ਵਿਹਾਰ ਅੰਗਰੇਜ਼ੀ ਵਿਚ ਹੀ ਜਾਰੀ ਰਖਿਆ ਜਾਵੇ।

2. ਨਿੱਤ ਪ੍ਰਤੀ ਦੇ ਪੱਤਰ ਜਿਵੇਂ ਮੰਤਰੀ ਮੰਡਲ ਸਾਹਮਣੇ ਪੇਸ਼ ਕਰਨ ਲਈ ਮੈਮੋਰੈਂਡਮ ਅਤੇ ਮੰਤਰੀ ਮੰਡਲ ਦੀਆ ਇਕੱਤਰਤਾਵਾਂ ਦੀ ਕਾਰਵਾਈ ਦੇ ਨੋਟ ਮਹੱਤਵਪੂਰਨ ਫ਼ੈਸਲਿਆਂ ਦੇ ਵਿਵਰਣ ਪ੍ਰਗਤੀ ਰਿਪੋਟਾਂ, ਰਾਜ ਦੀ ਆਮਦਨ ਦਾ ਵਿਵਰਣ, ਡੀ.ਆਈ.ਜੀ., ਸੀ.ਆਈ.ਡੀ. ਵਲੋਂ ਭੇਜੀਆਂ ਸਪਤਾਹਿਕ ਪੁਲਸ ਰਿਪੋਰਟਾਂ ਦਾ ਸਾਰ ਆਦਿ, ਗਵਰਨਰ ਸਾਹਿਬ ਦੀ ਜਾਣਕਾਰੀ ਲਈ ਅੰਗਰੇਜ਼ੀ ਵਿਚ ਭੇਜੇ ਜਾਣ ਜਾਂ ਪੰਜਾਬੀ ਵਿਚ ਜਿਸ ਨਾਲ ਅੰਗਰੇਜ਼ੀ ਦੀ ਇਕ ਨਕਲ ਨੱਥੀ ਹੋਵੇ।

3. ਜਦੋਂ ਕੋਈ ਫ਼ਾਈਲ ਗਵਰਨਰ ਸਾਹਿਬ ਨੂੰ ਵਾਚਣ ਹਿਤ ਭੇਜਣੀ ਹੋਵੇ ਤਾਂ ਸਬੰਧਤ ਸਕੱਤਰ ਉਸ ਕੇਸ ਦੀ ਨੋਟਿੰਗ ਦਾ ਅੰਗਰੇਜ਼ੀ ਅਨੁਵਾਦ ਕਰਕੇ ਭੇਜਣਗੇ । ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 3898-1 ਭਾਸ਼ਾ-68/22509 ਮਿਤੀ ਚੰਡੀਗੜ੍ਹ 7 ਅਗਸਤ, 1968

ਇਕ ਕਾਪੀ ਸਕੱਤਰ, ਗਵਰਨਰ, ਪੰਜਾਬ ਵੱਲ ਉਨ੍ਹਾਂ ਦੇ ਮੁੱਖ ਸਕੱਤਰ ਸਾਹਿਬ ਨੂੰ ਲਿਖੇ ਅ.ਸ. ਪੱਤਰ ਨੰ: 4887-1 ਜੀ-68, ਮਿਤੀ 5 ਜੁਲਾਈ, 68 ਦੇ ਹਵਾਲੇ ਵਿਚ ਸੂਚਨਾ ਹਿਤ ਭੇਜੀ ਜਾਂਦੀ ਹੈ ।

ਆਪ ਦੇ 24 ਅਪ੍ਰੈਲ ਦੇ ਪੱਤਰ ਵਿਚ ਦਰਜ ਚੌਥੇ ਨੁਕਤੇ ਬਾਰੇ ਲਿਖਿਆ ਜਾਂਦਾ ਹੈ ਕਿ ਇਹ ਨੁਕਤਾ ਪਹਿਲਾਂ ਹੀ ਪੰਜਾਬ ਭਾਸ਼ਾ ਐਕਟ, 1967 ਵਿਚ ਸਪਸ਼ਟ ਹੈ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਕਾਪੀ ਸੂਚਨਾ ਲਈ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

1. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

1. ਸਮੂਹ ਵਿੱਤ ਕਮਿਸ਼ਨਰ, ਪੰਜਾਬ
2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ।

ਗੈਰਸਰਕਾਰੀ ਹਵਾਲਾ ਨੰ: 3898-1 ਭਾਸ਼ਾ-68, ਮਿਤੀ ਚੰਡੀਗੜ੍ਹ 7 ਅਗਸਤ 1968

**ਨੰ: 3107-1 ਭਾਸ਼ਾ-68/21805**

ਵਲੋਂ

ਸਿੱਖਿਆ ਕਮਿਸ਼ਨਰ ਤੇ ਸਕੱਤਰ,
ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 3 ਜੂਨ, 1968

ਵਿਸ਼ਾ : **ਪ੍ਰਸ਼ਾਸਨ ਵਿਚ ਪੰਜਾਬੀ ਦੀ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 4629 -1 ਐਲ-ਜੀ - 67/ 38442 ਮਿਤੀ 30-12-67 ਅਤੇ ਨੰ: 361-1 ਐਲਜੀ-68/4661 ਮਿਤੀ 9-2-68 ਵੱਲ ਧਿਆਨ ਦਿਵਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਪੰਜਾਬ ਸਰਕਾਰ ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਅਨੁਸਾਰ ਪੰਜਾਬੀ ਪ੍ਰਸ਼ਾਸਨ ਵਿਚ ਹਰ ਪੱਧਰ ਤੇ13-4-1968 ਤੋਂ ਲਾਗੂ ਹੋ ਚੁੱਕੀ ਹੈ । ਇਸ ਸਥਿਤੀ ਨੂੰ ਮੁੱਖ ਰਖਦਿਆਂ ਸਰਕਾਰ ਨੇ ਪੰਜਾਬ ਸਰਕਾਰ ਦੀਆਂ ਗਸ਼ਤੀ ਚਿੱਠੀਆਂ ਨੰ: 2569-1 ਐਲ .ਜੀ-61/19915 ਮਿਤੀ 22-7-61 ਅਤੇ ਨੰ; 3362-1 ਐਲ.ਜੀ.-63/11750 ਮਿਤੀ 29-6-63 ਨੂੰ ਬੜੀ ਗਹੁ ਨਾਲ ਮੁੜ ਵਿਚਾਰ ਕੀਤਾ ਹੈ ਤੇ ਇਹ ਫੈਸਲਾ ਕੀਤਾ ਹੈ ਕਿ ਇਨ੍ਹਾਂ ਉਪਰੋਕਤ ਦਸੀਆ ਗਸ਼ਤੀ ਚਿੱਠੀਆਂ ਨੂੰ ਅਧਿਲੰਘਨ ਕੀਤਾ ਸਮਝਿਆ ਜਾਵੇ । ਇਸ, ਵਿਸ਼ੇ ਤੇ ਪੰਜਾਬ ਸਰਕਾਰ ਨੇ ਆਪਣੀ ਹੁਣੇ ਹੁਣੇ ਜਾਰੀ ਕੀਤੀ ਹੋਈ ਗਸ਼ਤੀ ਚਿੱਠੀ ਨੰ: 1149-1 ਭਾਸ਼ਾ-68/15177 ਮਿਤੀ 3-6-68 ਨੂੰ ਰੱਦ ਕਰਕੇ ਨਿਮਨ ਲਿਖਤ ਸੰਕਲਿਤ ਫ਼ੈਸਲੇ ਕੀਤੇ ਹਨ:-

(ੳ) **ਪੰਜਾਬ ਰਾਜ ਵਿਚ ਸਰਕਾਰੀ ਨੌਕਰੀਆਂ ਤੇ ਭਰਤੀ ਹੋਣ ਲਈ ਯੋਗਤਾਵਾਂ ।**

(1) ਪੰਜਾਬ ਰਾਜ ਵਿਚ ਸਾਰੀਆਂ ਨੌਕਰੀਆਂ ਦੀ ਭਰਤੀ ਲਈ ਹਰ ਉਮੀਦਵਾਰ ਨੂੰ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਸਟੈਂਡਰਡ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਣੀ ਲਾਜ਼ਮੀ ਹੋਵੇਗੀ ।

2. ਜੇ ਕਿਸੇ ਉਮੀਦਵਾਰ ਪਾਸ ਅਜਿਹਾ ਕੋਈ ਸਰਟੀਫਿਕੇਟ (ਜਿਵੇਂ ਮੈਟਰੀਕੁਲੇਸ਼ਨ ਜਾਂ ਇਸ ਦੇ ਤੁਲ ਜਾਂ ਇਸ ਤੋਂ ਉਪਰ ਦਾ) ਨਾ ਹੋਵੇ ਜਿਸ ਤੋਂ ਇਹ ਸਿਧ ਹੋਵੇ ਕਿ ਉਸਨੇ ਪੰਜਾਬੀ ਪੜ੍ਹੀ ਅਤੇ ਇਸ ਵਿਚ ਇਮਤਿਹਾਨ ਪਾਸ ਕੀਤਾ ਤਾਂ ਇਸ ਗਲ ਦੀ ਤਸੱਲੀ ਕਰਨ ਲਈ ਕਿ ਕੀ ਉਮੀਦਵਾਰ ਨੂੰ ਮੈਟ੍ਰਿਕ ਪੱਧਰ ਤਕ ਜਾਂ ਇਸ ਦੇ ਤੁਲ ਦੀ ਪੰਜਾਬੀ ਦਾ ਗਿਆਨ ਹੈ, ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਕੋਈ ਹੋਰ ਸੰਸਥਾ ਉਮੀਦਵਾਰ ਦੀ ਯੋਗਤਾ ਦਾ ਅੰਦਾਜ਼ਾ ਲਾਉਣ ਲਈ ਆਪਣੇ ਵਲੋਂ ਇਕ ਯੋਗਤਾ ਟੈਸਟ ਲਵੇਗੀ ।

(ਨੋਟ) ਇਹ ਉਪਬੰਧ, ਇਸ ਮੌਜੂਦਾ ਸਥਿਤੀ, ਜਿਸ ਵਿਚ ਕਈ ਵਿਅਕਤੀਆਂ ਨੇ ਆਪਣੇ ਮੈਟ੍ਰਿਕ ਜਾਂ ਇਸ ਦੇ ਤੁਲ ਕਿਸੇ ਹੋਰ ਇਮਤਿਹਾਨ ਵਿਚ ਪੰਜਾਬੀ ਨਹੀਂ ਲਈ, ਨੂੰ ਮੁੱਖ ਰੱਖਦੇ ਹੋਏ ਕੀਤਾ ਗਿਆ ਹੈ ।

(ਅ) **ਸਕੱਤਰੇਤ ਪੱਧਰ ਦੀਆਂ ਨੌਕਰੀਆਂ ਵਾਸਤੇ ਹਿੰਦੀ ਭਾਸ਼ਾ ਵਿਚ ਵਿਦਿਅਕ ਯੋਗਤਾਵਾਂ ।**

(1) **ਨਵੇਂ ਭਰਤੀ ਹੋਣ ਵਾਲੇ ਉਮੀਦਵਾਰਾਂ ਵਾਸਤੇ**

ਉਪਰੋਕਤ (ੳ) ਵਿਚ ਦਸੀਆਂ ਆਸਾਮੀਆਂ ਵਾਸਤੇ ਜਿਥੇ ਇਹ ਸਕੱਤਰੇਤ ਪੱਧਰ ਦੀਆਂ ਹੋਣ, ਉਮੀਦਵਾਰਾਂ ਲਈ ਭਾਸ਼ਾ ਵਿਭਾਗ ਰਾਹੀਂ ਕੀਤੀ ਯੋਗਤਾ ਪ੍ਰੀਖਿਆ ਹਿੰਦੀ ਵਿਚ, ਭਰਤੀ ਹੋਣ ਉਪਰੰਤ, ਪਾਸ ਕਰਨੀ ਜ਼ਰੂਰੀ ਹੋਵੇਗੀ ।

(2) **ਨੌਕਰੀ ਵਿਚ ਪਹਿਲਾਂ ਹੀ ਲਗੇ ਹੋਏ ਕਰਮਚਾਰੀ ਲਈ**

ਉਪਰੋਕਤ (ਅ) (1) ਦੇ ਅਨੁਸਾਰ ਉਹਨਾਂ ਕਰਮਚਾਰੀਆਂ ਵਾਸਤੇ ਜਿਹੜੇ ਇਸ ਚਿੱਠੀ ਦੇ ਜਾਰੀ ਹੋਣ ਤੋਂ ਪਹਿਲਾਂ ਸਰਕਾਰੀ ਨੌਕਰੀ ਵਿਚ ਆ ਚੁੱਕੇ ਹਨ, ਇਹ ਉਪਰ ਦੱਸੀ ਹਿੰਦੀ ਦੀ ਯੋਗਤਾ ਪ੍ਰੀਖਿਆ ਵੀ ਪਾਸ ਕਰਨੀ ਜ਼ਰੂਰੀ ਹੋਵੇਗੀ।

(ੲ) ਉਪਰੋਕਤ (ਅ) (1) (2) ਵਿਚ ਦੱਸੀਆਂ ਹਦਾਇਤਾਂ ਸਕੱਤਰੇਤ ਤੋਂ ਹੇਠਲੇ ਪੱਧਰ ਦੇ ਦਫ਼ਤਰਾਂ ਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀਆਂ ।

(ਸ) (1) ਵਰਗ 4 ਦੀਆਂ ਆਸਾਮੀਆਂ ਤੋਂ ਛੁਟ ਹੋਰ ਆਸਾਮੀਆਂ ਦੀ ਸੂਰਤ ਵਿਚ ਉਪਰੋਕਤ ਫ਼ੈਸਲੇ ਇਸ ਸੋਧ ਨਾਲ ਲਾਗੂ ਹੋਣਗੇ ਕਿ ਪੰਜਾਬੀ ਦਾ ਗਿਆਨ ਸਬੰਧਤ ਯੋਗਤਾਵਾਂ ਦੇ ਬਰਾਬਰ ਹੋਵੇਗਾ ਭਾਵ ਜਿਥੇ ਘੱਟ ਤੋਂ ਘੱਟ

ਯੋਗਤਾ ਮਿਡਲ ਜਾਂ ਪ੍ਰਾਇਮਰੀ ਹੋਵੇ ਉਥੇ ਪੰਜਾਬੀ ਦਾ ਗਿਆਨ ਵੀ ਇਸੇ ਪੱਧਰ ਦਾ ਹੋਣਾ ਚਾਹੀਦਾ ਹੈ ।

(2) ਵਰਗ 4 ਦੇ ਕਰਮਚਾਰੀਆਂ ਦੀ ਸੂਰਤ ਵਿਚ ਵੀ ਉਪਰੋਕਤ ਹਦਾਇਤਾਂ ਲਾਗੂ ਹੋਣਗੀਆਂ ਪਰ ਪੰਜਾਬੀ ਭਾਸ਼ਾ ਯੋਗਤਾ ਪ੍ਰਾਇਮਰੀ ਪੱਧਰ ਦੀ ਹੋਵੇਗੀ। ਵਰਗ 4 ਦੇ ਕਰਮਚਾਰੀਆਂ ਸੰਬੰਧੀ ਭਰਤੀ ਅਧਿਕਾਰੀ ਪ੍ਰਾਪਤ ਸਾਧਨਾਂ ਰਾਹੀਂ ਜਿਥੇ ਕੋਈ ਸਬੂਤ ਪ੍ਰਾਪਤ ਨਾ ਹੋਵੇ, ਜੇ ਲੋੜ ਪਵੇ ਤਾਂ ਇਮਤਿਹਾਨ ਰਾਹੀਂ ਆਪਣੀ ਤਸੱਲੀ ਕਰੇਗਾ ਕਿ ਕੀ ਸਬੰਧਤ ਵਿਅਕਤੀ ਦੀ ਪੰਜਾਬੀ ਭਾਸ਼ਾ ਯੋਗਤਾ ਪ੍ਰਾਇਮਰੀ ਪੱਧਰ ਦੀ ਹੈ । ਐਪਰ ਜਿਵੇਂ ਕਿ ਅੱਜ ਕੱਲ ਵੀ ਹੈ, ਵਰਗ 4 ਦੀਆਂ ਅਸਾਮੀਆਂ ਲਈ ਭਰਤੀ ਕੀਤੇ ਸਾਬਕਾ ਫੌਜੀਆਂ ਤੇ ਇਹ ਲਾਗੂ ਨਹੀਂ ਹੋਵੇਗਾ ।

(3) ਕਈ ਵਿਭਾਗਾਂ ਦੁਆਰਾ ਵਰਗ 4 ਦੀਆਂ ਕੁਝ ਸ਼੍ਰੇਣੀਆਂ ਦੀ ਭਰਤੀ ਸਬੰਧੀ ਆਈਆਂ ਵਾਸਤਵਿਕ ਔਕੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੇ ਅੱਗੇ ਇਹ ਫੈਸਲਾ ਕੀਤਾ ਹੈ ਕਿ ਉਪਰੋਕਤ ਉਪ ਪੈਰਾ (2) ਵਿਚਲੀਆਂ ਹਦਾਇਤਾਂ ਵਰਗ 4 ਦੀਆਂ ਹੇਠ ਲਿਖੀਆਂ ਆਸਾਮੀਆਂ ਤੇ ਲਾਗੂ ਨਹੀਂ ਹੋਣਗੀਆਂ । ਚੌਕੀਦਾਰ, ਬਹਿਸ਼ਤੀ, ਜਮਾਂਦਾਰ, ਰੀਂਦ ਦਾ ਗੱਡਾ ਚਲਾਉਣ ਵਾਲਾ, ਮਿਹਤਰ, ਮਾਲੀ, ਪੱਖਾ ਖਿਚਣ ਵਾਲਾ, ਬੇਲਦਾਰ, ਘੋੜਾ ਖਿਡਾਣ ਵਾਲਾ, ਖਲਾਸੀ, ਧੋਬੀ, ਬਾਵਰਚੀ, ਬਹਿਰਾ ਮਜ਼ਦੂਰ, ਦਿਹਾੜੀਦਾਰ, ਸੈਮੀਸਕਿਲਡ, ਸਕਿਲਡ ਕਾਮਾਂ ਅਤੇ ਤਰਖਾਣ, ਰਾਜ, ਲੁਹਾਰ ।

ਇਸ ਚਿੱਠੀ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿਖਿਆ,
ਵਾ : ਸਿਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ।
ਸਿੱਖਿਆ ਤੇ ਭਾਸ਼ਾ ਵਿਭਾਗ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 801-1 ਭਾਸ਼ਾ -69/7199

ਵਲੋਂ

ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 12 ਮਾਰਚ, 1969

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ-ਸਰਵਿਸ ਰੂਲਾਂ ਵਿਚ ਉਪਬੰਧ ਕਰਨ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੀ ਗਸ਼ਤੀ ਚਿੱਠੀ ਨੰ: 3107-1 ਭਾਸ਼ਾ 68/21805 ਮਿਤੀ 29-7-68 ਵੱਲ ਧਿਆਨ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਚਿੱਠੀ ਵਿਚ ਦਰਜ ਹਦਾਇਤਾਂ ਮੁਤਾਬਕ ਆਪਣੇ ਆਪਣੇ ਵਿਭਾਗਾਂ ਦੇ ਅਮਲੇ ਦੇ ਸਰਵਿਸ ਰੂਲਾਂ ਵਿਚ ਉਪਬੰਧ (Provision) ਕਰਵਾਉਣਾ ਲਾਜ਼ਮੀ ਹੈ, ਇਸ ਲਈ ਲੋੜੀਂਦਾ ਉਪਬੰਧ (Provision) ਜਲਦੀ ਤੋਂ ਜਲਦੀ ਕਰਵਾ ਲਿਆ ਜਾਵੇ ।

2. ਇਹ ਹਦਾਇਤਾਂ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ । ਇਨ੍ਹਾਂ ਦੀ ਪਹੁੰਚ ਤੁਰੰਤ ਭੇਜੀ ਜਾਵੇ ਅਤੇ ਮਗਰੋਂ ਇਨ੍ਹਾਂ ਅਨੁਸਾਰ ਕੀਤੀ ਗਈ ਜ਼ਰੂਰੀ ਕਾਰਵਾਈ ਬਾਰੇ ਵੀ ਸਰਕਾਰ (ਭਾਸ਼ਾ ਸ਼ਾਖਾ ਵਿਚ) ਨੂੰ ਸੂਚਿਤ ਕੀਤਾ ਜਾਵੇ ।

ਵਿਸ਼ਵਾਸਪਾਤਰ

ਉਪ ਸਕੱਤਰ, ਸਿੱਖਿਆ,

ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 801-1ਭਾਸ਼ਾ -69/7200, ਮਿਤੀ, ਚੰਡੀਗੜ੍ਹ 12 ਮਾਰਚ, 1969

ਇਕ ਨਕਲ ਜ਼ਰੂਰੀ ਕਾਰਵਾਈ ਲਈ ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਨੂੰ ਪੰਜਾਬ ਸਰਕਾਰ ਦੇ ਪਿੱਠ ਅੰਕਣ ਨੰ: 1149-1 ਭਾਸ਼ਾ 68/21806 ਮਿਤੀ 29-7-68 ਦੇ ਹਵਾਲੇ ਵਿਚ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਨਕਲ ਜ਼ਰੂਰੀ ਕਾਰਵਾਈ ਲਈ 1. ਸਮੂਹ ਵਿੱਤ ਕਮਿਸ਼ਨਰ, ਪੰਜਾਬ ਤੇ 2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਰਸੀਦ ਤੁਰੰਤ ਭੇਜੀ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕੀਤਾ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ,

1. ਸਮੂਹ ਵਿੱਤ ਕਮਿਸ਼ਨਰ, ਪੰਜਾਬ ।
2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ।

ਗ: ਸ:ਨੰ: 801-1ਭਾਸ਼ਾ-69, ਮਿਤੀ, ਚੰਡੀਗੜ੍ਹ, 12 ਮਾਰਚ, 1969

ਨੰ: 613-1 ਭਾਸ਼ਾ -69/7745

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ,

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।
ਮਿਤੀ , ਚੰਡੀਗੜ੍ਹ 18-3-69

ਵਿਸ਼ਾ: ਪੰਜਾਬ ਵਿਧਾਨ ਮੰਡਲ ਦੀ ਭਾਸ਼ਾ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪਣੇ ਮੁੱਖ ਸਕੱਤਰ, ਪੰਜਾਬ ਸਰਕਾਰ, ਵੱਲ ਲਿਖੇ ਡੀ.ਓ. ਨੰ: ਐਫ. ਸੀ.ਬੀ./ਪੀ.ਏ ਜਨਰਲ-1/68-69 , ਮਿਤੀ 22-4-68 ਅਤੇ ਸਿੱਖਿਆ ਸਕੱਤਰ ਵੱਲ ਲਿਖੇ ਡੀ.ਓ. ਨੰ: ਐਫ.ਸੀ.ਬੀ./ਈ.ਸੀ.-2/68-69/10850 ਮਿਤੀ 4-5-68 ਦੇ ਹਵਾਲੇ ਵਿਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਹੇਠ ਜਾਰੀ ਕੀਤੀ ਗਈ ਅਧਿਸੂਚਨਾ ਨੰ: 361-1 ਐਲ.ਜੀ. 68/4661, ਮਿਤੀ 9-2-68 ਦੇ ਮੁਤਾਬਕ 13 ਅਪ੍ਰੈਲ, 1968 ਤੋਂ ਰਾਜ ਪੱਧਰ ਤੇ ਪ੍ਰਸ਼ਾਸਨ (Administration) ਵਿਚ ਪੰਜਾਬੀ ਵਰਤੀ ਜਾ ਰਹੀ ਹੈ । ਇਹ ਅਧਿਸੂਚਨਾ ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਦੇ ਸਕੱਤਰੇਤ ਦੇ ਕੰਮ ਤੇ ਬਾਕੀ ਕੰਮ ਕਾਜ ਚਲਾਉਣ ਤੇ ਵੀ ਲਾਗੂ ਹੁੰਦੀ ਹੈ, ਇਸਲਈ ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਦਾ ਸਾਰਾ ਕੰਮ ਉਪਰੋਕਤ ਦੱਸੀ ਅਧਿਸੂਚਨਾ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਅਧੀਨ ਜਾਰੀ ਕੀਤੀਆਂ ਗਈਆਂ ਅਧਿਸੂਚਨਾਂਵਾਂ, ਹਦਾਇਤਾਂ ਆਦਿ ਅਨੁਸਾਰ ਪੰਜਾਬੀ (ਗੁਰਮੁੱਖੀ ਲਿਪੀ) ਵਿਚ ਕੀਤਾ ਜਾਵੇ । ਉਪਰਲੇ ਹੁਕਮ ਵਿਚ ਸਿਰਫ਼ ਇਕ ਛੋਟ ਹੈ ਉਹ ਹੈ ਧਾਰਾ 6 ਵਿਚ ਪੰਜਾਬ ਭਾਸ਼ਾ ਐਕਟ, 1967 ਦੀ । ਇਹ ਵਿਧਾਨ ਪ੍ਰੀਸ਼ਦ ਤੇ ਵਿਧਾਨ ਸਭਾ ਦੇ ਅੰਦਰ ਹੋ ਰਹੀ ਕਾਰਵਾਈ ਤੇ ਲਾਗੂ ਹੈ । ਇਸ ਲਈ ਸਭਾ ਦੇ ਅੰਦਰ ਜੇ ਕੋਈ ਮੈਂਬਰ ਪ੍ਰਸ਼ਨ ਪੁਛਣਾ

ਹੋਵੇ ਜਾਂ ਭਾਸ਼ਨ ਕਰਨਾ ਚਾਹੁੰਦਾ ਹੋਵੇ ਜਾਂ ਕੋਈ ਹੋਰ ਅਜਿਹੀ ਕਾਰਵਾਈ ਕਰਨਾ ਚਾਹੁੰਦਾ ਹੋਵੇ ਤਾਂ ਉਸ ਨੂੰ ਹਿੰਦੀ ਜਾਂ ਅੰਗਰੇਜ਼ੀ ਵਿਚ ਕਰਨ ਤੋਂ ਰੋਕਿਆ ਨਹੀਂ ਜਾਵੇਗਾ । ਉਹ ਮੈਂਬਰ ਉਦੋਂ ਤਕ ਅੰਗਰੇਜ਼ੀ ਵਿਚ ਅਜਿਹਾ ਕਰ ਸਕੇਗਾ ਜਦੋਂ ਤਕ ਪੰਜਾਬ ਸਰਕਾਰ ਭਾਸ਼ਾ ਐਕਟ ਦੀ ਧਾਰਾ 6 ਅਤੇ ਧਾਰਾ 4 ਅਧੀਨ ਅਧਿਸੂਚਨਾ ਜਾਰੀ ਨਹੀਂ ਕਰਦੀ ।

3. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ,
ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

------

ਨੰ: 613-1 ਭਾਸ਼ਾ -69/7746

ਇਕ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਸਕੱਤਰ, ਪੰਜਾਬ ਵਿਧਾਨ ਪ੍ਰੀਸ਼ਦ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 613-1 ਭਾਸ਼ਾ -69/ ਮਿਤੀ, ਚੰਡੀਗੜ੍ਹ 18-3-69

ਇਕ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ਨੂੰ ਭੇਜੀ ਜਾਂਦੀ ਹੈ ।

2. ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ (1) ਸਮੂਹ ਵਿੱਤ ਕਮਿਸ਼ਨਰ, ਪੰਜਾਬ (2) ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ।

2. ਇਸ ਦੀ ਪਹੁੰਚ ਭੇਜੀ ਜਾਵੇ।

ਉਪ ਸਕੱਤਰ, ਸਿਖਿਆ,

ਵਾ : ਸਕੱਤਰ, ਪੰਜਾਬ ਸਰਕਾਰ ਸਿੱਖਿਆ ਤੇ ਭਾਸ਼ਾ ਵਿਭਾਗ।

ਸੇਵਾ ਵਿਚ,

1. ਸਮੂਹ ਵਿੱਤ ਕਮਿਸ਼ਨਰ, ਪੰਜਾਬ।
2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ।

ਗ: ਸ:ਨੰ: 613-1ਭਾਸ਼ਾ-68/, ਮਿਤੀ, ਚੰਡੀਗੜ੍ਹ, 18-3-1969

ਨੰ: 1701-1 ਭਾਸ਼ਾ-69/8424

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।
ਮਿਤੀ, ਚੰਡੀਗੜ੍ਹ 3-4-69

ਵਿਸ਼ਾ : ਪੰਜਾਬੀ ਟਾਈਪ ਮਸ਼ੀਨਾਂ ਦੀ ਸਪਲਾਈ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਭਾਸ਼ਾ ਵਿਭਾਗ ਨੂੰ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਪ੍ਰਾਂਤ ਦੇ ਸਾਰੇ ਦਫ਼ਤਰਾਂ ਦੀ ਮਸ਼ੀਨਾਂ ਦੀ ਮੰਗ ਨੂੰ ਇਕੱਠੀ ਕਰਕੇ ਪੰਜਾਬੀ ਮਸ਼ੀਨਾਂ ਖ਼ਰੀਦਣ ਦੀ ਜ਼ੁੰਮੇਵਾਰੀ ਦਿੱਤੀ ਗਈ ਸੀ । ਭਾਸ਼ਾ ਵਿਭਾਗ ਨੇ ਇਸ ਜ਼ੁੰਮੇਵਾਰੀ ਨੂੰ ਨਿਭਾਉਂਦੇ ਹੋਏ ਕੋਈ ਦੋ ਹਜ਼ਾਰ ਤੋਂ ਵਧੀਕ ਪੰਜਾਬੀ ਟਾਈਪ ਮਸ਼ੀਨਾਂ ਖ਼ਰੀਦੀਆਂ ਅਤੇ ਪ੍ਰਾਂਤ ਦੇ ਭਿੰਨ ਭਿੰਨ ਦਫ਼ਤਰਾਂ ਨੂੰ ਸਪਲਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ। ਇਨ੍ਹਾਂ ਹਦਾਇਤਾਂ ਅਨੁਸਾਰ ਬਹੁਤ ਸਾਰੇ ਦਫ਼ਤਰ ਆਪਣੀਆਂ ਆਪਣੀਆ ਅੰਗਰੇਜ਼ੀ ਦੀਆਂ ਮਸ਼ੀਨਾਂ ਡਿਪਟੀ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਕੋਲ ਜਮਾਂ ਕਰਵਾ ਕੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਕੋਲੋਂ ਆਪਣੀ ਜ਼ਰੂਰਤ ਮੁਤਾਬਕ ਪੰਜਾਬੀ ਟਾਈਪ ਦੀਆਂ ਮਸ਼ੀਨਾਂ ਚੁਕ ਲੈ ਗਏ ਹਨ। ਪਰ ਇਸ ਦੇ ਬਾਵਜੂਦ ਵੀ ਕਾਫ਼ੀ ਮਸ਼ੀਨਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਾਸ ਪਈਆਂ ਰਹਿ ਗਈਆਂ ਹਨ । ਇਸ ਲਈ ਸਮੂਹ ਵਿਭਾਗਾਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪੰਜਾਬੀ ਦੀਆਂ ਮਸ਼ੀਨਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਅਤੇ ਅੰਗਰੇਜ਼ੀ ਦੀਆਂ ਮਸ਼ੀਨਾਂ ਆਪਣੇਦਫ਼ਤਰ ਵਿਚ ਰੱਖਣ ਦੇ ਸੰਬੰਧ ਵਿਚ ਹੇਠ ਦਸੇ ਪਰੀਮੀਜ਼ਰ ਅਨੁਸਾਰ ਕਾਰਵਾਈ ਕਰ ਲੈਣ :-

(ਕ) ਹੇਠ ਲਿਖੇ ਵਿਸ਼ਿਆ ਲਈ ਅੰਗਰੇਜ਼ੀ ਦੀ ਵਰਤੋਂ ਕਰਨ ਦੀ ਆਗਿਆ ਹੈ । ਇਸ ਲਈ ਦਫਤਰ ਅੰਗਰੇਜ਼ੀ ਦੀਆਂ ਮਸ਼ੀਨਾਂ, ਇਨ੍ਹਾਂ ਵਿਸ਼ਿਆ ਦੇ ਸੰਬਧ ਵਿਚ ਕੀਤੇ ਜਾਣ ਵਾਲੇ ਕੰਮ ਦੇ ਭਾਰ ਦਾ ਅੰਦਾਜ਼ਾ ਲਾ ਕੇ, ਆਪਣੇ ਆਪ ਹੀ ਆਪਣੇ ਦਫਤਰ ਵਿਚ ਇਸਤੇਮਾਲ ਲਈ ਰੱਖ ਸਕਦੇ ਹਨ ।

(1) ਏ ਜੀ ਪੰਜਾਬ ਜਾਂ ਔਡੀਟਰ ਜਨਰਲ ਆਫ ਇੰਡੀਆਂ ਨਾਲ ਅਕਾਊਂਟਸ ਦੇ ਮੁਆਮਲਿਆਂ ਸਬੰਧੀ ਸਾਰੀ ਲਿਖਾ ਪੜ੍ਹੀ ਅੰਗਰਜ਼ੀ ਵਿਚ ਕੀਤੀ ਜਾਵੇਗੀ ।

(2) ਐਗਜ਼ਾਮੀਨਰ, ਲੋਕਲ ਫੰਡ ਅਕਾਊਂਟਸ ਦੇ ਨਾਲ ਅਕਾਊਂਟਸ ਮੁਆਮਲਿਆ ਸੰਬੰਧੀ ਸਾਰੀ ਲਿਖਾ ਪੜ੍ਹੀ ਵੀ ਅੰਗਰੇਜ਼ੀ ਵਿਚ ਕੀਤੀ ਜਾਵੇਗੀ ।

(3) ਪ੍ਰਾਂਤ ਤੋਂ ਬਾਹਰਲੀਆਂ ਸੰਸਥਾਵਾਂ/ਕੰਪਨੀਆਂ/ਫਾਰਮਾਂ ਆਦਿ ਨਾਲ ਵੀ ਲਿਖਾ ਪੜ੍ਹੀ ਪਹਿਲਾਂ ਦੀ ਤਰ੍ਹਾਂ ਅੰਗਰੇਜ਼ੀ ਵਿਚ ਜਾਰੀ ਰਹੇਗੀ ।

(4) ਜਦੋਂ ਕੋਈ ਫਾਈਲ ਗਵਰਨਰ ਸਾਹਿਬ ਨੂੰ ਵਾਚਣ ਹਿਤ ਭੇਜਣੀ ਹੋਵੇ ਤਾਂ ਸਬੰਧਤ ਸਕੱਤਰ ਉਸ ਕੇਸ ਦੀ ਨੋਟਿੰਗ ਦਾ ਅੰਗਰੇਜ਼ੀ ਅਨੁਵਾਦ ਕਰਕੇ ਕੇਸ ਤੇ ਲਾਕੇ ਗਵਰਨਰ ਸਾਹਿਬ ਵੱਲ ਭੇਜਣਗੇ।

(ਖ) ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਉਪਰੋਕਤ (ਕ) ਅਨੁਸਾਰ ਲੋੜ ਮੁਤਾਬਕ ਰੱਖਣ ਤੋਂ ਬਾਅਦ ਜਿੰਨੀਆਂ ਪੰਜਾਬੀ ਦੀਆਂ ਟਾਈਪ ਮਸ਼ੀਨਾਂ ਲੈਣ ਦੀ ਲੋੜ ਹੋਵੇ ਉਨੀਆਂ ਹੀ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਪਹਿਲਾਂ ਡਿਪਟੀ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਕੋਲ ਜਮਾਂ ਕਰਵਾ ਦਿੱਤੀਆਂ ਜਾਣ ਫਿਰ ਡਿਪਟੀ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਲੋਂ ਜਾਰੀ ਕੀਤੇ ਸਰਟੀਫਿਕੇਟ ਜਿਸ ਵਿਚ ਮਸ਼ੀਨਾਂ ਜਮਾਂ ਕਰਵਾਉਣ ਸਬੰਧੀ ਗਿਣਤੀ, ਸਾਈਜ਼ ਆਦਿ ਦਾ ਵੇਰਵਾ ਦਰਜ ਹੋਵੇਗਾ, ਦੇ ਆਧਾਰ ਤੇ ਮਹਿਕਮੇ ਇਵਜ਼ ਵਿਚ ਪੰਜਾਬੀ ਦੀਆਂ ਟਾਈਪ ਮਸ਼ੀਨਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਕੋਲੋਂ ਪ੍ਰਾਪਤ ਕਰ ਲੈਣ ।

(ਗ) ਜਿਨ੍ਹਾਂ ਦਫਤਰਾਂ ਨੇ ਅੰਗਰੇਜ਼ੀ ਦੀਆਂ ਮਸ਼ੀਨਾਂ ਦੇ ਸਰੰਡਰ ਤੋਂ ਇਲਾਵਾ ਪੰਜਾਬੀ ਦੇ ਪ੍ਰਚਲਣ ਹੋਣ ਨਾਲ ਵਧੇ ਹੋਏ ਕੰਮ ਨੂੰ ਨਜਿਠਣ ਲਈ ਪੰਜਾਬੀ ਦੀਆਂ ਮਸ਼ੀਨਾਂ ਲੈਣ ਬਾਰੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪਾਸੋਂ ਪੰਜਾਬੀ ਦੀਆਂ ਵੱਧ

ਮਸ਼ੀਨਾਂ ਦਾ ਵੱਧ ਸਕੇਲ ਮਨਜ਼ੂਰ ਕਰਵਾਇਆ ਹੋਵੇ, ਉਹ ਦਫ਼ਤਰ ਵੀ ਇਸ ਮਨਜ਼ੂਰੀ ਦੀ ਕਾਪੀ ਨੂੰ ਵਿਖਾ ਕੇ ਡਾਇਰੈਕਟਰ, ਭਾਸ਼ਾ ਵਿਭਾਗ ਪਾਸੋਂ ਉਨੀਆਂ ਪੰਜਾਬੀ ਟਾਈਪ ਦੀਆਂ ਮਸ਼ੀਨਾਂ ਪ੍ਰਾਪਤ ਕਰ ਸਕਦਾ ਹੈ ।

(ਘ) ਅਜਿਹੇ ਦਫ਼ਤਰਾਂ ਨੂੰ ਜਿਨ੍ਹਾਂ ਪਾਸ ਕੇਵਲ ਇਕ ਮਸ਼ੀਨ ਹੈ ਅਤੇ ਜਿਨ੍ਹਾਂ ਨੂੰ ਲੇਖੇ ਸਬੰਧੀ ਪੱਤਰ ਵਿਹਾਰ ਜਾਂ ਬਾਹਰਲੀਆਂ ਸੰਸਥਾਵਾਂ ਫ਼ਰਮਾਂ ਆਦਿ ਨਾਲ ਪੱਤਰ ਵਿਹਾਰ ਅੰਗਰੇਜ਼ੀ ਵਿਚ ਕਰਨਾ ਹੁੰਦਾ ਹੈ, ਪੰਜਾਬੀ ਟਾਈਪ ਮਸ਼ੀਨ ਅੰਗਰੇਜ਼ੀ ਦੀ ਟਾਈਪ ਮਸ਼ੀਨ ਜਮਾਂ ਕਰਾਉਣ ਤੋਂ ਬਿਨਾਂ ਹੀ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ , ਪਟਿਆਲਾ ਤੋਂ ਪ੍ਰਾਪਤ ਹੋ ਸਕਦੀ ਹੈ । ਅਜਿਹੇ ਦਫ਼ਤਰ ਇਸ ਸਬੰਧ ਵਿਚ ਹੇਠ ਲਿਖੇ ਅਨੁਸਾਰ ਇਕ ਸਰਟੀਫ਼ਿਕੇਟ ਦੇਣ :-

"ਤਸਦੀਕ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਵਿਚ ਕੇਵਲ ਇਕ ਅੰਗਰੇਜ਼ੀ ਦੀ ਮਸ਼ੀਨ ਹੈ, ਅਤੇ ਇਸ ਦਫ਼ਤਰ ਵਲੋਂ ਮੁੱਖ ਲੇਖਾਕਾਰ ਪੰਜਾਬ, ਹਰਿਆਣਾ ਤੇ ਹਿਮਾਚਲ ਨਾਲ ਪੱਤਰ ਵਿਹਾਰ ਕਰਨ ਲਈ ਇਸ ਦਫ਼ਤਰ ਵਿਚ ਅੰਗਰੇਜ਼ੀ ਮਸ਼ੀਨ ਛੱਡਕੇ ਬਾਕੀ ਅੰਗਰੇਜ਼ੀ ਦੀਆਂ ਮਸ਼ੀਨਾਂ ਜਮ੍ਹਾਂ ਕਰਵਾ ਦਿੱਤੀਆਂ ਹਨ ।"

(ਙ) ਜਿਨ੍ਹਾਂ ਦਫ਼ਤਰਾਂ ਨੇ (ਕ) ਵਿਚ ਦਸੇ ਵਿਸ਼ਿਆਂ ਲਈ ਪਹਿਲਾਂ ਅੰਗਰੇਜ਼ੀ ਦੀਆਂ ਮਸ਼ੀਨਾਂ ਨਹੀਂ ਰੱਖੀਆਂ ਜਾਂ ਆਪਣੀ ਲੋੜ ਤੋਂ ਘੱਟ ਰਖੀਆਂ ਸਨ ਅਤੇ ਸਾਰੀਆਂ ਡਿਪਟੀ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਕੋਲ ਜਮਾਂ ਕਰਵਾ ਦਿੱਤੀਆਂ ਸਨ, ਉਨ੍ਹਾਂ ਦਫ਼ਤਰਾਂ ਨੂੰ ਜੇ ਹੁਣ ਅੰਗਰੇਜ਼ੀ ਦੀ ਮਸ਼ੀਨ ਵਾਪਸ ਲੈਣ ਲੋੜ ਹੋਵੇ ਤਾਂ ਉਹ ਦਫ਼ਤਰ, ਸਕੱਤਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਨੂੰ ਇਸ ਬਾਰੇ ਲਿਖਣ । ਸਕੱਤਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਡਿਪਟੀ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ ਕੋਲ ਜਮਾ ਕਰਵਾਈਆਂ ਹੋਈਆਂ ਅੰਗਰੇਜ਼ੀ ਦੀਆਂ ਮਸ਼ੀਨਾਂ ਨੂੰ ਸੰਬੰਧਤ ਦਫ਼ਤਰ ਨੂੰ ਮੁੜ ਵਾਪਸ ਕਰਨ ਲਈ ਡਿਪਟੀ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਨੂੰ ਹਦਾਇਤਾਂ ਜਾਰੀ ਕਰੇਗਾ । ਅੰਗਰੇਜ਼ੀ ਦੀਆਂ ਮਸ਼ੀਨਾਂ ਉਸ ਸੂਰਤ ਵਿਚ ਵਾਪਸ ਕੀਤੀਆਂ ਜਾਣ ਜੇਕਰ ਦਫ਼ਤਰ ਉਨੀਆਂ ਹੀ ਪੰਜਾਬੀ ਦੀਆਂ ਮਸ਼ੀਨਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਕੋਲ ਜਮ੍ਹਾਂ ਕਰਵਾ ਦੇਵੇ ।

ਇਸ ਸਿਲਸਿਲੇ ਵਿਚ ਹੁਣ ਇਹੀ ਚੰਗੀ ਤਰ੍ਹਾਂ ਯਾਦ ਰਖਿਆ ਜਾਵੇ ਕਿ ਪੰਜਾਬੀ ਦੀਆਂ ਮਸ਼ੀਨਾਂ ਪ੍ਰਾਪਤ ਕਰਨ ਬਾਰੇ ਅਤੇ ਅੰਗਰੇਜ਼ੀ ਦੀਆਂ ਮਸ਼ੀਨਾਂ ਰੱਖਣ ਜਾਂ ਜਮਾਂ ਕਰਵਾਉਣ ਜਾਂ ਵਾਪਸ ਲੈਣ ਬਾਰੇ ਸਾਰੀ ਲਿਖਾ ਪੜ੍ਹੀ

ਉਪਰੋਕਤ ਦਸੇ ਪਰੋਸੀਜਰ ਅਨੁਸਾਰ ਕੇਵਲ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਕੱਤਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਅਤੇ ਡਿਪਟੀ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਨਾਲ ਹੀ ਕੀਤੀ ਜਾਵੇ ।

ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 1701-1 ਭਾਸ਼ਾ -69/ ਮਿਤੀ 3 ਅਪ੍ਰੈਲ, 1969

ਇਕ ਕਾਪੀ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

ਇਸ ਚਿੱਠੀ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 1726-1 ਭਾਸ਼ਾ-69/9392

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

ਸੇਵਾ ਵਿਚ

ਸਮੂਹ ਵਿਭਾਗਾ ਦੇ ਮੁੱਖ ਅਧਿਕਾਰੀ, ਡਵੀਜ਼ਨਾ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 18 ਅਪ੍ਰੈਲ, 1969 ।

ਵਿਸ਼ਾ ਪ੍ਰਸ਼ਾਸਨ ਵਿਚ ਪੰਜਾਬੀ ਦੀ ਵਰਤੋਂ ।

ਸ੍ਰੀਮਾਨ ਜੀ,

ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਨੰ: 361-1 ਐਲ.ਜੀ. -68/4661, ਮਿਤੀ 9-2-1968 ਦੇ ਉਪਬੰਧ ਅਨੁਸਾਰ 13 ਅਪ੍ਰੈਲ, 1968, ਤੋਂ ਸਕੱਤਰੇਤ ਪੱਧਰ ਤਕ ਸਾਰਾ ਕੰਮ ਕਾਜ ਪੰਜਾਬੀ ਵਿਚ ਕਰ ਦਿੱਤਾ ਗਿਆ ਸੀ । ਪਰ ਮਾਲੂਮ ਹੁੰਦਾ ਹੈ ਕਿ ਰਾਸ਼ਟਰਪਤੀ ਰਾਜ ਦੇ ਦੌਰਾਨ ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਪੂਰੀ ਤਰ੍ਹਾਂ ਨਹੀਂ ਹੋਈ । ਆਪ ਜੀ ਦੇ ਧਿਆਨ ਵਿਚ ਇਹ ਦੁਬਾਰਾ ਲਿਆਇਆ ਜਾਂਦਾ ਹੈ ਕਿ ਐਸੀ ਚੀਜ਼ ਰਾਜ ਭਾਸ਼ਾ ਐਕਟ, 1967 ਦੀ ਸਿੱਧੀ ਉਲੰਘਣਾ ਹੈ ਤੇ ਜੋ ਵੀ ਸਰਕਾਰੀ ਕੰਮ ਕੀਤਾ ਜਾਂਦਾ ਹੈ ਉਹ ਸਾਰਾ ਪੰਜਾਬੀ ਵਿਚ ਹੋਣਾ ਵੀ ਉਚਿਤ ਤੇ ਠੀਕ ਹੈ ।

2. ਵਿਭਾਗਾਂ ਤੇ ਸਕੱਤਰ ਤੇ ਮੁੱਖ ਅਧਿਕਾਰੀਆਂ ਦੀ ਜ਼ਾਤੀ ਜ਼ਿੰਮੇਵਾਰੀ ਹੈ ਕਿ ਕੰਮ ਪੰਜਾਬੀ ਵਿਚ ਹੀ ਹੋਵੇ ਤੇ ਭਾਸ਼ਾ ਐਕਟ ਦੀ ਜੋ ਉਲੰਘਣਾ ਕਰਦਾ ਹੈ ਉਸਦੇ ਖ਼ਿਲਾਫ਼ ਐਕਸ਼ਨ ਲੈਣ ।

3. ਇਹ ਚਿੱਠੀ ਮੁੱਖ ਮੰਤਰੀ ਜੀ ਦੇ ਹੁਕਮ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ ।

4. ਇਸ ਪੱਤਰ ਦੀ ਪਹੁੰਚ ਭੇਜਣ ਦੀ ਖੇਚਲ ਕੀਤੀ ਜਾਵੇ .

ਵਿਸ਼ਵਾਸਪਾਤਰ,
(ਏ.ਐਨ.ਕੌਸ਼ਲ)
ਮੁੱਖ ਸਕੱਤਰ, ਪੰਜਾਬ ਸਰਕਾਰ ।

ਇਕ ਕਾਪੀ ਸੂਚਨਾ ਲਈ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਹ ਹਦਾਇਤਾਂ ਮੁੱਖ ਮੰਤਰੀ ਜੀ ਦੇ ਆਦੇਸ਼ ਅਨੁਸਾਰ ਜਾਰੀ ਕੀਤੀਆਂ ਜਾ ਰਹੀਆਂ ਹਨ ।

3. ਇਸ ਪੱਤਰ ਦੀ ਪਹੁੰਚ ਭੇਜਣ ਦੀ ਖੇਚਲ ਕੀਤੀ ਜਾਵੇ ।

(ਏ ਐਨ.ਕੌਸ਼ਧ)
ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਚ,

1. ਸਮੂਹ ਵਿੱਤ ਕਮਿਸ਼ਨਰ, ਪੰਜਾਬ ।
2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ।

ਗ: ਸ:ਨੰ: 1726-1ਭਾਸ਼ਾ-69/,ਮਿਤੀ, ਚੰਡੀਗੜ੍ਹ, 18 ਅਪ੍ਰੈਲ 1969

**NO.2094-ILg-69/9676**

From

The Secretary to Government , Punjab,
Education Departments.

To

All Heads of Departments, Commissioners of Divisions and Deputy Commissioners, District and Session Judges, Sub-Divisional Officers (Civil) in the State and Registrar, Punjab High Court, Chandigarh.

Dated, Chandigarh, the 26th April, 1969.

*Subject* :- Introduction of regional Language into Administration grant of cash rewards to Typist, Stenographers Assistants etc.

Sir,

1. No.118-M-ILg-62/14651 dated 7-6-62
2. No.5060-ILg-64/13463 dated 30-4-64
3. 4220-ILg-63/15405 dated 24-8-63
4. 5507-ILg-63/20373 dated 13-11-63
5. No.6272-ILg-62/34712 dated 7-1-63
6. No.2148-ILg-63/7682, dated 7-4-67
7. No.2304-ILg-64/9347, dated 15-4-64

I am directed to invite your attention to Punjab Government letters noted in the margin (Copies enclosed for ready reference) on the subject noted above and to reiterate the according to the instructions contained in the aforesaid letters, English typists (including Clerks who are required to do the job of typists in addition to their other duties as Clerks), Steno typists/Junior scale Stenographers and Senior scale stenographers who pass the Departmental Examination in Punjabi Typewriting and Stenography conducted by the Director, Language Department Punjab, will be granted cash reward as an incentive on the following scale :-

| | |
|---|---|
| Typists (including Clerks who are required to do the job of typists in addition to their other duties as Clerks) | Rs. 100 |
| Stenotypists and Junior scale Stenographers. | Rs. 125 |
| Senior-Scale Stenographers | Rs. 150 |

2. In this connection it has now been further decided that the Assistants who pass the Departmental Examination in Punjab, typewriting conducted by the Director, Language Department, Punjab will also be granted a cash reward to the tune of Rs. 100 as an incentive.

3. All the officers/officials working under you may kindly be informed and funds for the purpose may be arranged in your own budget.

4. The receipt of this communication may kindly be acknowledged.

5. This issues with the concurrence of the Finance Department conveyed in their U.O. No. 2580-FGI-61, dated 10th April 1961 and U.O. No. 198-4FG-69, dated 28th February, 1969

Yours faithfully,

DEPUTY SECRETARY EDUCATION
*for* Secretary to Government, Punjab,
Education Department.

A Copy alongwith copied of the enclosures is forwarded to the Secretary to Government, Punjab. Finance Department,. for information with reference to his U.O. No. No. 193-4FG-69, dated 28th March, 1969.

DEPUTY SECRETARY EDUCATION
*for* Secretary to Government, Punjab,
Education Department.

To

The Secretary to Government , Punjab
Finance Department,

*U.O.No. 2094-IIg-69/dated Chandigarh the 26th April, 1969.*

No. 2094-IIg-69/9677, Chandigarh, the 26th April, 1969

A copy is forwarded the Accountant General, Punjab, Simla, for information.

DEPUTY SECRETARY EDUCATION
*for* Secretary to Government, Punjab,
Education Department.

A Copy alongwith copies of the enclosures is forward to (i) all the Financial Commissioners, Punjab; and (ii) all the Administrative Secretaries to Government, Punjab for necessary action

2. Kindly acknowledge receipt

DEPUTY SECRETARY EDUCATION
*for* Secretary to Government, Punjab,
Education Department.

To

(i) All Financial Commissioners, Punjab.

(ii) All Administrative Secretaries to Government, Punjab.

*U.O.No. 2094-IIg-69/dated Chandigarh the 26th April, 1969.*

***

ਨੰ: 2153-1 ਭਾਸ਼ਾ-69/10621

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ।

ਮਿਤੀ, ਚੰਡੀਗੜ੍ਹ 9 ਮਈ, 1969

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦੀ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੀ ਗਸ਼ਤੀ ਚਿੱਠੀ ਨੰ: 3107-1 ਭਾਸ਼ਾ-68/21805 ਮਿਤੀ 29-7-68 ਵਿਚ ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਰਖੀਆਂ ਯੋਗਤਾਵਾਂ ਦੀ ਉਲੰਘਣਾ ਕਿਸੇ ਸੂਰਤ ਵਿਚ ਵੀ ਨਾ ਕੀਤੀ ਜਾਵੇ ਤੇ ਜਿਵੇਂ ਪੰਜਾਬ ਸਰਕਾਰ ਦੀ ਗਸ਼ਤੀ ਚਿੱਠੀ ਨੰ: 801-1 ਭਾਸ਼ਾ-69/7199 ਮਿਤੀ 12 ਮਾਰਚ, 1969 ਵਿਚ ਹਦਾਇਤ ਕੀਤੀ ਗਈ ਹੈ, ਸਰਵਿਸ ਰੂਲਾਂ ਵਿਚ ਉਪਰੋਕਤ ਯੋਗਤਾਵਾਂ ਸਬੰਧੀ ਹਦਾਇਤਾਂ ਦੇ ਅਨੁਸਾਰ ਲੋੜੀਂਦੇ ਉਪਬੰਧ ਤੁਰੰਤ ਕਰਵਾ ਲਏ ਜਾਣ। ਇਹ ਪਤਾ ਲਗਾ ਹੈ ਕਿ 29 ਜੁਲਾਈ, 1968 ਦੀ ਚਿੱਠੀ ਦੇ ਮਗਰੋਂ ਬਹੁਤ ਮਹਿਕਮਿਆਂ ਦੀ ਰਿਕੂਜ਼ੀਸ਼ਨ ਲੋਕ ਸੇਵਾ ਕਮਿਸ਼ਨ ਨੂੰ ਭੇਜਣ ਵਿਚ ਜਾਂ ਇਸ਼ਤਿਹਾਰ ਕਢਣ ਵਿਚ ਜਾਂ ਆਸਾਮੀਆਂ ਭਰਨ ਵਿਚ ਉਸ ਚਿੱਠੀ ਦਾ ਉਲੰਘਣ ਹੋਇਆ ਹੈ। ਬੇਨਤੀ ਕੀਤੀ ਜਾਂਦੀ ਹੈ ਕਿ ਇਕ ਸਟੇਟਮੈਂਟ, ਜਿਸ ਵਿਚ

(ੳ) ਆਸਾਮੀ ਦਾ ਗਰੇਡ ਤੇ ਪੋਸਟ ਦਾ ਨਾਮ ਤੇ ਗਿਣਤੀ

(ਅ) ਤਰੀਕ ਭਰਨ ਜਾਂ ਰਿਕੂਜ਼ੀਸ਼ਨ ਦੀ

(ੲ) ਐਕਸ਼ਨ, ਜੋ ਉਲੰਘਣਾ ਨੂੰ ਦੂਰ ਕਰਨ ਵਾਸਤੇ ਕੀਤਾ ਹੈ, ਦਸੇ ਹੋਣ, ਭੇਜੀ ਜਾਵੇ।

2. ਇਹ ਸਟੇਟਮੈਂਟ ਮੁੱਖ ਮੰਤਰੀ ਜੀ ਦੇ ਵਿਚਾਰ ਵਾਸਤੇ ਪੇਸ਼ ਕਰਨਾ ਹੈ ਇਸ ਲਈ ਬੇਨਤੀ ਹੈ ਕਿ ਜਲਦੀ ਭੇਜ ਦਿੱਤੀ ਜਾਵੇ। ਪਰੋਫ਼ਾਰਮਾ ਨਾਲ ਨੱਥੀ ਹੈ।

3. ਇਸ ਚਿੱਠੀ ਦੀ ਪਹੁੰਚ ਰਸੀਦ ਮਿਹਰਬਾਨੀ ਕਰਕੇ ਭੇਜ ਦਿੱਤੀ ਜਾਵੇ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਨੰ: 2153-1 ਭਾਸ਼ਾ-69/10622 ਮਿਤੀ 9 ਮਈ, 1969

ਇਕ ਨਕਲ ਜ਼ਰੂਰੀ ਕਾਰਵਾਈ ਲਈ ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਨੂੰ ਪੰਜਾਬ ਸਰਕਾਰ ਦੇ ਪਿਠ ਅੰਕਣ ਨੰ: 1149-1 ਭਾਸ਼ਾ-668/21806 ਮਿਤੀ 29 ਜੁਲਾਈ, 1968 ਦੇ ਹਵਾਲੇ ਵਿਚ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਇਕ ਨਕਲ ਜ਼ਰੂਰੀ ਕਾਰਵਾਈ ਲਈ

1. ਸਮੂਹ ਵਿੱਤ ਕਮਿਸ਼ਨਰਾਂ, ਪੰਜਾਬ
2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।
3. ਇਸ ਚਿੱਠੀ ਦੀ ਪਹੁੰਚ ਰਸੀਦ ਤੁਰੰਤ ਭੇਜੀ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਵੀ ਸੂਚਿਤ ਕੀਤਾ ਜਾਵੇ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਸੇਵਾ ਵਿਚ

1. ਸਮੂਹ ਵਿੱਤ ਕਮਿਸ਼ਨਰ, ਪੰਜਾਬ
2. ਸਮੂਹ ਪ੍ਰਸ਼ਾਸਕੀ ਸਕੱਤਰ ਪੰਜਾਬ ਸਰਕਾਰ

ਗ:ਸ: ਨੰ: 2153-1 ਭਾਸ਼ਾ-69 ਮਿਤੀ, ਚੰਡੀਗੜ੍ਹ, 9 ਮਈ, 1969

Regd. No. P 304

Punjab Government Gazette

**EXTRAORDINARY**

Published by Authority

---

**CHANDIGARH, WEDNESDAY, OCTOBER 15, 1969**
**ASVINA 23 (1891 SAKA)**

---

**PUNJAB VIDHAN SABHA SECRETARIAT**

**NOTIFICATION**

The 15 October, 1969.

**NO. 11 PLA 69/37:-** The Punjab Official Language (Amendment) Bill 1969 is hereby published for general information under the provision to Rules 129 of the Rules of Procedure and Conduct of Business in the Punjab Legislative Assembly :-

**THE PUNJAB OFFICIAL LANGUAGE (AMENDMENT) BILL, 1969**

(Bill No. 11-PLA of 1969)

**A**

**BILL**

To amend the Punjab official Language Act, 1967.

BE it enacted by the Legislature of the State of Punjab in the Twentieth Year of the Republic of India as follows :-

1. This Act may be called the Punjab Official Language (Amendment) Act, 1969. Short title

2. After section 6 of the Punjab Official Language Act, 1967 the following section shall be inserted namely :- New Section 6A in Punjab Act 5 of 1967

"6-A-A translation in Punjab published under the authority of the Governor in the Official Gazette of the State, on and after the date specified by notification.

Authorised Punjabi translation of Central State Act etc.

(a) Of any Central Act or of any Ordinance promulgated by the President, with respect to any of the matters enumerated in List III of the Seventh Schedule to the constitution;

(b) of any state Act or of any Ordinance promulgated by the Governor; or

(c) of any order, rule, regulation or bye-law issued by the State Government under the constitution or under any law made by Parliament or the Legislature of the State ; shall be deemed to be an authoritative text thereof in Punjabi.

## STATEMENT OF OBJECTS AND REASONS

An amendment in the Punjab Official Language Act, 1967, is required for authenticating the translated version in Punjabi of the Central and State Acts, Rules etc.

The Bill seeks to achieve the above purpose.

**SURJIT SINGH**
Education Minister

Chandigarh :

The 15th October, 1969

**KRISHAN SWAROOP,**
Secretary

----

ਨੰ: 5800-1 ਭਾਸ਼ਾ 69/1766

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 21 ਜਨਵਰੀ, 1970

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ-ਸਰਵਿਸ ਰੂਲਾਂ ਵਿਚ ਉਪਬੰਧ ਕਰਨ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੀ ਗਸ਼ਤੀ ਚਿੱਠੀ ਨੰ: 3107-1 ਭਾਸ਼ਾ 68/21805 ਮਿਤੀ 29 ਜੁਲਾਈ, 1968, ਅਤੇ ਨੰ: 801-1 ਭਾਸ਼ਾ-69/7199, ਮਿਤੀ 12 ਮਾਰਚ, 1969 ਵੱਲ ਧਿਆਨ ਦਿਵਾਉਂਦੇ ਹੋਏ ਇਹ ਗੱਲ ਫੇਰ ਲਿਖਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਚਿੱਠੀਆਂ ਵਿਚ ਦਰਜ ਹਦਾਇਤਾਂ ਮੁਤਾਬਿਕ ਕਾਰਵਾਈ ਕੀਤੀ ਜਾਵੇ ਅਤੇ ਆਪਣੇ ਆਪਣੇ ਵਿਭਾਗਾਂ ਦੇ ਅਮਲੇ ਦੇ ਸਰਵਿਸ ਰੂਲਾਂ ਵਿਚ ਉਪਬੰਧ ਜਲਦੀ ਤੋਂ ਜਲਦੀ ਕਰ ਲਿਆ ਜਾਵੇ ।

2\. ਇਹ ਹਦਾਇਤਾਂ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ । ਇਨ੍ਹਾਂ ਦੀ ਪਹੁੰਚ ਰਸੀਦ ਤੁਰੰਤ ਭੇਜੀ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਵੀ ਸਰਕਾਰ (ਭਾਸ਼ਾ ਸ਼ਾਖਾ ਸਕੱਤਰੇਤ) ਨੂੰ ਸੂਚਿਤ ਕੀਤਾ ਜਾਵੇ ।

ਸੰਯੁਕਤ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਇਕ ਨਕਲ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰ/ਪ੍ਰਸ਼ਾਸਕੀ ਸਕੱਤਰ, ਪੰਜਾਬ ਨੂੰ ਭੇਜੀ ਜਾਂਦਾ ਹੈ ।

ਸੰਯੁਕਤ ਸਕੱਤਰ, ਸਿਖਿਆ,
ਵਾ : ਸਕੱਤਰ, ਪੰਜਾਬ ਸਰਕਾਰ , ਸਿੱਖਿਆ ਵਿਭਾਗ ।

ਸੇਵਾ ਵਿਖੇ,

1. ਸਮੂਹ ਵਿੱਤ ਕਮਿਸ਼ਨਰ, ਪੰਜਾਬ ।
2. ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ ।

ਗ: ਸ:ਨੰ: 5800-1ਭਾਸ਼ਾ-69, ਮਿਤੀ, ਚੰਡੀਗੜ੍ਹ, 21 ਜਨਵਰੀ, 1970

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ : 411-1 ਭਾਸ਼ਾ-70/4484

ਵਲੋਂ

ਸਿੱਖਿਆ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ,
ਡਵੀਜ਼ਨਾਂ ਦੇ ਕਮਿਸ਼ਨਰ ।
ਮਿਤੀ , ਚੰਡੀਗੜ੍ਹ, 18 ਫਰਵਰੀ, 1970

ਵਿਸ਼ਾ :- ਭਾਰਤ ਸਰਕਾਰ ਅਤੇ ਹੋਰ ਹਿੰਦੀ ਬੋਲਦੇ ਰਾਜਾਂ ਨਾਲ ਹਿੰਦੀ ਭਾਸ਼ਾ ਵਿਚ ਪੱਤਰ ਵਿਹਾਰ ।

ਸ੍ਰੀਮਾਨ ਜੀ,

ਉਪਰੋਕਤ ਲਿਖੇ ਵਿਸ਼ੇ ਸਬੰਧ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 2388-1 ਭਾਸ਼ਾ -68/11095 ਮਿਤੀ 15 ਅਪ੍ਰੈਲ, 1968 ਵੱਲ ਦਿਵਾਉਂਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਭਾਸ਼ਾ ਵਿਭਾਗ ਵਲੋਂ ਇਕ ਹਿੰਦੀ ਸੈਲ ਖੋਲ੍ਹਿਆ ਹੋਇਆ ਹੈ, ਜਿਸ ਦੇ ਇੰਚਾਰਜ ਹੁਣ ਸ੍ਰੀ ਰਾਜਿੰਦਰ ਸਿੰਘ ਸ਼ਾਸਤਰੀ, ਸਹਾਇਕ ਡਾਇਰੈਕਟਰ ਹਨ । ਇਸ ਵੇਲੇ ਇਹ ਸੈਲ ਫਲੋਰ ਨੰ: 8 ਤੇ ਹਾਲ ਕਮਰਾ ਵਿਚ ਸਥਾਪਿਤ ਕੀਤਾ ਹੋਇਆ ਹੈ ।

2. ਇਹ ਆਪ ਜੀ ਦੀ ਸੂਚਨਾ ਹਿਤ ਵਿਚ ਲਿਖਿਆ ਜਾਂਦਾ ਹੈ ਕਿ ਸਰਕਾਰ ਦੀ ਉਪਰੋਕਤ ਨੀਤੀ ਦੇ ਅਧੀਨ ਜੋ ਵੀ ਪੱਤਰ ਵਿਹਾਰ ਆਪ ਨੂੰ ਕੇਂਦਰੀ ਸਰਕਾਰ ਅਤੇ ਦੂਜੇ ਹਿੰਦੀ ਬੋਲਦੇ ਪ੍ਰਾਂਤਾਂ ਨਾਲ ਕਰਨਾ ਲੋੜੀਂਦਾ ਹੈ ਉਸਦਾ ਪੰਜਾਬੀ ਦਾ ਪ੍ਰਮਾਣਿਤ ਖਰੜਾ ਇੰਚਾਰਜ ਸੈੱਲ ਨੂੰ ਭੇਜ ਕੇ ਹਿੰਦੀ ਵਿਚ ਅਨੁਵਾਦ ਕਰਵਾ ਲਿਆ ਜਾਵੇ ਤੇ ਇਸ ਪ੍ਰਕਾਰ ਭਾਰਤ ਸਰਕਾਰ ਜਾਂ ਹਿੰਦੀ ਬੋਲਦੇ ਪ੍ਰਾਂਤਾਂ ਵਲੋਂ ਆਈਆਂ ਹਿੰਦੀ ਦੀਆਂ ਚਿੱਠੀਆਂ, ਜਿਨ੍ਹਾਂ ਦਾ ਪੰਜਾਬੀ ਵਿਚ ਅਨੁਵਾਦ ਲੋੜੀਂਦਾ ਹੈ, ਸੈਲ ਦੇ ਇੰਚਾਰਜ ਪਾਸ ਭਿਜਵਾ ਕੇ ਪੰਜਾਬੀ ਵਿਚ ਅਨੁਵਾਦ ਕਰਵਾ ਲਿਆ ਜਾਵੇ ।

ਸੰਯੁਕਤ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ , ਸਿੱਖਿਆ ਵਿਭਾਗ ।

ਇਕ ਨਕਲ ਪੰਜਾਬ ਸਰਕਾਰ ਦੇ ਸਮੂਹ ਵਿੱਤ ਕਮਿਸ਼ਨਰਾਂ/ਪ੍ਰਸ਼ਾਸਕੀ ਸਕੱਤਰ ਦੀ ਸੇਵਾ ਵਿਚ ਸੂਚਨਾ ਅਤੇ ਇਸ ਅਨੁਸਾਰ ਕਾਰਵਾਈ ਲਈ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾ ਕੀਤੀ ਜਾਵੇ ,

ਸੰਯੁਕਤ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿੱਤ ਕਮਿਸ਼ਨਰ ਤੇ ਪ੍ਰਸ਼ਾਸਕੀ ਸਕੱਤਰ ।

ਤ.ਸ. ਨੰ: 411-1 ਭਾਸ਼ਾ 70/ ਮਿਤੀ 18 ਫਰਵਰੀ, 1970

ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਐਸ.ਐਸ.ਬੇਦੀ,
ਆਈ.ਏ.ਐਸ.
ਸਕੱਤਰ, ਸਿੱਖਿਆ ਤੇ ਭਾਸ਼ਾ ਵਿਭਾਗ

ਅ.ਸ.ਪ. ਨੰ: 5901-1 ਭਾਸ਼ਾ -70/1091
ਮਿਤੀ, ਚੰਡੀਗੜ੍ਹ, 16 ਮਾਰਚ, 1970

ਵਿਸ਼ਾ :- ਰਾਜ ਕਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਸਬੰਧੀ ।

ਸ੍ਰੀਮਾਨ ਜੀ ,

ਕੁਝ ਦੇਰ ਤੋਂ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਭਾਸ਼ਾ ਵਿਭਾਗ, ਸਕੱਤਰੇਤ/ਰਾਜ ਦੇ ਵੱਖ ਵੱਖ ਦਫ਼ਤਰਾਂ ਦੀ ਪੜਤਾਲ ਕਰਦਾ ਹੈ ਇਹ ਵੇਖਣ ਲਈ ਕਿ ਆਇਆ ਕੰਮ ਪੰਜਾਬੀ ਵਿਚ ਕੀਤਾ ਜਾ ਰਿਹਾ ਹੈ ਜਾਂ ਨਹੀਂ । ਇਸ ਸਿਲਸਿਲੇ ਵਿਚ ਭਾਸ਼ਾ ਵਿਭਾਗ ਤੋਂ ਆਈਆਂ ਰਪੋਟਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਅਜੇ ਤਕ ਬਹੁਤ ਸਾਰੇ ਦਫਤਰਾਂ ਵਿਚ ਬਹੁਤ ਸਾਰਾ ਕੰਮ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ । ਆਪ ਇਹ ਮੰਨੋਗੇ ਕਿ ਜੇਕਰ ਸਕੱਤਰੇਤ ਦੇ ਦਫ਼ਤਰਾਂ ਵਿਚ ਪਜੰਾਬੀ ਦੀ ਵਰਤੋਂ ਨਾ ਹੋਵੇ ਤਾਂ ਦੂਸਰੇ ਜ਼ਿਲ੍ਹਾ ਪੱਧਰ ਦੇ ਵਿਭਾਗਾਂ ਨੂੰ ਅੰਗਰੇਜ਼ੀ ਵਰਤੋਂ ਰੋਕਣਾ ਬੜਾ ਮੁਸ਼ਕਿਲ ਹੋ ਜਾਂਦਾ ਹੈ । ਇਸ ਕਰਕੇ ਮੈਂ ਆਪ ਨੂੰ ਬੇਨਤੀ ਕਰਾਂਗਾ ਕਿ ਸਾਰੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਅੱਗੋਂ ਤੋਂ ਕਾਨੂੰਨ ਦੀ ਪਾਲਣਾ ਕਰਨ ਅਤੇ ਪੂਰਾ ਕੰਮ ਪੰਜਾਬੀ ਵਿਚ ਕਰਿਆ ਕਰਨ ।

ਹਿਤੂ

(ਐਸ.ਐਸ. ਬੇਦੀ)

1. ਸਮੂਹ ਵਿੱਤ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।
2. ਸਮੂਹ ਦਫਤਰਾਂ ਦੇ ਮੁੱਖ ਅਧਿਕਾਰੀ (ਪੰਜਾਬ)

**ਨੰ: 814-1 ਭਾਸ਼ਾ -70/2472**

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 1 ਮਈ, 1970

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਸਬੰਧੀ ਚੈਕਿੰਗ ।

ਸ੍ਰੀਮਾਨ ਜੀ,

ਇਹ ਵੇਖਣ ਲਈ ਕਿ ਦਫ਼ਤਰਾਂ ਵਿਚ ਕੰਮ ਕਾਜ ਸਰਕਾਰੀ ਰਾਜ ਭਾਸ਼ਾ ਪੰਜਾਬੀ (ਗੁਰਮੁਖੀ ਲਿਪੀ) ਵਿਚ ਕੀਤਾ ਜਾ ਰਿਹਾ ਹੈ ਕਿ ਨਹੀਂ, ਕੁਝ ਦੇਰ ਤੋਂ ਮੁੱਖ ਮੰਤਰੀ ਜੀ ਦੇ ਹੁਕਮ ਨਾਲ ਭਾਸ਼ਾ ਵਿਭਾਗ ਵੱਖ ਵੱਖ ਦਫ਼ਤਰਾਂ ਦੀ ਚੈਕਿੰਗ ਕਰਦਾ ਰਿਹਾ ਹੈ । ਭਾਸ਼ਾ ਵਿਭਾਗ ਤੋਂ ਆਈਆਂ ਰਪੋਟਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਬਹੁਤ ਸਾਰੇ ਦਫ਼ਤਰਾਂ ਵਿਚ ਅਜੇ ਵੀ ਅੰਗਰੇਜ਼ੀ ਵਿਚ ਕੰਮ ਹੋ ਰਿਹਾ ਹੈ । ਸਰਕਾਰ ਰਾਜ ਭਾਸ਼ਾ ਐਕਟ, 1967 ਦੀ ਪੂਰੀ ਪੂਰੀ ਪਾਲਣਾ ਚਾਹੁੰਦੀ ਹੈ । ਇਸ ਮਨੋਰਥ ਨੂੰ ਪੂਰਾ ਕਰਨ ਲਈ ਸਰਕਾਰ ਨੇ ਰਾਜ ਦੇ ਸਮੂਹ ਦਫ਼ਤਰਾਂ ਦੀ ਹੇਠ ਲਿਖੇ ਮੁਤਾਬਿਕ ਚੈਕਿੰਗ ਕਰਵਾਉਣ ਦਾ ਫ਼ੈਸਲਾ ਕੀਤਾ ਹੈ :-

(ੳ) **ਸਕੱਤਰੇਤ ਪੱਧਰ ਦੇ ਦਫ਼ਤਰਾਂ ਦੀ ਚੈਕਿੰਗ**

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਇਨ੍ਹਾਂ ਦਫ਼ਤਰਾਂ ਦੀ ਅਚਾਨਕ ਛਾਪਾ ਮਾਰਕੇ ਚੈਕਿੰਗ ਆਪ ਕਰਿਆ ਕਰਨਗੇ ।

(ਅ) **ਚੰਡੀਗੜ੍ਹ ਸਥਿਤ ਪੰਜਾਬ ਦੇ ਹੋਰ ਸਾਰੇ ਦਫ਼ਤਰਾਂ ਦੀ ਚੈਕਿੰਗ**

ਇਨ੍ਹਾਂ ਦਫ਼ਤਰਾਂ ਦੀ ਅਚਾਨਕ ਛਾਪਾ ਮਾਰ ਕੇ ਚੈਕਿੰਗ ਸਹਾਇਕ ਡਾਇਰੈਕਟਰ, ਭਾਸ਼ਾ (ਸਿਖਲਾਈ) ਚੰਡੀਗੜ੍ਹ ਵਲੋਂ ਕੀਤੀ ਜਾਇਆ ਕਰੇਗੀ । ਉਹ ਆਪਣੀ ਰਿਪੋਰਟ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਭੇਜਣਗੇ ।

(ੲ) **ਰਾਜ ਭਰ ਦੇ ਜ਼ਿਲ੍ਹਾ ਪੱਧਰ ਦੇ ਸਮੂਹ ਦਫ਼ਤਰਾਂ ਦੀ ਚੈਕਿੰਗ**

ਜ਼ਿਲ੍ਹਾ ਭਾਸ਼ਾ ਅਫ਼ਸਰ ਆਪਣੇ ਆਪਣੇ ਜ਼ਿਲ੍ਹੇ ਦੇ ਸਮੂਹ ਦਫ਼ਤਰਾਂ ਦੀ ਅਚਾਨਕ ਛਾਪਾ ਮਾਰ ਕੇ ਚੈਕਿੰਗ ਕਰਿਆ ਕਰਨਗੇ ।.ਉਹ ਇਸ ਸਬੰਧੀ ਆਪਣੀਆਂ ਰਿਪੋਟਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਭੇਜਣਗੇ ।

2. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਹਰ ਮਹੀਨੇ ਦੀ 10 ਤਰੀਖ ਤਕ ਆਪਣੀ ਇਕੱਠੀ (Cosolidated) ਮਾਸਕ ਪ੍ਰਗਤੀ ਰਿਪੋਟ ਪੰਜਾਬ ਸਰਕਾਰ (ਭਾਸ਼ਾ ਸਕੱਤਰੇਤ) ਵਲ ਮੁੱਖ ਮੰਤਰੀ ਜੀ ਦੀ ਗਿਆਤ ਹਿਤ ਭੇਜਣਗੇ । ਉਪਰ ਅੰਕਿਤ (ਅ) ਅਤੇ (ੲ) ਅਧੀਨ ਸਬੰਧਤ ਅਫ਼ਸਰ ਆਪਣੀਆਂ ਮਾਸਕ ਰਿਪੋਟਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਹਰ ਮਹੀਨੇ ਦੀ ਪਹਿਲੀ ਤਾਰੀਖ ਤਕ ਭੇਜਿਆ ਕਰਨਗੇ ।

ਜੋ ਕਰਮਚਾਰੀ ਇਸ ਹੁਕਮ ਦੀ ਉਲੰਘਣਾ ਕਰਨਗੇ ਉਨ੍ਹਾਂ ਦੇ ਵਿਰੁੱਧ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇ । ਇਨ੍ਹਾਂ ਹਦਾਇਤਾਂ ਬਾਰੇ ਆਪਣੇ ਅਧੀਨ ਸਮੂਹ ਕਰਮਚਾਰੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ।

ਸੰਯੁਕਤ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ

ਨੰ: 814-1 ਭਾਸ਼ਾ -70/2473 ਮਿਤੀ, ਚੰਡੀਗੜ੍ਹ, 1 ਮਈ, 1970

ਇਕ ਉਤਾਰਾ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ :-

(1) ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ

(2) ਸਮੂਹ ਵਿੱਤ ਕਮਿਸ਼ਨਰ, ਪੰਜਾਬ,

ਨੂੰ ਭੇਜਿਆ ਜਾਂਦਾ ਹੈ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਸੰਯੁਕਤ ਸਕੱਤਰ, ਸਿੱਖਿਆ,
ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ

ਨੰ: 814-1 ਭਾਸ਼ਾ-70/2474 ਮਿਤੀ, ਚੰਡੀਗੜ੍ਹ, 1 ਮਈ 1970

ਇਕ ਉਤਾਰਾ ਸੂਚਨਾ ਅਤੇ ਤੁਰੰਤ ਕਾਰਵਾਈ ਲਈ।

(1) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

(2) ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ (ਸਿਖਲਾਈ) ਚੰਡੀਗੜ੍ਹ (ਸਿਵਲ ਸਕੱਤਰੇਤ, ਫਲੋਰ-8)

(3) ਸਮੂਹ ਜ਼ਿਲ੍ਹਾ ਭਾਸ਼ਾ ਅਫ਼ਸਰ,

ਪੰਜਾਬ ਨੂੰ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ, ਸਿੱਖਿਆ,

ਵਾ : ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ।

**ਨੰ: 1588-1 ਭਾਸ਼ਾ-70/11557**

ਵਲ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 7 ਮਈ, 1970

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 3107-1 ਭਾਸ਼ਾ-68/21805, ਮਿਤੀ 29 ਜੁਲਾਈ, 1968 ਵਲ ਦਿਵਾਉਣ ਦੀ ਹਦਾਇਤ ਹੋਈ ਹੈ । ਇਨ੍ਹਾਂ ਹਦਾਇਤਾਂ ਦੇ ਪੈਰਾ ੳ (1) ਵਿਚ ਸਾਰੀਆਂ ਨੌਕਰੀਆਂ ਲਈ ਹਰ ਉਮੀਦਵਾਰ ਨੂੰ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਣੀ ਜ਼ਰੂਰੀ ਹੈ । ਪੈਰਾ ੳ (2) ਵਿਚ ਇਸ ਗਲ ਦਾ ਸੰਕੇਤ ਕੀਤਾ ਹੈ ਕਿ ਜੇਕਰ ਕਿਸੇ ਉਮੀਦਵਾਰ ਪਾਸ ੳ (1) ਅਨੁਸਾਰ ਯੋਗਤਾ ਦਾ ਸਰਟੀਫ਼ਿਕੇਟ ਨਹੀਂ ਤਾਂ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਹੋਰ ਕੋਈ ਸੰਸਥਾ ਉਸ ਉਮੀਦਵਾਰ ਦਾ ਨਿਸ਼ਚਿਤ ਕੀਤੀ (ਪੰਜਾਬੀ ਮੈਟ੍ਰਿਕ) ਯੋਗਤਾ ਦਾ ਟੈਸਟ ਲਵੇਗੀ ।

2. ਪੰਜਾਬ ਸਰਕਾਰ ਨੇ ਇਸ ਮਾਮਲੇ ਦੇ ਮੁੜ ਗਹੁ ਨਾਲ ਵਿਚਾਰ ਕੀਤਾ ਹੈ ਅਤੇ ਇਸ ਗੱਲ ਦਾ ਪ੍ਰੇਖਣ ਕੀਤਾ ਹੈ ਕਿ ਪੰਜਾਬ ਵਿਚ ਤਕਨੀਕੀ ਆਸਾਮੀਆਂ ਦੇ ਉਮੀਦਵਾਰ ਬਹੁਤ ਮਾਤਰਾ ਵਿਚ ਅਜਿਹੇ ਹਨ ਜਿਨ੍ਹਾਂ ਪਾਸ ਪੰਜਾਬੀ ਵਿਚ ਮੈਟ੍ਰਿਕ ਪੱਧਰ ਦਾ ਗਿਆਨ ਨਹੀਂ ਹੈ, ਭਾਵੇਂ ਉਹ ਆਪਣੀ ਤਕਨੀਕੀ ਯੋਗਤਾ ਵਿਚ ਨਿਪੁੰਨ ਹੋਣ । ਪੰਜਾਬ ਸਰਕਾਰ ਅਜਿਹੇ ਉਮੀਦਵਾਰਾਂ ਨੂੰ ਪੂਰਾ ਪੂਰਾ ਸਹਿਯੋਗ ਦੇਣਾ ਚਾਹੁੰਦੀ ਹੈ । ਸਰਕਾਰ ਨੇ ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਇਹ ਫ਼ੈਸਲਾ ਕੀਤਾ ਹੈ ਕਿ ਉਪਰੋਕਤ ਹਵਾਲਾ ਅਧੀਨ ਸਰਕਾਰੀ ਹਦਾਇਤਾਂ ਵਿਚ ਖਾਲਿਸ ਤਕਨੀਕੀ ਆਸਾਮੀਆਂ ਦੀ ਭਰਤੀ ਦੀ ਚੋਣ ਸਮੇਂ ਪੰਜਾਬੀ ਯੋਗਤਾ ਦੀ ਸ਼ਰਤ ਨੂੰ ਇਸ ਹਦ ਤਕ ਨਰਮ ਕਰ ਦਿੱਤਾ ਜਾਵੇ ਕਿ ਚੁਣੇ ਹੋਏ

ਉਮੀਦਵਾਰ ਛੇ ਮਹੀਨੇ ਦੇ ਅੰਦਰ ਅੰਦਰ ਨਿਸ਼ਚਿਤ ਕੀਤੀ ਯੋਗਤਾ ਦਾ ਟੈਸਟ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਰਾਹੀਂ ਜਾਂ ਕਿਸੇ ਯੂਨੀਵਰਸਿਟੀ ਦਾ ਮੈਟ੍ਰਿਕ ਦਾ ਪੰਜਾਬੀ ਦਾ ਮਜ਼ਮੂਨ ਪਾਸ ਕਰਨ । ਜੇਕਰ ਉਹ ਇਸ ਸਮੇਂ ਦੇ ਅੰਦਰ ਅੰਦਰ ਇਹ ਯੋਗਤਾ ਟੈਸਟ ਪਾਸ ਨਾ ਕਰਨਗੇ ਤਾਂ ਉਨ੍ਹਾਂ ਦੀ ਸਰਵਿਸ ਮੁਕਤ ਕਰ ਦਿੱਤੀ ਜਾਵੇ ।

3. ਜਿਥੋਂ ਤਕ ਇਹ ਸਵਾਲ ਹੈ ਕਿ ਕੋਈ ਆਸਾਮੀ ਤਕਨੀਕੀ ਹੈ ਜਾਂ ਨਹੀਂ ਇਸ ਆਦੇਸ਼ ਤੇ ਕੰਜ਼ਰਵੇਟਿਵ (conservative) ਤਰੀਕੇ ਨਾਲ ਅਮਲ ਕੀਤਾ ਜਾਵੇ ਤੇ ਜਦੋਂ ਸ਼ਕ ਹੋਵੇ ਕਿ ਆਸਾਮੀ ਤਕਨੀਕੀ ਹੈ ਜਾਂ ਨਹੀਂ ਮਾਮਲਾ ਸਾਫ਼ ਕਰਨ ਵਾਸਤੇ ਮੁੜ ਸਰਕਾਰ ਦਾ ਹੁਕਮ ਲਿਆ ਜਾਵੇ ।

4. ਇਸ ਚਿਠੀ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ

ਸੰਯੁਕਤ ਸਕੱਤਰ ਸਿੱਖਿਆ,
ਵ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ

ਨੰ: 1588-1 ਭਾਸ਼ਾ -70/11558 ਮਿਤੀ, ਚੰਡੀਗੜ੍ਹ 7 ਮਈ,1970

ਇਕ ਨਕਲ ਜ਼ਰੂਰੀ ਕਾਰਵਾਈ ਲਈ (1) ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ (2) ਡਾਇਰੈਕਟਰ, ਰੋਜ਼ਗਾਰ ਵਿਭਾਗ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ

ਸੰਯੁਕਤ ਸਕੱਤਰ ਸਿੱਖਿਆ,
ਵ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ

ਨੰ: 1588-1 ਭਾਸ਼ਾ -70/11550 ਮਿਤੀ, ਚੰਡੀਗੜ੍ਹ 7 ਮਈ,1970

ਇਕ ਨਕਲ ਸੂਚਨਾ ਲਈ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ।

ਸੰਯੁਕਤ ਸਕੱਤਰ ਸਿੱਖਿਆ,
ਵ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ

ਨੰ: 1588-1 ਭਾਸ਼ਾ -70/11560 ਮਿਤੀ, ਚੰਡੀਗੜ੍ਹ 7 ਮਈ,1970

ਇਕ ਉਤਾਰਾ ਚੇਅਰਮੈਨ, ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ ਨੂੰ ਸ੍ਰੀ ਕੇ.ਜੇ. ਖੋਸਲਾ ਜੀ ਦੇ ਅਰਧ ਸਰਕਾਰੀ ਪੱਤਰ ਨੰ: 537/ਪੀ.ਏ./ਏ.ਐਫ.ਐਮ. ਮਿਤੀ ਅਪ੍ਰੈਲ, 1970 ਦੇ ਹਵਾਲੇ ਵਿਚ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਸਿੱਖਿਆ,
ਵ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ

2609-1 ਭਾਸ਼ਾ70/19543

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 31 ਜਨਵਰੀ, 1970

ਵਿਸ਼ਾ : ਰਾਜ ਪ੍ਰਬੰਧ ਵਿਚ ਪੰਜਾਬੀ ਦਾ ਪ੍ਰਚਾਲਣ-ਪੰਜਾਬੀ ਟਾਈਪ/ਸ਼ਾਰਟਹੈਂਡ ਦਾ ਇਮਤਿਹਾਨ ਪਾਸ ਕਰਨ ਉਪਰੰਤ ਕਲਰਕਾਂ, ਟਾਈਪਿਸਟਾਂ ਅਤੇ ਸਟੈਨੋਗਰਾਫਰਾਂ ਨੂੰ ਨਕਦ ਇਨਾਮ ਦੇਣ ਸੰਬੰਧੀ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 2094-1 ਐਲ.ਜੀ.69/9676, ਮਿਤੀ 26 ਅਪ੍ਰੈਲ, 1969 ਵੱਲ ਦਿਵਾਉਂਦਿਆਂ ਹੋਇਆ ਮੈਨੂੰ ਇਹ ਦੱਸਣ ਦੀ ਆਗਿਆ ਹੋਈ ਹੈ ਕਿ ਉਕਤ ਪੱਤਰ ਵਿਚ ਅੰਕਤ ਪੱਤਰਾਂ ਅਨੁਸਾਰ ਨਕਦ ਇਨਾਮ ਦੇ ਉਹ ਹੀ ਸਰਕਾਰੀ ਕਰਮਚਾਰੀ ਹੱਕਦਾਰ ਹਨ ਜਿਹੜੇ ਕਿ ਰਾਜ ਸਰਕਾਰ ਦੀ ਰਾਜ ਭਾਸ਼ਾ ਅੰਗਰੇਜ਼ੀ ਹੋਣ ਵੇਲੇ ਦੇ ਭਰਤੀ ਹਨ ਮੈਂ ਇਥੇ ਇਹ ਸਪਸ਼ਟ ਤੌਰ ਤੇ ਦੱਸ ਦੇਣਾ ਉਚਿਤ ਸਮਝਦਾ ਹਾਂ ਕਿ ਰਾਜ ਸਰਕਾਰ ਦਾ ਇਨਾਮ ਦੇਣ ਦਾ ਮੰਤਵ ਰਾਜ ਭਾਸ਼ਾ ਅੰਗਰੇਜ਼ੀ ਵੇਲੇ ਦੇ ਭਰਤੀ ਹੋਏ ਕਰਮਚਾਰੀਆਂ ਨੂੰ ਪੰਜਾਬੀ ਵਿਚ ਨਿਪੁੰਨਤਾ ਹਾਸਲ ਕਰਨ ਲਈ ਉਤਸ਼ਾਹ ਦੇਣਾ ਹੈ ਅਤੇ ਉਹ ਕਰਮਚਾਰੀ ਜਿਨ੍ਹਾਂ ਦੇ ਨਿਯੁਕਤੀ ਹੁਕਮਾਂ ਵਿਚ ਪੰਜਾਬੀ ਟਾਈਪ ਦੀ ਸ਼ਰਤ ਜ਼ਰੂਰੀ ਹੈ, ਇਸ ਇਨਾਮ ਦੇ ਹੱਕਦਾਰ ਨਹੀਂ ਹਨ ਕਿਉਂਕਿ ਉਹ ਤਾਂ ਲੋੜੀਂਦੀ ਯੋਗਤਾ ਪੂਰੀ ਹੋਣ ਤੇ ਹੀ ਨਿਯਮਤ ਨਿਯੁਕਤ ਹੋ ਸਕਦੇ ਹਨ । ਭਾਵੇਂ ਇਸ ਵਿਸ਼ੇ ਤੇ ਸਰਕਾਰ ਦੀਆਂ ਹਦਾਇਤਾਂ ਸਪਸ਼ਟ ਹਨ ਪਰ ਫਿਰ ਵੀ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਵਿਭਾਗਾਂ ਵਲੋਂ ਭਾਸ਼ਾ ਵਿਭਾਗ ਤੋਂ ਸਪਸ਼ਟੀਕਰਨ ਕਰਨ ਲਈ ਬੇ ਲੋੜੀਆਂ ਪੁੱਛਾਂ ਪੁੱਛੀਆਂ ਜਾਂਦੀਆਂ ਹਨ । ਇਸ ਗੈਰ ਜ਼ਰੂਰੀ ਪੱਤਰ ਵਿਹਾਰ ਨੂੰ ਰੋਕਣ ਲਈ ਸਰਕਾਰ ਨੇ ਇਸ ਮਾਮਲੇ ਤੇ ਮੁੜ ਗੌਰ ਨਾਲ ਵਿਚਾਰ ਕੀਤਾ ਹੈ ਅਤੇ ਹੇਠ ਲਿਖੇ ਸਪਸ਼ਟੀਕਰਨ ਦੇਣ ਦਾ ਫੈਸਲਾ ਕੀਤਾ ਹੈ :-

(ੳ) ਨਿਜੀ ਸਹਾਇਕ ਜੋ ਕਿ ਵਾਸਤਵ ਵਿਚ ਸੀਨੀਅਰ ਸਕੇਲ ਸਟੈਨੋਗਰਾਫਰ ਹੀ ਹਨ, ਪੰਜਾਬੀ ਸਟੈਨੋਗਰਾਫੀ ਅਤੇ ਟਾਈਪ ਟੈਸਟ ਪਾਸ ਕਰਨ ਉਪਰੰਤ 150 ਰੁਪਏ ਦੇ ਹੱਕਦਾਰ ਹਨ ।

(ਅ) ਉਹ ਕਰਮਚਾਰੀ ਜਿਨ੍ਹਾਂ ਨੇ ਪੰਜਾਬੀ ਟਾਈਪ ਟੈਸਟ ਪਾਸ ਰਕਨ ਉਪਰੰਤ 100 ਰੁਪਏ ਦਾ ਇਨਾਮ ਪ੍ਰਾਪਤ ਕਰ ਲਿਆ ਹੈ ਤਾਂ ਉਸ ਨੂੰ ਦੁਬਾਰਾ ਸਟੈਨੋਗਰਾਫਰ ਬਣਨ ਵੇਲੇ ਪੰਜਾਬ ਟਾਈਪ ਦਾ ਮੁੜ ਇਨਾਮ ਨਹੀਂ ਦਿੱਤਾ ਜਾਣਾ । ਉਸ ਨੂੰ ਬਕਾਇਆ 25 ਰੁਪਏ (ਭਾਵ 125-100 ਰੁਪਏ) ਹੀ ਮਿਲਣੇ ਹਨ । ਭਾਵ ਪੰਜਾਬੀ ਟਾਈਪ ਦੀ ਇਕ ਸਟੇਜ ਤੇ ਨਿਪੁੰਨਤਾ ਹਾਸਲ ਕਰ ਲੈਣ ਉਪਰੰਤ ਦੁਬਾਰਾ ਇਨਾਮ ਨਹੀਂ ਦਿੱਤਾ ਜਾਣਾ ।

(ੲ) ਇਨਾਮ ਕਰਮਚਾਰੀ ਦੇ ਵਰਤਮਾਨ ਵਿਭਾਗ ਵਲੋਂ ਹੀ ਦਿੱਤਾ ਜਾਣਾ ਹੈ।

(ਸ) ਤੱਦ ਅਰਥ ਤੌਰ ਤੇ ਲੱਗੇ ਹੋਏ ਕਰਮਚਾਰੀ ਵੀ ਇਨਾਮ ਦੇ ਹੱਕਦਾਰ ਹਨ ਜੇਕਰ ਉਹ ਨਿਮਨ-ਲਿਖਤ ਵਰਗ ਹਨ :-

(1) ਪੰਜਾਬੀ ਟਾਈਪ ਟੈਸਟ 13 ਅਪ੍ਰੈਲ, 1968 ਤੋਂ ਪਹਿਲਾਂ ਪਾਸ ਕਰ ਲਿਆ ਹੋਵੇ

ਜਾਂ

ਜੇਕਰ ਅਜੇਹੇ ਕਰਮਚਾਰੀ ਜਿਹੜੇ 13 ਅਪ੍ਰੈਲ, 1968 ਤੋਂ ਪਹਿਲਾ ਭਰਤੀ ਹੋਏ ਹਨ ਅਤੇ ਉਨ੍ਹਾਂ ਦੀ ਸੇਵਾ ਵਿਚ ਕੋਈ ਬਰੇਕ ਨਾ ਹੋਣ ਕਰਕੇ ਮੁੱਖ ਸਕੱਤਰ ਜੀ ਦੀ ਚਿੱਠੀ ਨੰ: 1726-ਐਸ 11-4(2)69, ਮਿਤੀ 3 ਮਾਰਚ, 1969 ਅਨੁਸਾਰ ਨਿਯਮਤ ਤੌਰ ਤੇ ਰੱਖੇ ਗਏ ਹਨ ਤਾਂ ਉਹ 13 ਅਪ੍ਰੈਲ, 1968 ਤੋਂ ਬਾਅਦ ਵੀ ਭਾਸ਼ਾ ਵਿਭਾਗ ਦਾ ਇਨਾਮ ਵਾਲਾ ਟੈਸਟ ਪਾਸ ਕਰਨ ਉਪਰੰਤ ਇਨਾਮ ਦੇ ਹੱਕਦਾਰ ਹਨ ।

ਜਾਂ

ਉਹ ਕਰਮਚਾਰੀ ਜਿਹੜੇ ਕਿ 13 ਅਪ੍ਰੈਲ, 1968 ਤੋਂ ਪਹਿਲਾਂ ਤੱਦ ਅਰਥ ਤੌਰ ਤੇ ਲੱਗੇ ਸਨ ਅਤੇ ਉਨ੍ਹਾਂ ਨੇ ਬੋਰਡ / ਸਕੱਤਰੇਤ ਕਮੇਟੀ ਦਾ ਇਸ ਮਿਤੀ ਤੋਂ ਪਹਿਲਾਂ ਇਮਤਿਹਾਨ

ਪਾਸ ਕਰ ਲਿਆ ਸੀ ਅਤੇ ਬੋਰਡ/ਸਕੱਤਰੇਤ ਕਮੇਟੀ ਦੀਆਂ ਸਿਫਾਰਸ਼ਾਂ ਆਉਣ ਤੇ ਰੈਗੂਲਰ ਕਰ ਦਿੱਤੇ ਗਏ ਹਨ ਬਸ਼ਰਤੇ ਕਿ ਜੇ ਉਨ੍ਹਾਂ ਦੀ ਸੇਵਾ ਵਿਚ ਕੋਈ ਬਰੇਕ ਨਹੀਂ ਅਤੇ ਉਨ੍ਹਾਂ ਦੇ ਨਿਯੁਕਤੀ ਹੁਕਮਾਂ ਵਿਚ ਪੰਜਾਬੀ ਦੇ ਟੈਸਟ ਦੀ ਸ਼ਰਤ ਨਹੀਂ ਸੀ ਤਾਂ ਇਨਾਮ ਦੇ ਹੱਕਦਾਰ ਹਨ।

2. ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਪਸ਼ਟੀਕਰਨ ਨੂੰ ਧਿਆਨ ਵਿਚ ਰਖਕੇ ਆਪਣੇ ਵਿਭਾਗੀ ਕੇਸਾਂ ਤੇ ਕਾਰਵਾਈ ਕੀਤੀ ਜਾਵੇ ।

ਵਿਸ਼ਵਾਸਪਾਤਰ,

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 3114-1 ਭਾਸ਼ਾ-70/26818

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ 12 ਅਕਤੂਬਰ, 1970

ਵਿਸ਼ਾ : ਸਰਕਾਰੀ ਦਫ਼ਤਰਾਂ ਵਿਚ ਰਾਜ ਭਾਸ਼ਾ ਪੰਜਾਬੀ ਦਾ ਪ੍ਰਚਾਲਣ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪ੍ਰਸ਼ਾਸਨ ਵਿਚ ਲੇਖਾ ਆਦਿ ਸਬੰਧੀ ਕੰਮਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਲਈ ਕੁਝ ਚਿਰਾਂ ਤੋਂ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ । ਮਹਾਂ ਲੇਖਾਕਾਰ ਅਤੇ ਵਿੱਤ ਵਿਭਾਗ ਦੀ ਸਹਿਮਤੀ ਨਾਲ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਸਮੂਹ ਦਫ਼ਤਰਾਂ ਵਿਚ ਨਾਲ ਨੱਥੀ ਵਿਵਰਣ-ਪੱਤਰ ਵਿਚ ਅੰਕਤ ਮੁੱਢਲਾ ਰਿਕਾਰਡ (Initial record) ਪੰਜਾਬੀ ਭਾਸ਼ਾ ਵਿਚ ਰਖਿਆ ਜਾਵੇ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਹਦਾਇਤਾਂ ਸਮੂਹ ਸਬੰਧਤਾਂ ਪਾਸੋਂ ਨੋਟ ਕਰਵਾ ਲਈਆਂ ਜਾਣ ਅਤੇ ਇਨ੍ਹਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,

(ਗੁਰਬਚਨ ਸਿੰਘ)
ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

| S.No. | | Name of Register/Form |
|---|---|---|
| 1. | 50 | Registers of valuables received for custody. |
| 2. | 370 | Registers of Bullion Jewellery and other valuables connected with costs required to be taken out frequently. |
| 3. | 51 | Register of receipt and return of departmental cash chests kept for safe custody. |
| 4. | 91 | Double and single lock registers of Hindi Stamps. |
| 5. | 92 | Double and single lock register of National stamps. |
| 6. | 93 | Double and single lock register of Foreign bill stamps. |
| . | 94 | Double and single lock register of share transfer stamps. |
| 9. | 98,99 | Double and single lock register of non-judicial impressed sheets. |
| 10. | 100,101, 102 | Double and single lock register of court fee impressed sheets. |
| 11. | 103,104 | Double and single lock register of ordinary postage stamps etc, |
| 12. | 105 | Double and single lock register of service postage stamps. |
| 13. | 105a | Double and single lock register of Indian Air Mail stamps. |
| 14. | 105b &105c | Double and single lock register of stamps, book of adhaesive revenue stamps. |
| 15. | 319 | Receipt for Service postage stamps. |
| 16. | 358 | Statement showing the number and date and amount of vouchers paid. |

| | | |
|---|---|---|
| 17. | 359 | Store book of water marked petition papers. |
| 18. | 393 | Register maintained by the Assistant Superintendent (Treasury) for the record for challenge received for credit of money in payment of stamps. |
| 19. | 322 | Cash book |
| 20. | 323 | Receipt book. |
| 21. | 324 | Form of Treasury's daily balance sheets. |
| 22. | 330 | Registers showing cash double lock transactions. |
| 23. | 97 | Double and single lock register of insurance stamps. |

ਨੰ: 3278-1 ਭਾਸ਼ਾ 70/27570

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।
ਮਿਤੀ, ਚੰਡੀਗੜ੍ਹ 16 ਅਕਤੂਬਰ, 1970

ਵਿਸ਼ਾ : **ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 361-1 ਐਲ.ਜੀ.-68/4641 ਮਿਤੀ 9 ਫਰਵਰੀ, 1968 ਅਤੇ ਪੱਤਰ ਨੰ: 1726-1 ਭਾਸ਼ਾ-69- 9392, ਮਿਤੀ 18 ਅਪ੍ਰੈਲ, 1969 ਵੱਲ ਧਿਆਨ ਦਿਵਾਉਂਦਿਆਂ ਹੋਇਆ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਪਾਸ ਹੋਣ ਉਪਰੰਤ ਉਸ ਅਧੀਨ ਜਾਰੀ ਹੋਈਆਂ ਅਧਿਸੂਚਨਾ ਅਨੁਸਾਰ 13 ਅਪ੍ਰੈਲ, 1968 ਤੋਂ ਰਾਜ ਵਿਚ ਹਰ ਪੱਧਰ ਤੇ ਪੰਜਾਬੀ ਲਾਗੂ ਹੋ ਚੁੱਕੀ ਹੈ ਅਤੇ ਕਾਨੂੰਨੀ ਤੌਰ ਤੇ ਇਹ ਜ਼ਰੂਰੀ ਹੋ ਗਿਆ ਹੈ ਕਿ ਰਾਜ ਕਾਜ ਦਾ ਸਾਰਾ ਕੰਮ ਕਾਰ (ਸਿਵਾਏ ਸਰਕਾਰ ਵਲੋਂ ਲੇਖਾ ਆਦਿ ਕੰਮਾਂ ਸਬੰਧੀ ਦਿੱਤੀ ਵਿਸ਼ੇਸ਼ ਛੋਟ ਦੇ) ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ । ਇਥੇ ਵਿਸ਼ੇਸ਼ ਤੌਰ ਤੇ ਦੱਸਿਆ ਜਾਂਦਾ ਹੈ ਕਿ ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ ਕਰਨ ਲਈ ਰਾਜ ਸਰਕਾਰ 1956 ਤੋਂ ਹੀ ਹਦਾਇਤਾਂ ਕਰਦੀ ਆਈ ਹੈ ਅਤੇ ਸਰਕਾਰੀ ਕਰਮਚਾਰੀਆਂ ਨੂੰ ਪੰਜਾਬੀ, ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਆਦਿ ਦੀ ਸਿਖਲਾਈ ਦੇਣ ਲਈ ਯੋਗ ਕਦਮ ਚੁੱਕੇ ਜਾ ਰਹੇ ਹਨ । ਹਰ ਵਿਭਾਗ ਦੀ ਲੋੜ ਮੁਤਾਬਿਕ ਪੰਜਾਬੀ ਟਾਈਪ ਮਸ਼ੀਨਾਂ ਸਪਲਾਈ ਕੀਤੀਆਂ ਗਈਆਂ ਹਨ। ਸਰਕਾਰੀ ਕਰਮਚਾਰੀਆਂ ਦੀ ਵਰਤੋਂ ਲਈ ਵਿਸ਼ੇਸ਼ ਪੁਸਤਕਾਂ ਤਿਆਰ ਕਰਵਾਕੇ ਮੁਫਤ ਵੰਡੀਆ ਗਈਆਂ ਹਨ । ਕਲਰਕਾਂ, ਟਾਈਪਿਸਟਾਂ ਸਟੈਨੋਗਰਾਫਰਾਂ ਅਤੇ ਸਹਾਇਕਾਂ ਨੂੰ ਪੰਜਾਬੀ ਦੀ ਟਾਈਪ ਅਤੇ ਸਟੈਨੋਗਰਾਫੀ ਵਿਚ ਲੋੜੀਂਦੀ ਯੋਗਤਾ ਹਾਸਲ ਕਰਨ ਉਪਰੰਤ ਨਕਦ ਇਨਾਮ ਦਿੱਤਾ ਜਾਂਦਾ ਹੈ । ਇਸ ਤੋਂ ਇਲਾਵਾ ਵਿਭਾਗਾਂ ਨੂੰ ਆਉਣ ਵਾਲੀ ਹਰ

ਦਿੱਕਤ ਨੂੰ ਦੂਰ ਕਰਨ ਲਈ ਭਾਸ਼ਾ ਵਿਭਾਗ ਵਲੋਂ ਪੂਰਨ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ । ਸਰਕਾਰ ਵਲੋਂ ਇਹ ਸਭ ਸਹੂਲਤਾਂ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਪੰਜਾਬੀ ਦੀ ਵਰਤੋਂ ਸਬੰਧੀ ਪ੍ਰਗਤੀ ਵੇਖਣ ਲਈ ਭਾਸ਼ਾ ਵਿਭਾਗ ਵਲੋਂ ਕੀਤੀਆਂ ਗਈਆਂ ਚੈਕਿੰਗਾਂ ਤੋਂ ਇਹ ਵੇਖਣ ਵਿਚ ਆਇਆ ਹੈ ਕਿ ਰਾਜ ਕਾਜ ਦੇ ਕੰਮਾਂ ਵਿਚ ਅਜੇ ਵੀ ਬਹੁਤ ਹੱਦ ਤੱਕ ਅੰਗਰੇਜ਼ੀ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਕਾਨੂੰਨੀ ਤੌਰ ਤੇ ਠੀਕ ਨਹੀਂ ਹੈ । ਸਰਕਾਰ ਇਸ ਮਸਲੇ ਨੂੰ ਬਹੁਤ ਗੰਭੀਰ ਸਮਝਦੀ ਹੈ ਅਤੇ ਚਾਹੁੰਦੀ ਹੈ ਕਿ ਰਾਜ ਭਾਸ਼ਾ ਐਕਟ ਦੀ ਭਾਵਨਾਂ ਦੀ ਅਵੱਗਿਆ ਕਰਨ ਵਾਲਿਆਂ ਵਿਰੁੱਧ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇ । ਇਥੇ ਇਹ ਦੱਸਣਾ ਉਚਿਤ ਸਮਝਿਆ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਸੰਬੰਧੀ ਲੜੀਂਦੇ ਮਿਆਰ ਦਾ ਅੰਦਾਜ਼ਾ ਸਰਕਾਰੀ ਅਧਿਕਾਰੀ/ ਕਰਮਚਾਰੀ ਦੇ ਨਿਤਾਪ੍ਰਤੀ ਕੰਮਾਂ ਤੋਂ ਹੋ ਜਾਂਦਾ ਹੈ ਅਤੇ ਜੇਕਰ ਕੋਈ ਸੌਂਪਿਆ ਹੋਇਆ ਕੰਮ ਰਾਜ ਭਾਸ਼ਾ ਵਿਚ ਨਿਪੁੰਨਤਾ ਨਾਲ ਨਹੀਂ ਕਰਦਾ ਤਾਂ ਉਸ ਵਿਰੁੱਧ ਪ੍ਰਸ਼ਾਸਕੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਪੱਖ ਤੋਂ ਰੀਪੋਰਟਿੰਗ ਅਧਿਕਾਰੀਆਂ ਨੂੰ ਆਪਣੇ ਅਧੀਨ ਅਮਲੇ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਲਿਖਣ ਸਮੇਂ ਧਿਆਨ ਵਿਚ ਰੱਖਣਾ ਚਾਹੀਦਾ ਹੈ । ਇਸ ਸਿਲਸਿਲੇ ਵਿਚ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 552-1 ਐਲ.ਜੀ.-62/5395, ਮਿਤੀ 2 ਮਾਰਚ, 1962 ਵੱਲ ਦਿਵਾਇਆ ਜਾਂਦਾ ਹੈ ।

2. ਇਹ ਚਿੱਠੀ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਜਾਰੀ ਕੀਤੀ ਜਾ ਰਹੀ ਹੈ । ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਇਹ ਚਿੱਠੀ ਆਪਣੇ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆਂਦੀ ਜਾਵੇ ਅਤੇ ਪੰਜਾਬ ਰਾਜ ਭਾਸ਼ਾ ਐਕਟ ਦੀ ਭਾਵਨਾ ਦੀ ਪਾਲਣਾ ਕਰਦਿਆਂ ਹੋਇਆਂ ਪ੍ਰਸ਼ਾਸਨ ਸਬੰਧੀ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ।

3. ਇਸ ਚਿੱਠੀ ਦੀ ਕਿਰਪਾ ਸਹਿਤ ਪਹੁੰਚ ਭੇਜੀ ਜਾਵੇ ।

(ਗੁਰਬਚਨ ਸਿੰਘ)
ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾਂ ਅਤੇ ਯੋਗ ਕਾਰਵਾਈ ਲਈ ਪੰਜਾਬ ਦੇ ਸਮੂਹ ਡਿੱਵੀਜ਼ਨਲ ਕਮਿਸ਼ਨਰਾਂ ਅਤੇ ਪ੍ਰਸ਼ਾਸਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ ।

(ਕਰਤਾਰ ਸਿੰਘ ਆਹਲੂਵਾਲੀਆ)
ਉਪ ਸੁਪਰਡੈਂਟ ਭਾਸ਼ਾ,
ਵਾਸਤੇ ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ; 3383-1 ਭਾਸ਼ਾ 70/28717

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 30 ਅਕਤੂਬਰ, 1970

ਵਿਸ਼ਾ : ਪੰਜਾਬੀ ਟਾਈਪ ਮਸ਼ੀਨਾਂ ਦੀ ਸਪਲਾਈ-ਪੁਰਾਣੇ ਕੀ-ਬੋਰਡ ਦੀਆਂ ਟਾਈਪ ਮਸ਼ੀਨਾਂ ਦਾ ਨਵੇਂ ਕੀ-ਬੋਰਡ ਦੀਆਂ ਮਸ਼ੀਨਾਂ ਨਾਲ ਵਟਾਂਦਰਾਂ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਲਿਖਦਿਆਂ ਹੋਇਆਂ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1960 ਦੀ ਪਾਲਣਾ ਕਰਨ ਦੇ ਆਦੇਸ਼ ਨਾਲ 1962 ਜਾਂ ਇਸ ਤੋਂ ਪਹਿਲਾਂ ਬਹੁਤ ਸਾਰੇ ਜ਼ਿਲ੍ਹਾ ਪੱਧਰ ਤਕ ਦੇ ਦਫਤਰਾਂ ਨੇ ਉਸ ਵੇਲੇ ਪੰਜਾਬੀ ਟਾਈਪ ਮਸ਼ੀਨਾਂ (ਜੋ ਪੰਜਾਬ ਸਰਕਾਰ ਵਲੋਂ ਪਰਵਾਨਤ ਸਨ ) ਖ਼ਰੀਦ ਲਈਆਂ ਸਨ । ਪਿਛੋਂ ਜਦੋਂ ਭਾਰਤ ਸਰਕਾਰ ਨੇ ਹਿੰਦੀ ਦੀਆਂ ਟਾਈਪ ਮਸ਼ੀਨਾਂ ਦਾ ਕੀ-ਬੋਰਡ ਬਦਲਿਆਂ ਤਾਂ ਪੰਜਾਬ ਸਰਕਾਰ ਨੇ ਵੀ ਦਫ਼ਤਰੀ ਲੋੜਾਂ ਤੇ ਸੁਵਿਧਾ ਦੇ ਉਪਬੰਧਾਂ ਨੂੰ ਮੁੱਖ ਰਖਦੇ ਇਕ ਉੱਚ ਪੱਧਰੀ ਮਾਹਿਰ ਕਮੇਟੀ ਦੀਆਂ ਸਿਫਾਰਸ਼ਾ ਉਤੇ ਪੰਜਾਬੀ ਕੀ-ਬੋਰਡ ਵਿਚ ਵੀ ਸੋਧ ਕੀਤੀ ਸੀ ਅਤੇ ਹੁਣ ਜੋ ਪੰਜਾਬੀ ਟਾਈਪ ਮਸ਼ੀਨਾਂ ਦਫ਼ਤਰਾਂ ਨੂੰ ਸਪਲਾਈ ਹੋ ਰਹੀਆਂ ਹਨ ਅਤੇ ਜਿਨ੍ਹਾਂ ਤੇ ਪੰਜਾਬੀ ਟਾਈਪਿਸਟਾਂ ਤੇ ਸਟੈਨੋਗਰਾਫਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਉਹ ਨਵੇਂ ਕੀ-ਬੋਰਡ ਦੀਆਂ ਹਨ । ਨਵੇਂ ਕੀ-ਬੋਰਡ ਉਤੇ ਕੰਮ ਸਿਖੇ ਕਰਮਚਾਰੀ ਪੁਰਾਣੇ ਕੀ-ਬੋਰਡ ਤੇ ਕੰਮ ਕਰਨ ਤੇ ਅਸਮਰਥ ਹੁੰਦੇ ਹਨ ਅਤੇ ਸਿੱਟੇ ਵਜੋਂ ਸਰਕਾਰ ਦੇ ਕੰਮ ਵਿਚ ਹਰਜ ਹੁੰਦਾ ਹੈ । ਇਨ੍ਹਾਂ ਔਕੜਾਂ ਨੂੰ ਮੁੱਖ ਰਖਦਿਆਂ ਹੋਇਆ ਪੁਰਾਣੇ ਕੀ-ਬੋਰਡ ਦੀਆਂ ਪੰਜਾਬੀ ਟਾਈਪ ਮਸ਼ੀਨਾਂ ਦੇ ਕੀ-ਬੋਰਡ ਦੀਆਂ ਮਸ਼ੀਨਾਂ ਨਾਲ ਵਟਾਂਦਰਾਂ ਕਰਨ ਬਾਰੇ ਮਾਮਲਾ ਕੁਝ ਚਿਰ ਤੋਂ ਸਰਕਾਰ ਦੇ ਵਿਚਾਰ ਅਧੀਨ ਸੀ । ਹੁਣ ਇਸ ਸਬੰਧੀ ਗਹੁ ਨਾਲ ਵਿਚਾਰ ਕਰਨ ਉਪਰੰਤ ਉਕਤ ਵਟਾਂਦਰਾ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿੰਨੀਆਂ ਪੁਰਾਣੇ ਕੀ-ਬੋਰਡ ਦੀਆਂ ਟਾਈਪ ਮਸ਼ੀਨਾਂ ਵਟਾਂਦਰਾ ਕਰਨ ਦੀ ਲੋੜ ਹੋਵੇ ਉਤਨੀਆਂ ਹੀ ਪੁਰਾਣੇ ਕੀ-ਬੋਰਡ ਦੀਆਂ ਟਾਈਪ ਮਸ਼ੀਨਾਂ ਪਹਿਲਾਂ ਡਿਪਟੀ ਕੰਟਰੋਲਰ, ਛਪਾਈ ਤੇ

ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਕੋਲ ਜਮ੍ਹਾਂ ਕਰਵਾ ਦਿੱਤੀਆਂ ਜਾਣ । ਇਸ ਉਪਰੰਤ ਡਿਪਟੀ ਕੰਟਰੋਲਰ , ਛਪਾਈ ਤੇ ਲਿਖਣ ਸਮੱਗਰੀ ਵਿਭਾਗ ਵਲੋਂ ਮਸ਼ੀਨਾਂ ਜਮ੍ਹਾਂ ਕਰਾਉਣ ਸੰਬੰਧੀ ਜਾਰੀ ਕੀਤੇ ਸਰਟੀਫਿਕੇਟ ਜਿਸ ਵਿਚ ਮਸ਼ੀਨਾਂ ਦੀ ਗਿਣਤੀ, ਸਾਈਜ਼ ਆਦਿ ਦਾ ਵੇਰਵਾ ਦਰਜ ਹੋਵੇ, ਦੇ ਆਧਾਰ ਤੇ ਮਹਿਕਮੇ ਇਵਜ਼ ਵਿਚ ਨਵੇਂ ਕੀ-ਬੋਰਡ ਦੀਆਂ ਪੰਜਾਬੀ ਟਾਈਪ ਮਸ਼ੀਨਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਕੋਲੋਂ ਪ੍ਰਾਪਤ ਕਰ ਲੈਣ ।

ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,
ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾ ਤੇ ਜ਼ਰੂਰੀ ਕਾਰਵਾਈ ਲਈ -

1. ਸਮੂਹ ਵਿੱਤੀ ਕਮਿਸ਼ਨਰ, ਪੰਜਾਬ ।

2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ ।

ਉਪ-ਸੁਪਰਡੈਂਟ ਭਾਸ਼ਾ
ਵਾ: ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

1. ਸਮੂਹ ਵਿੱਤੀ ਕਮਿਸ਼ਨਰ, ਪੰਜਾਬ ।

2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ ।

ਗ:ਸ:ਪ. ਨੰ: 3383-1 ਭਾਸ਼ਾ -70 ਮਿਤੀ, ਚੰਡੀਗੜ੍ਹ, 30 ਅਕਤੂਬਰ, 1970

ਇਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਗੈ.ਸ.ਪ.ਨੰ: 1534-1 ਸਾਲ 70 ਮਿਤੀ 23 ਜੂਨ, 1970 ਦੇ ਹਵਾਲੇ ਵਿਚ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਉਪ-ਸੁਪਰਡੈਂਟ ਭਾਸ਼ਾ
ਵਾ: ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਸਕੱਤਰ ਪੰਜਾਬ ਸਰਕਾਰ
ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ।

ਗੈ.ਸ.ਪੱ.ਨੰ: 3383 -1 ਭਾਸ਼ਾ -70 ਮਿਤੀ, ਚੰਡੀਗੜ੍ਹ, 30 ਅਕਤੂਬਰ, 1970
ਨੰ: 3383 -1 ਭਾਸ਼ਾ -70/28719 ਮਿਤੀ, ਚੰਡੀਗੜ੍ਹ, 30 ਅਕਤੂਬਰ, 1970

ਇਕ ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 136 (ਪ੍ਰ ਮਸ਼ੀਨਾਂ-6)-70/800, ਮਿਤੀ 29 ਸਤੰਬਰ, 1970 ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ । ਉਕਤ ਅੰਕਤ ਕਾਰਜ ਵਿਧੀ ਨੂੰ ਮੁੱਖ ਰਖਦਿਆਂ ਹੋਇਆਂ ਪੁਰਾਣੇ ਕੀ-ਬੋਰਡ ਦੀਆਂ ਮਸ਼ੀਨਾਂ ਦਾ ਵਟਾਂਦਰਾ ਕੀਤਾ ਜਾਵੇ ਇਸ ਤੋਂ ਇਲਾਵਾ ਜੋ ਮਸ਼ੀਨਾਂ ਭਾਸ਼ਾ ਵਿਭਾਗ ਦੇ ਸਟਾਕ ਵਿਚ ਬਚਣ ਉਨ੍ਹਾਂ ਬਾਰੇ ਤੁਰੰਤ ਰਿਪੋਰਟ ਸਰਕਾਰ ਵੱਲ ਭੇਜੀ ਜਾਵੇ ।

ਉਪ-ਸੁਪਰਡੈਂਟ ਭਾਸ਼ਾ
ਵਾ: ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 6586-ਸ II (3)-70/29137

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਚ

ਪੰਜਾਬ ਦੇ ਵਿਭਾਗਾਂ ਦੇ ਸਾਰੇ ਮੁੱਖੀ, ਰਜਿਸਟਰਾਰ,
ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਡਵੀਜ਼ਨਾਂ ਦੇ ਕਮਿਸ਼ਨਰ,
ਜ਼ਿਲ੍ਹਾ ਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ ।

ਮਿਤੀ, ਚੰਡੀਗੜ੍ਹ 30 ਅਕਤੂਬਰ, 1970 ।

ਵਿਸ਼ਾ :- ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦਾ ਪ੍ਰਚਾਲਣ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਵਲੋਂ ਕਈ ਵਾਰ ਇਹ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਪੰਜਾਬ ਭਾਸ਼ਾ ਐਕਟ ਦੇ ਅਧੀਨ ਦਫ਼ਤਰਾਂ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਚਾਹੀਦਾ ਹੈ । ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਇਸ ਸਬੰਧੀ ਅਣਗਹਿਲੀ ਕਰਨ ਵਾਲਿਆਂ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । ਪ੍ਰੰਤੂ ਇਸ ਦੇ ਬਾਵਜੂਦ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਪੰਜਾਬੀ ਵਿਚ ਕੰਮ ਕਰਨ ਬਾਰੇ ਸਰਕਾਰੀ ਹਦਾਇਤਾਂ ਦੀ ਪਾਲਣਾ ਨਹੀਂ ਹੋ ਰਹੀ ਅਤੇ ਦਫ਼ਤਰਾਂ ਵਿਚ ਬਹੁਤ ਸਾਰਾ ਕੰਮ ਅੰਗਰੇਜ਼ੀ ਵਿਚ ਹੋ ਰਿਹਾ ਹੈ । ਇਸ ਲਈ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਇਸ ਗੱਲ ਦਾ ਨਿਸ਼ਚਾ ਕਰੋ ਕਿ ਸਰਕਾਰੀ ਕੰਮ ਕਾਜ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬੀ ਵਿਚ ਹੋਵੇ ।

ਇਕਬਾਲ ਸਿੰਘ,
ਅਧੀਨ ਸਕੱਤਰ, ਸੇਵਾਵਾਂ,
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ।

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਿਆ ਜਾਂਦਾ ਹੈ । ਇਹ ਉਨ੍ਹਾਂ ਦੀ ਖ਼ਾਸ ਕਰ ਜ਼ੁੰਮੇਵਾਰੀ ਹੈ ਕਿ ਉਨ੍ਹਾਂ ਅਧੀਨ ਸਮੂਹ

ਵਿਭਾਗਾਂ/ਦਫ਼ਤਰਾਂ ਵਿਚ ਪੰਜਾਬੀ ਵਿਚ ਕੰਮ ਕਰਨ ਬਾਰੇ ਹਦਾਇਤਾਂ ਦੀ ਕਿਸੇ ਪ੍ਰਕਾਰ ਦੀ ਉਲੰਘਣਾ ਨਾ ਹੋਵੇ ।

ਇਕਬਾਲ ਸਿੰਘ,
ਅਧੀਨ ਸਕੱਤਰ, ਸੇਵਾਵਾਂ,
ਵਾ: ਮੁੱਖ ਸਕੱਤਰ, ਪੰਜਾਬ
ਸਰਕਾਰ।

ਸੇਵਾ ਵਿਚ

(1) ਸਮੂਹ ਵਿੱਤੀ ਕਮਿਸ਼ਨਰ
(2) ਸਮੂਹ ਪ੍ਰਬੰਧਕੀ ਸਕੱਤਰ ।

ਗ.ਸ.ਪ. ਨੰ: 6586-ਸ II-(3) 70/ ਮਿਤੀ, ਚੰਡੀਗੜ੍ਹ 30 ਅਕਤੂਬਰ, 1970

(ਨੰ: 80 (ਮੰ)-1 ਭਾਸ਼ਾ -70/

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 30 ਅਕਤੂਬਰ, 1970

ਵਿਸ਼ਾ : ਭਾਰਤ ਸਰਕਾਰ ਅਤੇ ਹੋਰ ਹਿੰਦੀ ਰਾਜਾਂ ਨਾਲ ਹਿੰਦੀ ਵਿਚ ਪੱਤਰ-ਵਿਹਾਰ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 411-ਭਾਸ਼ਾ-70/4484 ਮਿਤੀ 18 ਫਰਵਰੀ, 1970 ਵੱਲ ਦਿਵਾਉਂਦਿਆਂ ਹੋਇਆਂ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਕੇਂਦਰ ਅਤੇ ਹਿੰਦੀ ਭਾਸ਼ੀ ਰਾਜਾਂ ਨਾਲ ਸਾਰੀ ਲਿਖਾ ਪੜ੍ਹੀ ਹਿੰਦੀ ਵਿਚ ਕੀਤੀ ਜਾਣੀ ਹੈ । ਹਿੰਦੀ, ਜੋ ਸਾਡੀ ਰਾਸ਼ਟਰ ਭਾਸ਼ਾ ਹੈ, ਨੂੰ ਵਿਸ਼ੇਸ਼ ਮਹੱਤਤਾ ਦਿੰਦੇ ਹੋਏ ਪੰਜਾਬ ਸਰਕਾਰ ਹੋਰਨਾਂ ਹਿੰਦੀ ਭਾਸ਼ੀ ਰਾਜਾਂ ਨਾਲ ਵੀ, ਇਸ ਨੂੰ ਅੰਤਰ-ਰਾਜੀ ਪੱਤਰ ਵਿਹਾਰ ਦੀ ਭਾਸ਼ਾ ਵਜੋਂ ਅਪਣਾਏ ਜਾਣ ਦੇ ਹੱਕ ਵਿਚ ਹੈ । ਕੇਂਦਰੀ ਰਾਜ ਭਾਸ਼ਾਵਾਂ (ਤਰਮੀਮੀ) ਐਕਟ, 1967 ਦੀ ਧਾਰਾ 3 (1) ਅਤੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 346 ਵਿਚ ਅੰਕਤ ਸ਼ਰਤਾਂ ਅਨੁਸਾਰ ਰਾਜ ਸਰਕਾਰ ਦੂਸਰੇ ਅਹਿੰਦੀ ਭਾਸ਼ੀ ਰਾਜਾਂ ਨਾਲ ਹਿੰਦੀ ਵਿਚ ਪੱਤਰ ਵਿਹਾਰ ਕਰਨ ਲਈ ਪਰਸਪਰ ਸਹਿਮਤੀ ਨਾਲ ਫੈਸਲਾ ਕਰ ਸਕਦੀ ਹੈ । ਇਸ ਲਈ ਸਮੂਹ ਹਿੰਦੀ ਭਾਸ਼ੀ ਰਾਜਾਂ ਨੂੰ ਪੁਛਿਆ ਗਿਆ ਸੀ ਕਿ ਕੀ ਉਹ ਆਪਸੀ ਪੱਤਰ ਵਿਹਾਰ ਵਿਚ ਹਿੰਦੀ ਨੂੰ ਅਪਣਾਏ ਜਾਣ ਦੇ ਹੱਕ ਵਿਚ ਹਨ । ਗੁਜਰਾਤ ਸਰਕਾਰ ਨੇ ਲੋੜੀਂਦੀ ਸਹਿਮਤੀ ਦੇ ਦਿੱਤੀ ਹੈ ਅਤੇ ਪੰਜਾਬ ਸਰਕਾਰ ਨੇ ਇਸ ਸਬੰਧੀ ਗਹੁ ਨਾਲ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਹੈ ਕਿ ਇਸ ਰਾਜ ਅਤੇ ਗੁਜਰਾਤ ਵਿਚ ਰਾਜ ਵਿਚਕਾਰ ਲਿਖਾ ਪੜ੍ਹੀ ਹਿੰਦੀ ਭਾਸ਼ਾ ਵਿਚ ਕੀਤੀ ਜਾਵੇ । ਇਸ ਲਈ ਆਪ ਜੀ ਨੂੰ ਸੂਚਨਾ ਹਿੱਤ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਉਪਰੋਕਤ ਫੈਸਲੇ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ ਅਤੇ ਅੱਗੇ ਤੋਂ ਗੁਜਰਾਤ ਰਾਜ ਨਾਲ ਸਾਰਾ ਪੱਤਰ ਵਿਹਾਰ ਹਿੰਦੀ ਭਾਸ਼ਾ ਵਿਚ ਕੀਤਾ ਜਾਵੇ ।

ਕਿਰਪਾ ਕਰਕੇ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਸੰਯੁਕਤ ਸਕੱਤਰ,ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰ, ਪੰਜਾਬ ਅਤੇ ਸਮੂਹ ਪ੍ਰਬੰਧਕੀ ਸਕੱਤਰਾਂ, ਪੰਜਾਬ ਨੂੰ ਭੇਜਿਆ ਜਾਂਦਾ ਹੈ ।

2. ਕਿਰਪਾ ਪੂਰਵਕ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਉਪ ਸੁਪਰਡੈਂਟ, ਭਾਸ਼ਾ,
ਵਾਸਤੇ ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਸਮੂਹ ਵਿੱਤ ਕਮਿਸ਼ਨਰ, ਪੰਜਾਬ
ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗ.ਸ.ਨੰ: 80 (ਮੰ) 1 ਭਾਸ਼ਾ -70 ਮਿਤੀ, ਚੰਡੀਗੜ੍ਹ,

ਨੰ: 739-1 ਭਾਸ਼ਾ -71/8187

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 1 ਅਪ੍ਰੈਲ, 1971

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਪੱਤਰ ਨੰ: 3278-1 ਭਾਸ਼ਾ- 71/27570, ਮਿਤੀ 16 ਅਕਤੂਬਰ, 1970 ਵੱਲ ਧਿਆਨ ਦਿਵਾਉਂਦਿਆਂ ਹੋਇਆ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਕੁਝ ਦੇਰ ਤੋਂ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਰਾਜ ਦੇ ਸਮੂਹ ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਸਬੰਧੀ ਪ੍ਰਗਤੀ ਜਾਨਣ ਲਈ ਭਾਸ਼ਾ ਵਿਭਾਗ ਚੈਕਿੰਗ ਕਰਦਾ ਹੈ । ਇਹ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਵਿਭਾਗਾਂ ਅਤੇ ਦਫ਼ਤਰਾਂ ਵਿਚ ਅਜੇ ਵੀ ਬਹੁਤ ਹੱਦ ਤੱਕ ਅੰਗ੍ਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ । ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਆਇਆ ਹੈ ਅਤੇ ਉਨ੍ਹਾਂ ਨੇ ਹੁਕਮ ਦਿੱਤਾ ਹੈ ਕਿ ਪੰਜਾਬੀ ਦੇ ਪ੍ਰਚਾਲਣ ਨੂੰ ਯਕੀਨੀ ਬਣਾਉਣ ਲਈ ਵਿਭਾਗਾਂ/ਦਫ਼ਤਰਾਂ ਦੇ ਮੁੱਖ ਅਧਿਕਾਰੀ ਇਹ ਵੇਖਣ ਕਿ ਕੀ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਭਾਵਨਾ ਦੀ ਪਾਲਣਾ ਕਰਦਿਆਂ ਹੋਇਆ ਪ੍ਰਸ਼ਾਸਨ ਸਬੰਧੀ ਲਿਖਾ ਪੜ੍ਹੀ ਰਾਜ ਭਾਸ਼ਾ ਵਿਚ ਕੀਤੀ ਜਾਂਦੀ ਹੈ ਜਾਂ ਨਹੀਂ । ਮੁੱਖ ਅਧਿਕਾਰੀ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਫਾਈਲਾਂ ਜਿਨ੍ਹਾਂ ਤੇ ਲਿਖਾ ਪੜ੍ਹੀ ਬਾਬਤ ਨੋਟਿੰਗ ਆਦਿ (ਸਵਾਏ ਸਰਕਾਰ ਵਲੋਂ ਵਿਸ਼ੇਸ਼ ਦਿੱਤੀ ਛੋਟ ਦੇ) ਅੰਗਰੇਜ਼ੀ ਵਿਚ ਕੀਤੀ ਹੋਵੇ ਬਿਨਾਂ ਹੁਕਮ ਵਾਪਸ ਕਰਨ ਅਤੇ ਸਰਕਾਰੀ ਹਦਾਇਤਾਂ ਦੀ ਅਵੱਗਿਆ ਕਰਨ ਵਾਲੇ ਕਰਮਚਾਰੀ/ਅਧਿਕਾਰੀ ਵਿਰੁੱਧ ਪ੍ਰਸ਼ਾਸਕੀ ਕਾਰਵਾਈ ਕਰਨ । ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ / ਕਰਮਚਾਰੀਆਂ ਪਾਸੋਂ ਇਹ ਚਿੱਠੀ ਨੋਟ ਕਰਵਾ ਲਈ ਜਾਵੇ ਅਤੇ ਸਰਕਾਰ ਦੇ ਹੁਕਮ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ ।

2. ਕਿਰਪਾ ਪੂਰਬਕ ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸ਼ਵਾਸ਼ਪਾਤਰ,

ਵਾ : ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾ ਅਤੇ ਯੋਗ ਕਾਰਵਾਈ ਲਈ ਪੰਜਾਬ ਦੇ ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਸ਼ਾਸ਼ਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ ।

2. ਕਿਰਪਾ ਕਰਕੇ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਉਪ ਸੁਪਰਡੈਂਟ ਭਾਸ਼ਾ
ਵਾ: ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 94 (ਸੋ)-1 ਭਾਸ਼ਾ -70/140

ਵਲੋਂ

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 6 ਜਨਵਰੀ, 1971

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ- ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ- ਸਰਵਿਸ ਰੂਲਾਂ ਵਿਚ ਉਪਬੰਧ ਕਰਨ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੀ ਗਸ਼ਤੀ ਚਿੱਠੀ ਨੰ: 601- ਭਾਸ਼ਾ-69/7199 ਮਿਤੀ 12-3-1939 ਵੱਲ ਧਿਆਨ ਦਿਵਾਉਂਦਿਆਂ ਹੋਇਆਂ ਇਹ ਲਿਖਣ ਦੀ ਆਗਿਆ ਹੋਈ ਹੈ ਕਿ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੇ ਵਿਭਾਗਾਂ ਵਲੋਂ ਅਜੇ ਤਕ ਸਰਕਾਰ ਦੀ ਗਸ਼ਤੀ ਚਿੱਠੀ ਨੰ: 3107-1 ਭਾਸ਼ਾ-68/21805, ਮਿਤੀ 29-7-1968 ਵਿਚ ਅੰਕਤ ਭਰਤੀ ਸਬੰਧੀ ਭਾਸ਼ਾ ਨੀਤੀ ਮੁਤਾਬਿਕ ਅਮਲੇ ਦੇ ਸਰਵਿਸ ਰੂਲਾਂ ਵਿਚ ਉਪਬੰਧ (Provision) ਨਹੀਂ ਕਰਵਾਇਆ ਗਿਆ ਬਲਕਿ ਕਈ ਕੇਸਾਂ ਵਿਚ ਸਰਕਾਰ ਦੀ ਭਾਸ਼ਾ ਨੀਤੀ ਦੀ ਉਲੰਘਣਾ ਕਰਦਿਆਂ ਹੋਇਆਂ ਅਜੇ ਵੀ ਪਹਿਲਾਂ ਬਣੇ ਹੋਏ ਸਰਵਿਸ ਰੂਲਾਂ ਦੀ ਆੜ ਵਿਚ ਰਾਜ ਸਰਕਾਰ ਦੀਆਂ ਨੌਕਰੀਆਂ ਲਈ ਇੱਛੁਕ ਉਮੀਦਵਾਰਾਂ ਤੇ ਹਿੰਦੀ ਦੀ ਯੋਗਤਾ ਦੀ ਸ਼ਰਤ ਠੋਸੀ ਜਾ ਰਹੀ ਹੈ । ਸਰਕਾਰ ਦੀਆਂ ਹਦਾਇਤਾਂ ਸਪਸ਼ਟ ਹਨ ਅਤੇ ਇਸ ਅਨੁਸਾਰ ਮੁਢਲੀ ਭਰਤੀ ਵੇਲੇ ਉਮੀਦਵਾਰਾਂ ਨੂੰ ਕੇਵਲ ਪੰਜਾਬੀ ਭਾਸ਼ਾ ਵਿਚ ਹੀ ਮੈਟ੍ਰਿਕ ਪੱਧਰ ਦਾ ਗਿਆਨ ਹੋਣਾ ਲਾਜ਼ਮੀ ਰੱਖਿਆ ਗਿਆ ਹੈ। ਉਕਤ ਅੰਕਤ ਹਾਲਾਤ ਵਿਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਆਪਣੇ ਵਿਭਾਗਾਂ ਦੇ ਅਮਲੇ ਦੇ ਸਰਵਿਸ ਰੂਲਾਂ ਵਿਚ ਲੋੜੀਂਦਾ ਉਪਬੰਧ ਤੁਰੰਤ ਕਰਵਾਇਆ ਜਾਵੇ

ਇਹ ਵੇਖਣਾ ਨਿਯੁਕਤੀ ਅਧਿਕਾਰੀ ਦੀ ਨਿਜੀ ਜ਼ਿੰਮੇਵਾਰੀ ਹੋਵੇਗੀ ਕਿ ਆਸਾਮੀਆਂ ਭਰਨ ਵੇਲੇ ਪੰਜਾਬ ਲੋਕ ਸੇਵਾ ਕਮਿਸ਼ਨ/ਵਿਭਾਗੀ ਕਮੇਟੀ ਨੂੰ ਭੇਜੇ ਗਏ ਮੰਗ ਪੱਤਰ ਵਿਚ ਸਰਕਾਰ ਦੀ ਭਾਸ਼ਾ ਨੀਤੀ ਦੀ ਠੀਕ ਢੰਗ ਨਾਲ ਪਾਲਣਾ ਕੀਤੀ ਗਈ ।

2. ਕਿਰਪਾ ਪੂਰਬਕ ਇਸ ਦੀ ਪਹੁੰਚ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,

ਵਾ : ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਪੰਜਾਬ ਅਤੇ ਸਮੂਹ ਪ੍ਰਬੰਧਕੀ ਸਕੱਤਰਾਂ, ਪੰਜਾਬ ਨੂੰ ਭੇਜਿਆ ਜਾਂਦਾ ਹੈ ।

2. ਕਿਰਪਾ ਕਰਕੇ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਉਪ ਸੁਪਰਡੈਂਟ ਭਾਸ਼ਾ
ਵਾ: ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 1364 -1 ਭਾਸ਼ਾ -71/23495

ਵਲੋਂ

ਸਿੱਖਿਆ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਸਮੂਹ ਵਿਭਾਗੀ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 20 ਅਗਸਤ, 1970

ਵਿਸ਼ਾ : ਪੰਜਾਬ ਰਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਬਾਰੇ ।

ਸ੍ਰੀਮਾਨ ਜੀ,

ਕੁਝ ਦੇਰ ਤੋਂ ਪਹਿਲੇ ਮੁੱਖ ਮੰਤਰੀ ਜੀ ਦੇ ਆਦੇਸ਼ ਨਾਲ ਰਾਜ ਦੇ ਸਮੂਹ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਸਬੰਧੀ ਪ੍ਰਗਤੀ ਜਾਣਨ ਲਈ ਭਾਸ਼ਾ ਵਿਭਾਗ, ਪੰਜਾਬ, ਚੈਕਿੰਗ ਕਰਦਾ ਆ ਰਿਹਾ ਹੈ । ਇਹ ਮਾਲੂਮ ਹੋਇਆ ਹੈ ਕਿ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕਰਦਿਆਂ ਹੋਇਆ ਅਜੇ ਵੀ ਬਹੁਤ ਕੰਮ ਕਾਜ ਅੰਗਰੇਜ਼ੀ ਵਿਚ ਕੀਤਾ ਜਾਂਦਾ ਹੈ । ਪੰਜਾਬੀ ਇਕ ਐਕਟ ਦੇ ਤਹਿਤ ਲਾਗੂ ਕੀਤੀ ਗਈ ਅਤੇ ਅਤੇ ਇਸ ਦੀ ਵਰਤੋਂ ਨਾ ਕੀਤੀ ਜਾਣੀ ਐਕਟ ਦੀ ਉਲੰਘਣਾ ਹੈ । ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਅੱਗੋਂ ਤੋਂ ਕਾਨੂੰਨ ਦੀ ਪਾਲਣਾ ਕਰਦਿਆਂ ਹੋਇਆਂ ਪੂਰਾ ਕੰਮ-ਕਾਜ ਪੰਜਾਬੀ ਵਿਚ ਕਰਨ । ਜੇ ਸਰਕਾਰ ਦੇ ਨੋਟਿਸ ਵਿਚ ਇਹ ਗਲ ਫਿਰ ਆਈ ਕਿ ਕੋਈ ਵਿਭਾਗ/ਦਫਤਰ/ਕਰਮਚਾਰੀ ਸਰਕਾਰੀ ਹਦਾਇਤਾਂ ਦੀ ਉਲੰਘਣਾ ਕਰਦਿਆਂ ਹੋਇਆਂ, ਅੰਗਰੇਜ਼ੀ ਦੀ ਵਰਤੋਂ ਦਫ਼ਤਰ ਦੇ ਕੰਮ ਵਿਚ ਕਰਦਾ ਹੈ ਤਾਂ ਉਹਦੇ ਵਿਰੁੱਧ ਕਰੜੀ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇਗੀ । ਸਬੰਧਤ ਅਫ਼ਸਰ ਕਿਰਪਾ ਕਰਕੇ ਇਸ ਗੱਲ ਦਾ ਧਿਆਨ ਰੱਖਣ ਕਿ ਸਰਕਾਰ ਦੀ ਪਾਲਿਸੀ ਅਸਲ ਅਰਥਾਂ ਵਿਚ ਸਫਲ ਹੋਏ ।

2. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ ।

ਉਪ ਸਕੱਤਰ, ਸਿੱਖਿਆ (1)
ਵਾ: ਸਿੱਖਿਆ ਕਮਿਸ਼ਨਰ ਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

**ਨੰ: 2719 -1 ਭਾਸ਼ਾ -71/26724**

ਵਲੋਂ

ਸਿੱਖਿਆ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 14 ਸਤੰਬਰ, 1971

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ- ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਪੁਰ ਪੰਜਾਬ ਸਰਕਾਰ ਦੇ ਪੱਤਰ ਨੰ: 3107-ਭਾਸ਼ਾ 68/21805, ਮਿਤੀ 29 ਜੁਲਾਈ, 1968 ਰਾਹੀਂ ਪੰਜਾਬ ਸਰਕਾਰ ਵਿਚ ਸਾਰੀਆਂ ਨੌਕਰੀਆਂ ਤੇ ਭਰਤੀ ਵਾਸਤੇ, ਹਰ ਉਮੀਦਵਾਰ ਲਈ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰ ਸਟੈਂਡਰਡ ਦੀ ਵਿਦਿਅਕ ਯੋਗਤਾ ਦੀ ਪ੍ਰਾਪਤੀ, ਲਾਜ਼ਮੀ ਮੁਕਰਰ ਕੀਤੀ ਗਈ ਸੀ । ਬਾਅਦ ਵਿਚ, ਉਪਰੋਕਤ ਪੱਤਰ ਰਾਹੀਂ ਨਿਸ਼ਚਿਤ ਕੀਤੀ ਨੀਤੀ ਵਿਚ, ਪੰਜਾਬ ਸਰਕਾਰ ਦੇ ਪੱਤਰ ਨੰ: 1588-1 ਭਾਸ਼ਾ-70/11557, ਮਿਤੀ 7 ਮਈ, 1970 ਰਾਹੀਂ ਨਰਮੀ ਇਸ ਹੱਦ ਤੱਕ ਕਰ ਦਿੱਤੀ ਗਈ ਸੀ ਕਿ ਨਿਰੋਲ ਤਕਨੀਕੀ ਆਸਾਮੀਆਂ ਤੇ ਭਰਤੀ ਵੇਲੇ, ਪੰਜਾਬੀ ਦੇ ਮੈਟ੍ਰਿਕ ਪੱਧਰ ਦੇ ਗਿਆਨ ਤੇ ਜ਼ੋਰ ਨਾ ਦਿੱਤਾ ਜਾਵੇ ਪਰ ਉਮੀਦਵਾਰ ਲਈ, ਚੋਣ ਉਪਰੰਤ, ਛੇ ਮਹੀਨੇ ਦੇ ਅੰਦਰ ਅੰਦਰ ਯੋਗਤਾ ਟੈਸਟ ਭਾਸ਼ਾ ਵਿਭਾਗ, ਪੰਜਾਬ ਰਾਹੀਂ ਜਾਂ ਕਿਸੇ ਯੂਨੀਵਰਸਿਟੀ ਰਾਹੀਂ ਪਾਸ ਕਰਨਾ ਲਾਜ਼ਮੀ ਕੀਤਾ ਜਾਵੇ ਅਤੇ ਇਸ ਮਿੱਥੇ ਸਮੇਂ ਵਿਚ ਇਸ ਪੱਖੋਂ ਅਸਫ਼ਲਤਾ ਕਾਰਨ, ਕਰਮਚਾਰੀਆਂ ਦੀਆਂ ਸੇਵਾਵਾਂ ਮੁਕਤ ਕਰ ਦਿੱਤੀਆਂ ਜਾਣ।

2. ਇਸ ਮਸਲੇ ਤੇ ਸਰਕਾਰ ਉਸ ਸਮੇਂ ਤੋਂ ਹੀ ਬੜੇ ਗਹੁ ਨਾਲ ਵਿਚਾਰ ਕਰਦੀ ਆ ਰਹੀ ਹੈ ਅਤੇ ਹੁਣ ਫ਼ੈਸਲਾ ਇਹ ਕੀਤਾ ਹੈ ਕਿ ਉਪਰੋਕਤ ਹਵਾਲੇ ਪੱਤਰ ਮਿਤੀ 7 ਮਈ, 1970 ਰਾਹੀਂ ਦਿੱਤੀ ਛੋਟ/ਨਰਮੀ ਖ਼ਤਮ ਕਰ ਦਿੱਤੀ ਜਾਵੇ । ਇਸ ਵਾਸਤੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਅੱਗੋਂ ਤੋਂ ਪੰਜਾਬ ਸਰਕਾਰ ਵਲੋਂ ਉਪਰੋਕਤ ਹਵਾਲੇ ਪੱਤਰ ਮਿਤੀ

29 ਜੁਲਾਈ, 1968 ਰਾਹੀਂ ਪੰਜਾਬ ਸਰਕਾਰ ਦੀਆਂ ਸਾਰੀਆਂ ਨੌਕਰੀਆਂ ਦੇ ਭਰਤੀ ਵਾਸਤੇ ਨਿਸ਼ਚਿਤ ਕੀਤੀ, ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਸਟੈਂਡਰਡ ਵਿਦਿਅਕ ਯੋਗਤਾ, ਸਬੰਧੀ ਜਾਰੀ ਕੀਤੀਆਂ ਹਦਾਇਤਾਂ ਨੂੰ ਤੁਰੰਤ ਮੁੜ ਅਮਲ ਵਿਚ ਲਿਆਂਦਾ ਜਾਏ । ਇਹ ਬੇਨਤੀ ਵੀ ਕੀਤੀ ਜਾਂਦੀ ਹੈ ਕਿ ਇਹ ਗੱਲ ਯਕੀਨੀ ਬਣਾਈ ਜਾਏ ਕਿ ਕਿਸੇ ਆਸਾਮੀ ਤੇ ਵੀ ਨਿਯੁਕਤੀ, ਸਰਕਾਰ ਦੀਆਂ 29 ਜੁਲਾਈ, 1968 ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਨਾ ਕੀਤੀ ਜਾਵੇ ।

3. ਇਹ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ ।

4. ਇਸ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾ ਕੀਤੀ ਜਾਵੇ ।

ਵਿਸ਼ਵਾਸਪਾਤਰ
ਉਪ-ਸਕੱਤਰ ਸਿੱਖਿਆ,
ਵਾ: ਸਿਖਿਆ ਕਮਿਸ਼ਨਰ ਅਤੇ ਸਕੱਤਰ,
ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 2719-1 ਭਾਸ਼ਾ 71/26735 ਮਿਤੀ, ਚੰਡੀਗੜ੍ਹ,10/14 ਸਤੰਬਰ 1971

ਇਕ ਉਤਾਰਾ ਸਕੱਤਰ, ਪੰਜਾਬ ਸੇਵਾ ਕਮਿਸ਼ਨ ਪਟਿਆਲਾ ਅਤੇ ਡਾਇਰੈਕਟਰ ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ-ਸਕੱਤਰ ਸਿੱਖਿਆ,
ਵਾ: ਸਿਖਿਆ ਕਮਿਸ਼ਨਰ ਅਤੇ ਸਕੱਤਰ,
ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ (1) ਸਮੂਹ ਵਿੱਤੀ ਕਮਿਸ਼ਨਰਾਂ (2) ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ ।

ਉਪ-ਸਕੱਤਰ ਸਿੱਖਿਆ,
ਵਾ: ਸਿਖਿਆ ਕਮਿਸ਼ਨਰ ਅਤੇ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

(1) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ।

(2) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗੈਰ-ਸਰਕਾਰੀ ਪ. ਨੰ: : 2719-1 ਭਾਸ਼ਾ 71, ਮਿਤੀ, ਚੰਡੀਗੜ੍ਹ, 10/14 ਸਤੰਬਰ,1971

**No.3011-ILG-71/28911**

From

The Education Commissioners and Secretary to Government, Punjab, Education and Language Department

To

All Heads of Departments, Registrar, Punjab and Haryana High Court , commissioners of Divisions, District and & Session Judges, and Deputy Commissioners in the Punjab

*Dated Chandigarh , the 24th September, 1971.*

*Subject.*-Introduction of Punjabi into administration -

Qualification for recruitment ot Government. Services.

Sir,

I am directed to say that the instruction contained in Punjab Government letter No. 2719-ILG-71/26724 dated 14-9-1971, have been cancelled. The instructions contained in Punjab Government letter No. 1588-ILG-70/11557, dated the 7th May, 1970, will remain in force as hereto .

Yours faithfully,
Education Commissioner and Secretary
to Government, Punjab,
Education and Language Department .

No. 3011-ILG-71/28912-13 dated, Chandigarh, the 25th Sept. 1971

A copy is forwarded to the Secretary, Punjab Public Service Commission, Patiala and Director of Employment Exchange, Punjab Chandigarh for information and necessary action.

*for* Education Commissioner and
Secretary to Government, Punjab,
Education and Language Department.

Copies are forwarded to all the Financial Commissioners, Punjab, and all the Administrative Secretaries to Government, Punjab, for information and necessary action.

*for* Education Commissioner and
Secretary to Government, Punjab,
Education and Language Department.

To

1. All the Financial Commissioners, Punjab, and
2. All the Administrative Secretaries to Govt. Punjab.

*U.O.No. 3011-ILG-71 dated Chandigarh, the 24th Sept., 1971*

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 3079 -1 ਭਾਸ਼ਾ -71/36557

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਸਮੂਹ ਵਿਭਾਗੀ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 3 ਦਸੰਬਰ, 1971

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਸਰਕਾਰੀ ਦਫ਼ਤਰਾਂ ਵਿਚ ਵਰਤੋਂ ।

ਸ੍ਰੀਮਾਨ ਜੀ,

ਪੰਜਾਬ ਆਫੀਸ਼ੀਅਲ ਲੈਂਗੂਏਜ ਐਕਟ, 1967 ਦੇ ਤਹਿਤ, ਸਰਕਾਰੀ ਕੰਮ ਚਲਾਉਣ ਲਈ ਲਾਗੂ ਕੀਤੀ ਗਈ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਕਰਨ ਵਾਸਤੇ ਵਕਤ-ਬ-ਵਕਤ ਹਦਾਇਤਾਂ ਸਰਕਾਰ ਜਾਰੀ ਕਰਦੀ ਆ ਰਹੀ ਹੈ । ਸਰਕਾਰ ਨੂੰ ਖੇਦ ਹੈ ਕਿ ਇਸ ਸਿਲਸਿਲੇ ਵਿਚ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀਂ ਕੀਤੀ ਜਾਰੀ ਰਹੀ ਅਤੇ ਬਜਾਏ ਰਾਜ ਭਾਸ਼ਾ, ਪੰਜਾਬੀ ਵਿਚ ਨੋਟਿੰਗ/ਡਰਾਫਟਿੰਗ ਕਰਨ ਦੇ ਕਈ ਦਫ਼ਤਰਾਂ ਵਿਚ ਸਰਕਾਰੀ ਕੰਮ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ । ਇਸ ਗੱਲ ਨੂੰ ਸਰਕਾਰ ਚੰਗਾ ਨਹੀਂ ਸਮਝਦੀ ਅਤੇ ਰੋਸ ਪ੍ਰਗਟ ਕਰਦੀ ਹੈ ਕਿਉਂਕਿ ਅਜਿਹਾ ਕਰਨ ਨਾਲ ਕਾਨੂੰਨ ਦੀ ਉਲੰਘਣਾ ਹੁੰਦੀ ਹੈ ।

2. ਇਸ ਐਕਟ ਦੇ ਉਪਬੰਧਾਂ ਤਹਿਤ ਜਾਰੀ ਕੀਤਾ ਗਿਆ ਹੁਕਮ ਕਿ ਸਾਰਾ ਸਰਕਾਰੀ ਕੰਮ ਕਾਜ (ਕੁਝ ਕੁ ਦਿੱਤੀਆਂ ਛੋਟਾਂ ਨੂੰ ਛੱਡ ਕੇ ) ਰਾਜ ਭਾਸ਼ਾ ਪੰਜਾਬੀ ਵਿਚ ਕੀਤਾ ਜਾਏ, ਕਈ ਵਾਰੀ ਆਪ ਜੀ ਦੇ ਨੋਟਿਸ ਵਿਚ ਲਿਆ ਕੇ ਬੇਨਤੀ ਕੀਤੀ ਜਾ ਚੁੱਕੀ ਹੋਈ ਕਿ ਇਸ ਤੇ ਪੂਰਨ ਅਮਲ ਕੀਤਾ ਜਾਏ, ਪਰ ਹੁਕਮ ਦੀ ਪਾਲਣਾ ਵਿਚ ਬੜੀਆਂ ਕੁਤਾਹੀਆਂ ਸਰਕਾਰ ਦੇ ਨੋਟਿਸ ਵਿਚ ਆ ਰਹੀਆਂ ਹਨ । ਇਸ ਕਰਕੇ ਇਕ ਵਾਰ ਫੇਰ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਭਾਸ਼ਾ ਨੀਤੀ ਕਿ ਸਾਰਾ ਸਰਕਾਰੀ ਕੰਮ-ਕਾਜ (ਨੋਟਿੰਗ-ਡਰਾਫਟਿੰਗ) ਰਾਜ ਭਾਸ਼ਾ, ਪੰਜਾਬੀ ਵਿਚ ਕੀਤਾ ਜਾਵੇ, ਦੀ ਸਫਲਤਾ ਯਕੀਨੀ ਬਣਾਉਣ ਲਈ ਸਾਰੇ ਮਤਾਹਿਤ ਅਮਲੇ ਨੂੰ ਪੱਕਿਆਈ ਨਾਲ ਹਦਾਇਤ ਕਰ ਦਿੱਤੀ ਜਾਵੇ

ਕਿ ਸਰਕਾਰੀ ਕੰਮ-ਕਾਜ ਕਾਜ ਦੀ ਭਾਸ਼ਾ ਨੀਤੀ ਦੇ ਅਨੁਸਾਰ ਕਰਨ । ਜੇ ਸਰਕਾਰ ਦੇ ਨੋਟਿਸ ਵਿਚ ਅੱਗੇ ਤੋਂ ਕੋਈ ਕੇਸ ਕੁਤਾਹੀ ਦਾ ਆਇਆ ਤਾਂ ਐਕਟ ਦੀ ਉਲੰਘਣਾ ਦੇ ਦੋਸ਼ ਵਜੋਂ ਸਬੰਧਤ ਅਧਿਕਾਰੀ/ਕਰਮਚਾਰੀ ਦੇ ਖਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇਗੀ ।

3. ਇਸ ਗੱਲ ਦੇ ਸਬੂਤ ਵਜੋਂ ਕਿ ਇਹ ਹਦਾਇਤਾਂ ਸਮੂਹ ਵਿਭਾਗੀ ਕਰਮਚਾਰੀਆਂ ਦੇ ਨੋਟਿਸ ਵਿਚ ਲਿਆ ਦਿੱਤੀਆਂ ਗਈਆਂ ਹਨ, ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿੱਖਿਆ,
ਸਕੱਤਰ, ਪੰਜਾਬ ਸਰਕਾਰ,
ਵਾਸਤੇ ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ ਨੂੰ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਉਚਿਤ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ ਸੁਪਰਡੈਂਟ ਭਾਸ਼ਾ
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

1. ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ।
2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗੈਰ ਸਰਕਾਰੀ ਪੱਤਰ ਨੰ: 3079-1 ਭਾਸ਼ਾ-71 ਮਿਤੀ ਚੰਡੀਗੜ੍ਹ 3/4 ਦਸੰਬਰ, 1971

ਨੰ: 846 -1 ਭਾਸ਼ਾ -72

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਸਮੂਹ ਵਿਭਾਗੀ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, 20 ਮਾਰਚ, 1972

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਸਰਕਾਰੀ ਦਫਤਰਾਂ ਵਿਚ ਵਰਤੋਂ ।

ਸ੍ਰੀਮਾਨ ਜੀ,

ਪੰਜਾਬੀ ਭਾਸ਼ਾ ਨੂੰ ਇਕ ਅਧਿਸੂਚਨਾ, ਮਿਤੀ 9 ਫਰਵਰੀ, 1968 ਰਾਹੀਂ ਰਾਜ ਭਾਸ਼ਾ 13 ਅਪ੍ਰੈਲ, 1968 ਤੋਂ ਘੋਸ਼ਿਤ ਕੀਤਾ ਗਿਆ ਸੀ । ਸਰਕਾਰ ਦੀ ਭਾਸ਼ਾ ਨੀਤੀ ਦੇ ਅਨੁਸਾਰ, ਸਰਕਾਰੀ ਦਫ਼ਤਰਾਂ ਵਿਚ ਸਾਰੇ ਦਾ ਸਾਰਾ ਕੰਮ (ਸਿਵਾਏ ਕੁਝ ਕੁ ਦਿੱਤੀਆਂ ਛੋਟਾਂ ਦੇ) ਰਾਜ ਭਾਸ਼ਾ ਪੰਜਾਬੀ ਵਿਚ ਕਰਨ ਵਾਸਤੇ ਉਸ ਸਮੇਂ ਤੋਂ ਹੀ ਸਮੇ ਸਮੇਂ ਆਦੇਸ਼ ਜਾਰੀ ਕੀਤੇ ਜਾਂਦੇ ਰਹੇ ਹਨ । ਇਸ ਵਾਸਤੇ ਇਹ ਆਸ ਕੀਤੀ ਜਾਂਦੀ ਹੈ ਕਿ ਹੁਣ ਸਰਕਾਰੀ ਕੰਮ ਕਾਜ ਰਾਜ ਦੀ ਭਾਸ਼ਾ ਪੰਜਾਬੀ ਵਿਚ ਹੀ ਕੀਤਾ ਜਾ ਰਿਹਾ ਹੈ ।

2\. ਸਰਕਾਰ ਦੀ ਇਸ ਭਾਸ਼ਾ ਨੀਤੀ ਤੇ ਦ੍ਰਿੜਤਾ ਨਾਲ ਅਮਲ ਕਰਨ ਲਈ ਮੈਨੂੰ ਇਹ ਬੇਨਤੀ ਕਰਨ ਦਾ ਆਦੇਸ਼ ਹੋਇਆ ਹੈ ਕਿ ਤੁਸੀਂ ਇਸ ਗੱਲ ਦੀ ਤਸੱਲੀ ਕਰ ਲਵੋਂ ਕਿ ਸਾਰਾ ਕੰਮ, ਸਰਕਾਰ ਦਾ, ਪੰਜਾਬੀ ਵਿਚ ਹੀ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਦੀ ਭਾਸ਼ਾ ਨੀਤੀ ਬਾਰੇ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਸਾਰੇ ਅਧੀਨ ਅਮਲੇ ਅਤੇ ਅਫ਼ਸਰ ਸਾਹਿਬਾਨ ਵਲੋਂ ਪੂਰਨ ਤੌਰ ਤੇ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ ।

3. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕਰਨਾ ।

ਵਿਸ਼ਵਾਸਪਾਤਰ,

**(ਬਲਦੇਵ ਸਿੰਘ)**

ਸਹਾਇਕ ਸਕੱਤਰ, ਸਿੱਖਿਆ
ਵਾ: ਸਕੱਤਰ ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਉਚਿਤ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹਾਇਕ ਸਕੱਤਰ, ਸਿੱਖਿਆ,
ਵਾ: ਸਕੱਤਰ ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 891 -1 ਭਾਸ਼ਾ -72/8952

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਚ

ਸਮੂਹ ਵਿਭਾਗੀ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 24 ਮਾਰਚ, 1972

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਸਰਕਾਰੀ ਦਫ਼ਤਰਾਂ ਵਿਚ ਵਰਤੋਂ ।

ਸ਼੍ਰੀਮਾਨ ਜੀ,

1. ਨੰ: 739-1 ਭਾਸ਼ਾ/71/8187, ਮਿਤੀ 1-4-71
2. ਨੰ:1364-1 ਭਾਸ਼ਾ/71/23495 ਮਿਤੀ 20-8-71
3. ਨੰ: 3079-1 ਭਾਸ਼ਾ/71/36557, ਮਿਤੀ 3.12.71
4. ਨੰ: 590-1 ਭਾਸ਼ਾ/70/1091, ਮਿਤੀ 16.3.70
5. ਨੰ: 3278-1 ਭਾਸ਼ਾ/70/27570 ਮਿਤੀ 16.10.70

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਹਾਸ਼ੀਏ ਵਿਚ ਦਰਜ ਹਵਾਲਿਆਂ ਵੱਲ ਧਿਆਨ ਦੇਣ ਦੀ ਖੇਚਲ ਕਰਨਾ ।

2. ਇਸ ਸਬੰਧ ਵਿਚ ਸਰਕਾਰ ਇਹ ਵਿਸ਼ਵਾਸ ਕਰਦੀ ਹੈ ਕਿ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਸਾਰੇ ਦਫ਼ਤਰਾਂ ਵਿਚ ਸਾਰੇ ਕਰਮਚਾਰੀਆਂ ਵਲੋਂ ਪੂਰਣ ਤੌਰ ਤੇ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ । ਫਿਰ ਵੀ ਇਸ ਨੂੰ ਯਕੀਨੀ ਬਣਾਉਣ ਲਈ ਮੈਨੂੰ ਇਹ ਬੇਨਤੀ ਕਰਨ ਦਾ ਆਦੇਸ਼ ਹੋਇਆ ਹੈ ਕਿ ਤੁਸੀਂ ਕਿਰਪਾ ਕਰਕੇ ਇਸ ਗੱਲ ਦੀ ਤਸੱਲੀ ਕਰ ਲਵੋ ਕਿ ਸਾਰਾ ਦਫ਼ਤਰੀ ਕੰਮ (ਸਿਵਾਏ ਉਸ ਦੇ ਜਿਸ ਦੀ ਸਰਕਾਰ ਨੇ ਛੋਟ ਦਿੱਤੀ ਹੋਈ ਹੈ) ਦ੍ਰਿੜਤਾ ਨਾਲ ਪੰਜਾਬੀ ਵਿਚ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਹਦਾਇਤਾਂ ਦੀ ਉਲੰਘਣਾ ਨਹੀਂ ਹੋ ਰਹੀ ।

| | |
|---|---|
| 6. ਨੰ:846-1 ਭਾਸ਼ਾ/72 ਮਿਤੀ 20.3.72 | 3. ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ । |

ਉਪ ਸਕੱਤਰ, ਸਿੱਖਿਆ
ਵਾਸਤੇ ਸਕੱਤਰ, ਪੰਜਬ ਸਰਕਾਰ, ਸਿੱਖਿਆ ਵਿਭਾਗ ।

ਨੰ: 894-1 ਭਾਸ਼ਾ-72/8953 ਮਿਤੀ 24 ਮਾਰਚ, 1972

ਇਕ ਉਤਾਰਾ ਸਮੂਹ ਵਿੱਤ ਕਮਿਸ਼ਨਰਾਂ /ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਉਚਿੱਤ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ ਸਕੱਤਰ, ਸਿੱਖਿਆ
ਵਾਸਤੇ ਮੁੱਖ ਸਕੱਤਰ, ਪੰਜਬ ਸਰਕਾਰ,

ਸੇਵਾ ਵਿਖੇ

1. ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ।
2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗ:ਸ: ਪੱਤਰ ਨੰ: 894-1 ਭਾਸ਼ਾ 72 ਮਿਤੀ 24 ਮਾਰਚ, 1972

ਨੰ: 2011 -1 ਭਾਸ਼ਾ -72/30183

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਸਾਰੇ ਡਿਪਟੀ ਕਮਿਸ਼ਨਰ, ਸਾਰੇ ਜ਼ਿਲ੍ਹਾ ਤੇ ਸੈਸ਼ਨ ਜੱਜ, ਸਾਰੇ ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 5 ਸਤੰਬਰ, 1972

ਵਿਸ਼ਾ : ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਸਰਕਾਰੀ ਦਫਤਰਾਂ ਵਿਚ ਵਰਤੋਂ।

ਸ਼੍ਰੀਮਾਨ ਜੀ,

1. ਪਿੱਠ ਅੰਕਣ ਨੰ: 361-ਭਾਸ਼ਾ 68/4662 ਮਿਤੀ 9.2.68
2. ਗਸ਼ਤੀ ਪੱਤਰ ਨੰ: 1726-1 ਭਾਸ਼ਾ 69/9392, ਮਿਤੀ 18.4.69
3. ਗਸ਼ਤੀ ਪੱਤਰ ਨੰ:814-1 ਭਾਸ਼ਾ 70/2472 ਮਿਤੀ 1.5.70

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਸਰਕਾਰ ਵਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ (ਜਿਨ੍ਹਾਂ ਦਾ ਵੇਰਵਾ ਹਾਸ਼ੀਏ ਵਿਚ ਦਿੱਤਾ ਹੈ) ਵਲ ਦਿਵਾਉਣ ਅਤੇ ਇਹ ਕਹਿਣ ਦੀ ਆਗਿਆ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਅਨੁਸਾਰ ਦਫਤਰਾਂ ਦਾ ਕੰਮ ਪੂਰਨ ਤੌਰ ਤੇ ਪੰਜਾਬੀ ਵਿਚ ਕਰਨ ਦੀ ਮੰਗ ਕੀਤੀ ਗਈ ਸੀ । ਇਸ ਤੋਂ ਇਲਾਵਾ ਸਮੇਂ ਸਮੇਂ ਇਸ ਬਾਰੇ ਭਾਸ਼ਾ ਵਿਭਾਗ ਵਲੋਂ ਚੈਕਿੰਗ ਵੀ ਹੁੰਦੀ ਰਹੀ ਹੈ । ਪਰ ਵੇਖਣ ਵਿਚ ਆਇਆ ਹੈ ਕਿ ਪੰਜਾਬੀ ਦੀ ਵਰਤੋਂ ਤੋਂ ਅਜੇ ਵੀ ਕਈ ਅਧਿਕਾਰੀ/ ਕਰਮਚਾਰੀ ਸੰਕੋਚ ਕਰਦੇ ਹਨ ਅਤੇ ਉਸ ਦੀ ਥਾਂ ਅੰਗ੍ਰੇਜ਼ੀ ਵਰਤਦੇ ਹਨ, ਜੋ ਕਿ ਸਰਕਾਰ ਦੀ ਭਾਸ਼ਾ ਸਬੰਧੀ ਨੀਤੀ ਦੀ ਉਲੰਘਣਾ ਹੈ । ਇਸ ਲਈ ਆਪ ਨੂੰ ਸਪਸ਼ਟ ਰੂਪ ਵਿਚ ਆਦੇਸ਼ ਦਿੱਤਾ ਜਾਂਦਾ ਹੈ ਕਿ ਕੋਈ ਵੀ ਪੰਜਾਬ ਸਰਕਾਰ ਦਾ ਕਰਮਚਾਰੀ, ਭਾਵੇਂ ਉਸ ਦਾ ਕੋਈ ਵੀ ਅਹੁਦਾ ਹੋਵੇ, ਸਰਕਾਰ ਦੀਆਂ ਭਾਸ਼ਾ ਸਬੰਧੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਨਾ ਕਰੇ ਅਤੇ ਦਫਤਰ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਪੂਰੀ ਤਰ੍ਹਾਂ ਕੀਤੀ ਜਾਵੇ ।

| | | |
|---|---|---|
| 4. | ਨੰ: 3278-1 ਭਾਸ਼ਾ 70/25570 ਮਿਤੀ 16.10.70 | 2. ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਤਿੰਨ ਮਹੀਨੇ ਤੋਂ ਮਗਰੋਂ ਇਸ ਸਬੰਧੀ ਪੂਰੀ ਸਖਤੀ ਨਾਲ ਪੜਤਾਲ ਕੀਤੀ ਜਾਵੇਗੀ ਅਤੇ ਉਲੰਘਣਾ ਕਰਦੇ ਫੜੇ ਗਏ ਕਰਮਚਾਰੀਆਂ/ਅਧਿਕਾਰੀਆਂ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । |
| 5. | 3079-1 ਭਾਸ਼ਾ 70/36557 ਮਿਤੀ 3.12.71 | 3. ਇਸ ਵਿਸ਼ੇ ਤੇ ਜਾਰੀ ਹੋਈਆਂ ਹਦਾਇਤਾਂ ਨੂੰ ਪੂਰੇ ਤੌਰ ਤੇ ਵਿਭਾਗਾਂ ਵਿਚ ਲਾਗੂ ਕਰਨ ਸਬੰਧੀ ਜ਼ਿੰਮੇਵਾਰੀ ਵਿਭਾਗਾਂ ਦੇ ਮੁੱਖੀ ਦੀ ਹੈ। |
| 6. | 846-1 ਭਾਸ਼ਾ-72/ ਮਿਤੀ 20.3.72 | ਇਹ ਚਿੱਠੀ ਮੁੱਖ ਮੰਤਰੀ ਜੀ ਦੇ ਹੁਕਮ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ । |

ਇਸ ਪੱਤਰ ਦੀ ਪਹੁੰਚ ਨਿਮਨ ਹਸਤਾਖਰਤ ਨੂੰ (ਭਾਸ਼ਾ ਸ਼ਾਖਾ ਵਿਚ) ਭੇਜੀ ਜਾਵੇ ।

ਵਿਸ਼ਵਾਸਪਾਤਰ

(ਰ.ਸ.ਤਲਵਾਰ)
ਮੁੱਖ ਸਕੱਤਰ, ਪੰਜਾਬ ਸਰਕਾਰ ।

ਇਸਦਾ ਇਕ ਉਤਾਰਾ ਸਮੂਹ ਪ੍ਰਬੰਧਕੀ ਸਕੱਤਰ ਅਤੇ ਵਿੱਤੀ ਕਮਿਸ਼ਨਰਾਂ ਨੂੰ (ਨਾਂ) ਤੇ ਭੇਜਿਆ ਜਾਂਦਾ ਹੈ ।

ਇਨ੍ਹਾਂ ਹਦਾਇਤਾਂ ਨੂੰ ਆਪਣੇ ਵਿਭਾਗਾਂ ਵਿਚ ਪੂਰਨ ਤੌਰ ਤੇ ਲਾਗੂ ਕਰਨ ਦੀ ਜ਼ਿੰਮੇਵਾਰੀ ਪ੍ਰਬਾਸਕੀ ਸਕੱਤਰ ਦੀ ਹੋਵੇਗੀ ।

ਸਹੀ/-
ਮੁੱਖ ਸਕੱਤਰ, ਪੰਜਾਬ ਸਰਕਾਰ

**ਸੇਵਾ ਵਿਖੇ**

ਸਮੂਹ ਵਿੱਤ ਕਮਿਸ਼ਨਰ/ਪ੍ਰਬੰਧਕੀ ਸਕੱਤਰ ।

ਗੈ:ਸ:ਪ:ਨੰ: 2011-1ਭਾਸ਼ਾ -72/31053 ਮਿਤੀ 5 ਸਤੰਬਰ 1972

ਇਕ ਉਤਾਰਾ ਮੁੱਖ /ਮੰਤਰੀ/ਰਾਜ ਮੰਤਰੀ/ਉਪ ਮੰਤਰੀ ਦੇ ਉਪ ਪ੍ਰਮੁੱਖ ਸਕੱਤਰ/ਸਕੱਤਰ/ਨਿੱਜੀ ਸਕੱਤਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਸਕੱਤਰ, ਪੰਜਾਬ ਸਰਕਾਰ।

ਸੇਵਾ ਵਿਖੇ,

1. ਉਪ ਪ੍ਰਮੁੱਖ ਸਕੱਤਰ/ਮੁੱਖ ਮੰਤਰੀ ।
2. ਸਕੱਤਰ/ਨਿੱਜੀ ਸਕੱਤਰ/ਮੰਤਰੀ/ਰਾਜ ਮੰਤਰੀ/ਉਪ ਮੰਤਰੀ।

ਰੀ:ਸ:ਨੰ: 2011-1 ਭਾਸ਼ਾ -72/ ਮਿਤੀ, 5 ਸਤੰਬਰ, 1972

**No. 16896-TA (3T)-72/62**

From

The Joint Secretary to Government, Punjab.
Finance Department.

To

All the Tresury Officers/ Assistant
Tresury Officer in the State.

*Subject* : Acceptance of vouchers attached to the bills in Punjabi.

Sir,

I am to refer to the subject noted above and to say that in the minutes of the meeting attended by the reprsentatives of the following departments :-

1. Accountant General, Punjab.
2. Language Department, Punjab.
3. P.W.D. Department , Punjab.
4. Finance Department, Punjab .

It was decided by the government that the nature of following Government orders attached with teh, establishment bills of the departments in the Punjab may be accepted in Punjabi by the T.O.s/Assistant Treasury Officers which will be submitted by the Drawing and Disbursing Officers :-

1. Appointment letters,
2. Joining Reports.
3. Departure Reports.
4. Order sanctioning leave.
5. Transfer orders.
6. Promotion orders

7. Suspension, reinstatement and punishment orders.
8. Rent rolls received form P.W.D.
9. Grant of annual increment (except crossing of efficiency bas sanction).

It has also been brought to the notice of the Government that some of Treasury Officers insist on attaching the orders in English rather than in Punjabi. Their view point was also considerred but was not met with the approval of the committee. The documents forming part of the initial record be maintained in the State Language in Punjabi as is being done by number of officers of the Department's. You are hereby advised that the orders on the above - mentioned items atached with the bills may be accepted in Punjabi and objection should not be raised thereon unless there be any speecific lacuna in the orders.

Yours faithfully,

ACCOUNTS OFFICER
*for* Joint Secretary to Government,
Punjab, Finance (R) Department.

No. 16896-TA (3T) -72/63 dated, Chandigarh the 3.10.72

A copy is farwarded to :-

1. The Accountant General, Punjab, Chandigarh.
2. Secretary to Government, Punjab, Language and Education Department.
3. Director, Language Department, Punjab, Patiala.
4. Secretary to Government, Punjab P.W.D. Department.

for information and necessary action

ACCOUNT OFFICER
*for* Joint Secretary to Government,
Punjab, Finance (R) Department.

ਨੰ : 3921-1ਭਾਸ਼ਾ-72/36837

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਵੱਲ

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ,
ਸਾਰੇ ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ)
ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਚੰਡੀਗੜ੍ਹ ।

ਮਿਤੀ, ਚੰਡੀਗੜ੍ਹ, 26 ਅਕਤੂਬਰ, 1972

ਵਿਸ਼ਾ :- ਪੰਜਾਬ ਰਾਜ ਭਾਸ਼ਾ ਐਕਟ 1967 ਲਾਗੂ ਕਰਨ ਬਾਰੇ ।

ਸ੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦੁਆਵਾਂ ਅਤੇ ਦੱਸਾਂ ਕਿ ਸਰਕਾਰ ਤੋਂ ਇਸ ਗੱਲ ਦਾ ਸਪਸ਼ਟੀਕਰਨ ਮੰਗਿਆ ਜਾਂਦਾ ਰਿਹਾ ਹੈ ਕਿ ਰਾਜ ਵਿਚਲੀਆਂ ਪ੍ਰਾਈਵੇਟ ਸੰਸਥਾਵਾਂ, ਕੰਪਨੀਆਂ, ਫਰਮਾਂ ਆਦਿ ਨਾਲ ਕਿਸ ਭਾਸ਼ਾ ਵਿਚ ਪੱਤਰ ਵਿਹਾਰ ਕੀਤਾ ਜਾਣਾ ਹੈ। ਰਾਜ ਸਰਕਾਰ ਨੇ ਇਹ ਮਾਮਲਾ ਬੜੇ ਗਹੁ ਨਾਲ ਵਿਚਾਰਿਆ ਹੈ ਅਤੇ ਫੈਸਲਾ ਕੀਤਾ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਉਪਬੰਧ ਆਮ ਵਿਅਕਤੀ, ਵਾਂਗ ਪ੍ਰਾਂਤ ਵਿਚਲੀਆਂ ਪ੍ਰਾਈਵੇਟ ਸੰਸਥਾਵਾਂ, ਕੰਪਨੀਆਂ, ਫ਼ਰਮਾਂ ਆਦਿ ਨਾਲ ਪੰਜਾਬੀ (ਗੁਰਮੁੱਖੀ ਲਿਪੀ) ਵਿਚ ਹੀ ਪੱਤਰ ਵਿਹਾਰ ਕੀਤਾ ਜਾਵੇ ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ
ਉਪ ਸਕੱਤਰ ਸਿੱਖਿਆ ,
ਵਾ: ਸਕੱਤਰ ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਇਸ ਦਾ ਇਕ ਉਤਾਰਾ ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਉਪ ਸਕੱਤਰ, ਸਿੱਖਿਆ
ਵਾ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਸੇਵਾ ਵਿਖੇ

ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ

ਗ.ਸ.ਨੰ: 3921- 1 ਭਾਸ਼ਾ -72/ ਮਿਤੀ, ਚੰਡੀਗੜ੍ਹ 26 ਅਕਤੂਬਰ, 1972

ਵਿਸ਼ਾ :- ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਪ੍ਰਸ਼ਾਸਨੀ ਸਕੱਤਰਾਂ/ਵਿੱਤ ਕਮਿਸ਼ਨਰਾਂ, ਪੰਜਾਬ ਸਰਕਾਰ ਦੀ ਮਿਤੀ 30 ਅਗਸਤ, 1973 ਨੂੰ ਹੋਈ ਇਕੱਤਰਤਾ ਦੀ ਕਾਰਵਾਈ-ਰਾਜ ਪ੍ਰਸ਼ਾਸਨ ਵਿਚ ਪੰਜਾਬੀ ਦੇ ਪ੍ਰਚਾਲਣ ਬਾਰੇ ।

ਕੀ ਸਮੂਹ ਵਿੱਤ ਕਮਿਸ਼ਨਰ, ਪੰਜਾਬ ਅਤੇ ਪ੍ਰਸ਼ਾਸਨੀ ਸਕੱਤਰ, ਪੰਜਾਬ ਸਰਕਾਰ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨਗੇ ?

2. ਮਿਤੀ 30 ਅਗਸਤ, 1973 ਨੂੰ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਵਿੱਤ ਕਮਿਸ਼ਨਰਾਂ, ਪੰਜਾਬ ਅਤੇ ਪ੍ਰਸ਼ਾਸਨੀ ਸਕੱਤਰਾਂ, ਪੰਜਾਬ ਸਰਕਾਰ, ਇਕੱਤਰਤਾ ਦੀ ਕਾਰਵਾਈ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿਚ ਹੋਏ ਫ਼ੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ।

ਸੇਵਾ ਵਿਖੇ,

ਸਮੂਹ ਵਿੱਤ ਕਮਿਸ਼ਨਰ, ਪੰਜਾਬ ਅਤੇ
ਸਮੂਹ ਪ੍ਰਸ਼ਾਸਨੀ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

ਗ:ਸ:ਨੰ: 4801-1 ਭਾਸ਼ਾ-73, ਮਿਤੀ, ਚੰਡੀਗੜ੍ਹ, ਸਤੰਬਰ , 1973

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਪੰਜਾਬੀ ਭਾਸ਼ਾ ਨੂੰ ਦਫ਼ਤਰਾਂ ਵਿਚ ਵਰਤਣ ਸਬੰਧੀ ਗਿਆਨੀ ਜ਼ੈਲ ਸਿੰਘ, ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 30 ਅਗਸਤ, 1973 ਨੂੰ ਹੋਈ ਮੀਟਿੰਗ ਦੀ ਕਾਰਵਾਈ

ਹਾਜ਼ਰ :-

1. ਸ੍ਰੀ ਆਰ. ਐਸ. ਤਲਵਾੜ, ਆਈ. ਏ. ਐਸ.,
ਮੁੱਖ ਸਕੱਤਰ ।

2. ਸ੍ਰੀ ਆਈ. ਸੀ. ਪੁਰੀ, ਆਈ. ਏ. ਐਸ.
ਵਿੱਤ ਕਮਿਸ਼ਨਰ, ਮਾਲ ।

3. ਮਿਸਿਜ਼ ਸਰਲਾ ਗਰੇਵਾਲ, ਆਈ. ਏ. ਐਸ.,
ਵਿਕਾਸ ਕਮਿਸ਼ਨਰ, ਪੰਜਾਬ ।

4. ਸ੍ਰੀ ਪਰਮਜੀਤ ਸਿੰਘ, ਆਈ. ਏ. ਐਸ.,
ਵਿੱਤ ਸਕੱਤਰ, ਪੰਜਾਬ ਸਰਕਾਰ।

5. ਸ੍ਰੀ ਕੁਲਵੰਤ ਸਿੰਘ ਆਹਲੂਵਾਲੀਆ, ਆਈ. ਏ. ਐਸ.,
ਗ੍ਰਹਿ ਸਕੱਤਰ, ਪੰਜਾਬ ਸਰਕਾਰ ।

6. ਸ੍ਰੀ ਕੇ. ਡੀ. ਵਾਸੂਦੇਵਾ, ਆਈ. ਏ. ਐਸ.,
ਕਮਿਸ਼ਨਰ, ਯੋਜਨਾਬੰਦੀ ਅਤੇ ਸਿਹਤ, ਪੰਜਾਬ ਸਰਕਾਰ ।

7. ਸ੍ਰੀ ਆਰ. ਪੀ. ਓਝਾ, ਆਈ. ਏ. ਐਸ.,
ਟਰਾਂਸਪੋਰਟ ਸਕੱਤਰ, ਪੰਜਾਬ ਸਰਕਾਰ ।

8. ਸ੍ਰੀ ਜੋਗਿੰਦਰ ਸਿੰਘ, ਆਈ. ਏ. ਐਸ.,
ਸਿੱਖਿਆ ਸਕੱਤਰ, ਪੰਜਾਬ ਸਰਕਾਰ ।

9. ਸ੍ਰੀ ਐਨ. ਐਨ. ਵੋਹਰਾ, ਆਈ. ਏ. ਐਸ.,
ਸਕੱਤਰ, ਹਾਊਸਿੰਗ, ਪੰਜਾਬ ਸਰਕਾਰ ।

10. ਸ੍ਰੀ ਸੁਰਜੀਤ ਸਿੰਘ, ਆਈ. ਏ. ਐਸ.,
ਉਪ-ਸਕੱਤਰ, ਸਿੱਖਿਆ ।

11. ਸ੍ਰੀ ਰਿਪੁਜੀਤ ਸੈਨ, ਆਈ. ਏ. ਐਸ.,
ਉਪ ਸਕੱਤਰ, ਲੋਕ ਨਿਰਮਾਣ ਵਿਭਾਗ ।

12. ਸ਼੍ਰੀ ਇਕਬਾਲ ਸਿੰਘ,
ਉਪ ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ ।

13. ਸ਼੍ਰੀ ਰਜਨੀਸ਼ ਕੁਮਾਰ,
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ।

ਮੁੱਖ ਮੰਤਰੀ ਜੀ ਵਲੋਂ ਇਹ ਪ੍ਰੇਖਣ ਕੀਤਾ ਗਿਆ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਦਫ਼ਤਰਾਂ ਵਿਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੰਜਾਬੀ ਭਾਸ਼ਾ ਨੂੰ ਜਦੋਂ ਰਾਜ ਭਾਸ਼ਾ ਮੰਨ ਲਿਆ ਗਿਆ ਹੈ ਇਸ ਸਬੰਧੀ ਐਕਟ ਵੀ ਪਾਸ ਕਰ ਦਿੱਤਾ ਗਿਆ ਹੈ ਤਾਂ ਸਾਰੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਪੂਰੀ ਤਰ੍ਹਾਂ ਹੋਣੀ ਚਾਹੀਦੀ ਹੈ ।

ਸਿੱਖਿਆ ਸਕੱਤਰ ਜੀ ਵਲੋਂ ਪੰਜਾਬੀ ਭਾਸ਼ਾ ਨੂੰ ਨਾ ਵਰਤਣ ਬਾਰੇ ਦਿੱਤੀਆਂ ਗਈਆਂ ਛੋਟਾਂ ਦਾ ਵੀ ਜ਼ਿਕਰ ਕੀਤਾ ਗਿਆ । ਇਸ ਸਬੰਧ ਵਿਚ ਇਹ ਫੈਸਲਾ ਕੀਤਾ ਗਿਆ ਕਿ ਲਾਟਰੀ ਵਿਭਾਗ ਵਲੋਂ ਜੋ ਟਿਕਟਾਂ ਛਪਦੀਆਂ ਹਨ ਉਨ੍ਹਾਂ ਵਾਸਤੇ ਹੀ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਜਾਵੇ ਅਤੇ ਬਾਕੀ ਦਾ ਸਾਰਾ ਪ੍ਰਸ਼ਾਸਨ ਅਤੇ ਦਫ਼ਤਰ ਦਾ ਕੰਮ ਪੰਜਾਬੀ ਵਿਚ ਹੀ ਕੀਤਾ ਜਾਵੇ ।

ਖ਼ੁਰਾਕ ਤੇ ਸਪਲਾਈ ਵਿਭਾਗ ਨੂੰ ਵੀ ਛੋਟ ਦਿੱਤੀ ਹੋਈ ਸੀ ਪਰ ਇਹ ਫੈਸਲਾ ਕੀਤਾ ਗਿਆ ਕਿ ਇਸ ਵਿਭਾਗ ਨੂੰ ਅੰਸ਼ਿਕ ਛੋਟ ਦਿੱਤੀ ਜਾਵੇ ਤੇ ਉਸ ਦਾ ਦਫ਼ਤਰੀ ਕੰਮ ਜੋ ਪ੍ਰਸ਼ਾਸਨ ਆਦਿ ਨਾਲ ਸਬੰਧਤ ਹੈ ਜਾਂ ਜੋ ਪੰਜਾਬ ਵਿਚ ਹੀ ਸੀਮਿਤ ਹੈ , ਪੰਜਾਬੀ ਵਿਚ ਹੀ ਕੀਤਾ ਜਾਵੇ ।

ਆਮ ਵਿਚਾਰ ਕਰਦਿਆਂ ਹੋਇਆਂ ਇਹ ਸੁਝਾਅ ਦਿੱਤਾ ਗਿਆ ਕਿ ਭਾਸ਼ਾ ਵਿਭਾਗ, ਅਜਿਹੇ ਸ਼ਬਦ ਜੋ ਅੰਗਰੇਜ਼ੀ ਵਿਚ ਹਨ ਪਰ ਪੰਜਾਬੀ ਵਿਚ ਆਮ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਹੀ ਅਪਣਾ ਲਵੇ ਤਾਂ ਜੋ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ । ਇਸ ਤੋਂ ਇਲਾਵਾ ਇਹ ਸੁਝਾਅ ਦਿੱਤਾ ਗਿਆ ਕਿ ਉਰਦੂ ਭਾਸ਼ਾ ਦੇ ਸ਼ਬਦ ਜੋ ਬੜੇ ਚਿਰ ਤੋਂ ਪੰਜਾਬੀ ਭਾਸ਼ਾ ਵਿਚ ਵਰਤੇ ਜਾ ਰਹੇ ਹਨ ਅਤੇ ਆਮ ਜਨਤਾ ਵੀ ਉਨ੍ਹਾਂ ਨੂੰ ਵਰਤਦੀ ਹੈ ਹੈ ਨੂੰ ਵੀ ਪੰਜਾਬੀ ਭਾਸ਼ਾ ਵਿਚ ਅਪਨਾਉਣ ਦੀ ਕੋਸ਼ਿਸ਼ ਕੀਤੀ ਜਾਵੇ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਇਸ ਵਿਚਾਰ-ਵਟਾਂਦਰੇ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਜਿਹੜੇ ਗਸ਼ਤੀ ਪੱਤਰ ਸਕੱਤਰੇਤ ਪੱਧਰ ਤੋਂ ਜਾਂ ਵਿਭਾਗ ਦੇ ਮੁੱਖੀਆਂ ਵਲੋਂ ਖੇਤਰੀ ਪੱਧਰ ਤੇ ਦਫ਼ਤਰਾਂ ਨੂੰ ਜਾਰੀ ਕੀਤੇ ਜਾਂਦੇ ਹਨ ਉਹ ਆਮ ਤੌਰ ਤੇ ਅੰਗਰੇਜ਼ੀ ਵਿਚ ਹੀ ਭੇਜ ਦਿੱਤੇ ਜਾਂਦੇ ਹਨ । ਇਹ ਫ਼ੈਸਲਾ ਕੀਤਾ ਗਿਆ ਕਿ ਅਜਿਹੇ ਗਸ਼ਤੀ ਪੱਤਰ ਖੇਤਰੀ ਪੱਧਰ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਭੇਜੇ ਜਾਇਆ ਕਰਨ ਤਾਂ ਜੋ ਆਮ ਜਨਤਾ ਨੂੰ ਇਸ ਸਬੰਧੀ ਕੋਈ ਮੁਸ਼ਕਿਲ ਪੇਸ਼ ਨਾ ਆਵੇ ।

ਅੰਤ ਵਿਚ ਇਹ ਫੈਸਲਾ ਕੀਤਾ ਗਿਆ ਕਿ ਮੁੱਖ ਸਕੱਤਰ ਜੀ ਵਲੋਂ ਇਕ ਵਾਰ ਫੇਰ ਸਾਰੇ ਦਫ਼ਤਰਾਂ ਨੂੰ ਹਦਾਇਤਾਂ ਕਰ ਦਿੱਤੀਆਂ ਜਾਣ ਕਿ ਪੰਜਾਬੀ ਭਾਸ਼ਾ ਨੂੰ ਦਫ਼ਤਰਾਂ ਵਿਚ ਵਰਤਣ ਬਾਰੇ ਸਰਕਾਰੀ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ । ਭਾਸ਼ਾ ਵਿਭਾਗ ਵਲੋਂ ਇਸ ਸਬੰਧੀ ਅਕਸਰ ਅਚਾਨਕ ਪੜਤਾਲ ਕੀਤੀ ਜਾਵੇਗੀ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਸੂਚਨਾ ਸਬੰਧਤ ਵਿਭਾਗੀ ਸਕੱਤਰ ਜੀ ਨੂੰ ਭੇਜੀ ਜਾਵੇਗੀ ।

ਨੰ: 3803-1 ਭਾਸ਼ਾ-72/37127

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਅਤੇ ਭਾਸ਼ਾ ਵਿਭਾਗ, ਚੰਡੀਗੜ੍ਹ ।

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ,ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 4 ਅਕਤੂਬਰ, 1972

ਵਿਸ਼ਾ : ਰਾਜ ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ ।

ਸ੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਜੀ ਦੇ ਧਿਆਨ ਉਪਰੋਕਤ ਵਿਸ਼ੇ ਵੱਲ ਦੁਆਵਾਂ ਅਤੇ ਦੱਸਾਂ ਕਿ ਰਾਜ ਸਰਕਾਰ ਦੇ ਵਿਚਾਰ ਗੋਚਰ ਇਹ ਮਾਮਲਾ ਕਾਫ਼ੀ ਸਮੇਂ ਤੋਂ ਰਿਹਾ ਹੈ ਕਿ ਕਰਮਚਾਰੀਆਂ/ਅਧਿਕਾਰੀਆਂ ਦੀ ਨਿਯੁਕਤੀ, ਮੁਅੱਤਲੀ ਬਹਾਲੀ ਆਦਿ ਦੇ ਹੁਕਮ ਪੰਜਾਬੀ ਵਿਚ ਜਾਰੀ ਹੋਣੇ ਚਾਹੀਦੇ ਹਨ ਜਾਂ ਅੰਗਰੇਜ਼ੀ ਵਿਚ । ਪੰਜਾਬੀ ਵਿਚ ਅਜਿਹੇ ਹੁਕਮ ਜਾਰੀ ਹੋਣ ਦੀ ਸੂਰਤ ਵਿਚ ਕਈ ਵਾਰ ਖਜ਼ਾਨਾ ਅਫ਼ਸਰਾਂ ਵਲੋਂ ਇਤਰਾਜ਼ ਵੀ ਲਗਦੇ ਰਹੇ ਹਨ ਅਤੇ ਇਸ ਸਬੰਧ ਵਿਚ ਕਈ ਵਿਭਾਗਾਂ ਵਲੋਂ ਸਰਕਾਰ ਤੋਂ ਸਪੱਸ਼ਟੀਕਰਨ ਵੀ ਮੰਗੇ ਗਏ ਹਨ । ਇਹ ਮਾਮਲਾ ਅੰਤਮ ਤੌਰ ਤੇ ਨਿਪਟਾਉਣ ਲਈ, ਮੁੱਖ ਲੇਖਾਕਾਰ, ਪੰਜਾਬ, ਭਾਸ਼ਾ ਵਿਭਾਗ, ਪੰਜਾਬ ਲੋਕ ਨਿਰਮਾਣ ਵਿਭਾਗ, ਪੰਜਾਬ, ਅਤੇ ਵਿੱਤ ਵਿਭਾਗ, ਪੰਜਾਬ ਦੇ ਪ੍ਰਤੀਨਿਧਾਂ ਵਿਚਕਾਰ ਮੀਟਿੰਗ ਕੀਤੀ ਅਤੇ ਇਹ ਫ਼ੈਸਲਾ ਕੀਤਾ ਗਿਆ ਕਿ ਹੇਠ ਲਿਖੇ ਸਬੰਧੀ ਸਰਕਾਰੀ ਹੁਕਮ ਪੰਜਾਬੀ ਵਿਚ ਜਾਰੀ ਕੀਤੇ ਜਾਣ ।

1. ਨਿਯੁਕਤੀ ਪੱਤਰ

2. ਹਾਜ਼ਰੀ ਰਿਪੋਰਟ

3. ਰਵਾਨਗੀ ਰਿਪੋਰਟ

4. ਛੁੱਟੀ ਮਨਜ਼ੂਰ ਕਰਨ ਦਾ ਹੁਕਮ

5. ਬਦਲੀ ਦੇ ਹੁਕਮ

6. ਤਰੱਕੀ ਦੇ ਹੁਕਮ

7. ਮੁਅੱਤਲੀ, ਬਹਾਲੀ ਅਤੇ ਸਜ਼ਾ ਦੇਣ ਦੇ ਹੁਕਮ

8. ਲੋਕ ਨਿਰਮਾਣ ਵਿਭਾਗ ਵਲੋਂ ਪ੍ਰਾਪਤ ਹੋਏ ਕਿਰਾਏ ਦੀ ਸੂਚੀ

9. ਸਲਾਨਾ ਤਰੱਕੀ ਦੇਣ ਦਾ ਹੁਕਮ (ਸਿਵਾਏ ਨਿਪੁੰਨਤਾ ਰੋਕ ਪਾਰ ਕਰਨ ਦੇ)

3. ਇਸ ਲਈ ਬੇਨਤੀ ਹੈ ਕਿ ਅੱਗੇ ਤੋਂ ਉਪਰੋਕਤ ਸਬੰਧੀ ਸਾਰੇ ਹੁਕਮ ਪੰਜਾਬੀ ਵਿਚ ਜਾਰੀ ਕੀਤੇ ਜਾਣ । ਇਸ ਸਿਲਸਿਲੇ ਵਿਚ ਵਿੱਤ ਵਿਭਾਗ ਨੇ ਸਾਰੇ ਖਜ਼ਾਨਾ ਅਫ਼ਸਰਾਂ ਨੂੰ ਆਪਣੇ ਪੱਤਰ ਨੰ: 16896-ਟੀ.ਏ. (3ਟੀ)-72/62, ਮਿਤੀ 3-10-72 ਰਾਹੀਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਉਹ ਪੰਜਾਬੀ ਵਿਚ ਲਿਖੇ ਹੁਕਮ ਸਵੀਕਾਰ ਕਰਨ । ਇਹ ਹਦਾਇਤਾਂ ਆਪਣੇ ਅਧੀਨ ਸਾਰੇ ਕਰਮਚਾਰੀਆਂ/ਅਧਿਕਾਰੀਆਂ ਦੇ ਨੋਟਿਸ ਵਿਚ ਲਿਆਂਦੀਆਂ ਜਾਣ ।

4. ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,

ਉਪ ਸਕੱਤਰ, ਸਿੱਖਿਆ<br>
ਵਾ: ਸਕੱਤਰ, ਪੰਜਾਬ ਸਰਕਾਰ,<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਕਾਪੀ, ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿੱਖਿਆ<br>
ਵਾ: ਸਕੱਤਰ, ਪੰਜਾਬ ਸਰਕਾਰ,<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਸ਼ਾਸਕੀ ਸਕੱਤਰ,

ਪੰਜਾਬ ਸਰਕਾਰ ।

ਗ: ਸ: ਨੰ: 3803-1 ਭਾਸ਼ਾ-72/ ਮਿਤੀ ਅਕਤੂਬਰ,1972

ਇਕ ਕਾਪੀ, ਡਾਇਰੈਕਟੋਰੇਟ ਖੁਰਾਕ ਤੇ ਸਪਲਾਈ ਵਿਭਾਗ, ਪੰਜਾਬ , ਚੰਡੀਗੜ੍ਹ ਨੂੰ ਉਨ੍ਹਾਂ ਦੇ ਗ.ਸ.ਨੰ: 8130-ਅ8-72 ਮਿਤੀ 20.9.72 ਦੇ ਹਵਾਲੇ ਵਿਚ ਭੇਜੀ ਜਾਂਦੀ ਹੈ । ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ ਸਰਕਾਰ ਪਾਸ ਇਸ ਕੇਸ ਨਾਲ ਸਬੰਧਤ ਕੋਈ ਦਸਤਾਵੇਜ਼ ਨਹੀਂ ਹਨ ।

ਉਪ ਸਕੱਤਰ ਸਿੱਖਿਆ,
ਵਾ: ਸਕੱਤਰ ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਡਾਇਰੈਕਟਰ, ਖੁਰਾਕ ਤੇ ਸਪਲਾਈ ਵਿਭਾਗ,
ਪੰਜਾਬ, ਚੰਡੀਗੜ੍ਹ ।

ਗ.ਸ.ਨੰ: 3803-1 ਭਾਸ਼ਾ -72 ਮਿਤੀ, ਚੰਡੀਗੜ੍ਹ ਅਕਤੂਬਰ,1972

ਨੰ: 2413-1 ਭਾਸ਼ਾ-73/18002

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 20/21 ਜੁਲਾਈ, 1973

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਲਣ ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਪੱਤਰ ਨੰ: 3107-1 ਭਾਸ਼ਾ 68/21805 ਮਿਤੀ 29 ਜੁਲਾਈ, 1968, ਜਿਸ ਰਾਹੀਂ ਪੰਜਾਬ ਸਰਕਾਰ ਦੀਆਂ ਨੌਕਰੀਆਂ ਸਬੰਧੀ ਪੰਜਾਬੀ ਭਾਸ਼ਾ ਦੀ ਸਿੱਖਿਅਕ ਯੋਗਤਾ ਬਾਰੇ ਵਿਸਥਾਰ ਵਿਚ ਹਦਾਇਤਾਂ ਜਾਰੀ ਕੀਤੀਆਂ ਗਈਆਂ ਸੀ, ਵੱਲ ਧਿਆਨ ਦੁਆਂਦੇ ਹੋਏ ਮੈਨੂੰ ਇਹ ਹਦਾਇਤ ਹੋਈ ਹੈ ਕਿ ਮੈਂ ਆਪ ਜੀ ਨੂੰ ਦੱਸਾਂ ਕਿ ਸਰਕਾਰ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਗਈ ਹੈ ਕਿ ਜਦੋਂ ਕਦੇ ਕਿਸੇ ਵਿਭਾਗ ਜਾਂ ਵਿਭਾਗਾਂ ਵਿਚ ਕੁਝ ਆਸਾਮੀਆਂ ਖਤਮ ਹੋਣ ਤੇ ਛਾਂਟੀ ਹੋ ਜਾਏ ਅਤੇ ਜਦੋਂ ਅਜਿਹੇ ਛਾਂਟੀ ਹੋਏ ਕਰਮਚਾਰੀਆਂ ਨੂੰ ਦੂਸਰੇ ਵਿਭਾਗਾਂ ਵਿਚ ਐਡਜਸਟ ਕਰਨ ਦੀ ਅਧੀਨ ਸੇਵਾ ਚੋਣ ਬੋਰਡ ਵਲੋਂ ਸਿਫ਼ਾਰਸ਼ ਕੀਤੀ ਜਾਂਦੀ ਹੈ ਤਾਂ ਸਬੰਧਤ ਵਿਭਾਗਾਂ ਵਲੋਂ ਛਾਂਟੀ ਹੋਏ ਕਰਮਚਾਰੀਆਂ ਪਾਸ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਉਨ੍ਹਾਂ ਨੂੰ ਲੈਣੋਂ ਨਾਂਹ ਕਰ ਦਿੰਦੇ ਹਨ । ਸਰਕਾਰ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਅਜਿਹੇ ਵਿਭਾਗ ਛਾਂਟੀ ਹੋਏ ਕਰਮਚਾਰੀਆਂ ਦੀ ਐਡਜਸਮੈਂਟ ਅਤੇ ਨਵੀਂ ਭਰਤੀ ਨੂੰ ਇਕੋ ਗੱਲ ਸਮਝਦੇ ਹਨ ।

2. ਸਰਕਾਰ ਨੇ ਇਹ ਮਾਮਲਾ ਬੜੇ ਗਹੁ ਨਾਲ ਵਿਚਾਰਿਆ ਹੈ ਅਤੇ ਫ਼ੈਸਲਾ ਕੀਤਾ ਹੈ ਕਿ ਵਿਭਾਗ ਜਾਂ ਵਿਭਾਗਾਂ ਵਿਚ ਕੁਝ ਆਸਾਮੀਆਂ ਦੇ ਖਤਮ ਹੋਣ ਨਾਲ ਜਦੋਂ ਅਧੀਨ ਸੇਵਾਵਾਂ ਚੋਣ ਬੋਰਡ ਜਾਂ ਸਰਕਾਰ ਵਲੋਂ ਛਾਂਟੀ ਹੋਏ ਕਰਮਚਾਰੀਆਂ ਨੂੰ ਵਿਭਾਗਾਂ ਵਿਚ ਐਡਜਸਟ ਕਰਨ ਦੀ ਸਿਫ਼ਾਰਸ਼ ਕੀਤੀ ਜਾਵੇ ਤਾਂ ਉਨ੍ਹਾਂ ਕਰਮਚਾਰੀਆਂ ਦੇ ਕੇਸ ਵਿਚ ਜਿਹੜੇ 13 ਅਪ੍ਰੈਲ, 1968 ਤੋਂ ਪਹਿਲਾਂ ਰੈਗੂਲਰ ਤੌਰ ਤੇ ਭਰਤੀ ਹੋਏ ਹੋਣ, ਦਸਵੀਂ ਪੱਧਰ ਤਕ ਪੰਜਾਬੀ

ਭਾਸ਼ਾ ਗਿਆਨ ਦੀ ਸ਼ਰਤ ਨੂੰ ਲਾਜ਼ਮੀ ਨਾ ਬਣਾਇਆ ਜਾਵੇ । ਸਰਕਾਰ ਨੇ ਇਹ ਵੀ ਫੈਸਲਾ ਕੀਤਾ

ਹੈ ਕਿ ਐਡਜਸਟ ਕੀਤੇ ਕਰਮਚਾਰੀਆਂ (ਜਿਹੜੇ 13 ਅਪ੍ਰੈਲ, 1968 ਤੋਂ ਪਹਿਲਾਂ ਰੈਗੂਲਰ ਤੌਰ ਤੇ ਭਰਤੀ ਹੋਏ ਹਨ) ਨੂੰ ਤਿੰਨ ਮਹੀਨੇ ਲਈ ਵਿਭਾਗ ਵਲੋਂ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਜ਼ਿਲ੍ਹਾ ਅਫ਼ਸਰਾਂ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਸਿੱਖਿਆ ਲੈ ਸਕਣ ਤਾਂ ਜੋ ਅਜਿਹੇ ਕਰਮਚਾਰੀ ਐਡਜਸਟ ਹੋਣ ਤੋਂ 6 ਮਹੀਨੇ ਦੇ ਅੰਦਰ ਅੰਦਰ ਭਾਸ਼ਾ ਵਿਭਾਗ ਦੀ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਕਰ ਸਕਣ ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਵਿਸ਼ਵਾਸਪਾਤਰ,

ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 7432-ਸ II (6) 73/24673

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਚ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 13 ਨਵੰਬਰ, 1973 ।

ਵਿਸ਼ਾ : ਰਾਜ ਪ੍ਰਬੰਧ ਵਿਚ ਪੰਜਾਬੀ ਦੀ ਵਰਤੋਂ ਬਾਰੇ ।

ਸ੍ਰੀਮਾਨ ਜੀ,

ਮੈਨੂੰ ਆਪ ਜੀ ਨੂੰ ਇਹ ਕਹਿਣ ਦਾ ਹੁਕਮ ਹੋਇਆ ਹੈ ਕਿ ਰਾਜ ਵਿਚ ਭਾਸ਼ਾ ਐਕਟ ਦੇ ਮਿਤੀ 13 ਅਪ੍ਰੈਲ, 1967 ਨੂੰ ਪਾਸ ਹੋ ਜਾਣ ਮਗਰੋਂ ਦਫ਼ਤਰਾਂ ਵਿਚ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਸੀ । ਸਰਕਾਰ ਇਸ ਸਬੰਧ ਵਿਚ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕਰਦੀ ਰਹੀ ਹੈ ਪਰ ਇਹ ਬੜੀ ਖੇਦਜਨਕ ਗੱਲ ਹੈ ਕਿ ਅਜੇ ਵੀ ਕਾਫ਼ੀ ਕੰਮ ਅੰਗਰੇਜ਼ੀ ਵਿਚ ਹੀ ਕੀਤਾ ਜਾਂਦਾ ਹੈ ।

2. ਮਿਤੀ 30 ਅਗਸਤ, 1973 ਨੂੰ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਵਿੱਤ ਕਮਿਸ਼ਨਰਾਂ, ਪ੍ਰਸ਼ਾਸਕੀ ਸਕੱਤਰਾਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਡਾਇਰੈਕਟਰ ਭਾਸ਼ਾ, ਵੀ ਸ਼ਾਮਲ ਸਨ । ਸਾਰੀਆਂ ਗੱਲਾਂ ਨੂੰ ਮੁੱਖ ਰਖਦਿਆਂ ਹੋਇਆਂ ਇਹ ਫ਼ੈਸਲਾ ਕੀਤਾ ਗਿਆ ਕਿ ਰਾਜ ਵਿਚ ਪੰਜਾਬੀ ਦੀ ਵਰਤੋਂ ਬਾਰੇ ਇਕ ਵਾਰ ਫਿਰ ਸਾਰੇ ਵਿਭਾਗਾਂ ਨੂੰ ਸਪਸ਼ਟ ਤੌਰ ਤੇ ਦਸਿਆ ਜਾਵੇ ਕਿ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਹੀ ਹੋਣਾ ਚਾਹੀਦਾ ਹੈ । ਇਸ ਲਈ ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਦਫ਼ਤਰਾਂ ਵਿਚ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ । ਇਸ ਗੱਲ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ ਕਿ ਜਿਹੜੇ ਗਸ਼ਤੀ ਪੱਤਰ ਸਕੱਤਰੇਤ ਦੇ ਪੱਧਰ ਤੋਂ ਜਾਂ ਵਿਭਾਗਾਂ ਦੇ ਮੁੱਖੀਆਂ ਵਲੋਂ ਖੇਤਰੀ ਪੱਧਰ ਦੇ ਦਫ਼ਤਰਾਂ ਨੂੰ ਜਾਰੀ ਕੀਤੇ ਜਾਣ ਉਹ ਅੱਗੇ ਤੋਂ ਪੰਜਾਬੀ ਵਿਚ ਹੀ ਹੋਣੇ ਚਾਹੀਦੇ ਹਨ, ਕਿਉਂਜੋ ਇਨ੍ਹਾਂ ਦਾ ਆਮ ਜਨਤਾ ਨਾਲ ਵੀ ਸਬੰਧ ਹੁੰਦਾ ਹੈ ਤੇ ਅੰਗਰੇਜ਼ੀ ਭਾਸ਼ਾ ਵਿਚ ਉਨ੍ਹਾਂ ਨੂੰ ਇਨ੍ਹਾਂ ਗਸ਼ਤੀ ਪੱਤਰਾਂ ਨੂੰ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ।

3. ਭਾਸ਼ਾ ਵਿਭਾਗ ਵਲੋਂ ਇਹ ਵੇਖਣ ਲਈ ਕਿ ਸਰਕਾਰੀ ਦਫਤਰਾਂ ਵਿਚ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਠੀਕ ਪ੍ਰਕਾਰ ਨਾਲ ਹੁੰਦਾ ਹੈ, ਅਚਾਨਕ ਪੜਤਾਲ ਕੀਤੀ ਜਾਵੇਗੀ । ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਰਿਪੋਰਟ ਸਬੰਧਤ ਪ੍ਰਸ਼ਾਸਕੀ ਸਕੱਤਰ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਵੇਗੀ । ਇਸ ਲਈ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਦਫਤਰ ਵਿਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਨੂੰ ਇਨ੍ਹਾਂ ਹਦਾਇਤਾਂ ਦੀ ਪੂਰੀ ਪਾਲਣਾ ਕਰਨ ਲਈ ਦੱਸ ਦਿੱਤਾ ਜਾਵੇ ।

4. ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਅਧੀਨ ਸਕੱਤਰ, ਸੇਵਾਵਾਂ (1)<br>
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ ।

ਇਕ ਨਕਲ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ, ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਸ਼ਾਸਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਭੇਜਣ ਦੀ ਖੇਚਲ ਕੀਤੀ ਜਾ˝ ।

ਅਧੀਨ ਸਕੱਤਰ, ਸੇਵਾਵ (1)<br>
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਚ

(1) ਸਮੂਹ ਵਿੱਤ ਕਮਿਸ਼ਨਰ, ਪੰਜਾਬ

(2) ਸਮੂਹ ਪ੍ਰਸ਼ਾਸਕੀ ਸਕੱਤਰ, ਪੰਜਾਬ ।

ਗ.ਸ.ਪੱਤਰ ਨੰ: 7432 -ਸ II (6)-73 ਮਿਤੀ, ਚੰਡੀਗੜ੍ਹ 13 ਨਵੰਬਰ, 1973

ਨੰ: 1946-1 ਭਾਸ਼ਾ-74/29198

ਵਲੋਂ

ਸਕੱਤਰ, ਪੰਜਾਬ ਸਰਕਾਰ,
ਭਾਸ਼ਾ ਤੇ ਸਿੱਖਿਆ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ-ਸਰਵਿਸ ਰੂਲਾਂ ਵਿਚ ਉਪਬੰਧ ਕਰਨ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 801-1 ਭਾਸ਼ਾ-69/7199 ਮਿਤੀ 12-3-69 ਅਤੇ ਨੰ: 5000-1 ਭਾਸ਼ਾ-69/1766 ਮਿਤੀ 21-1-70 ਦੁਆਰਾ ਵਿਭਾਗੀ ਸੇਵਾਵਾਂ ਨਿਯਮਾਂਵਲੀ ਵਿਚ ਪੰਜਾਬੀ ਸਬੰਧੀ ਨਿਸ਼ਚਿਤ ਯੋਗਤਾਵਾਂ ਦਾ ਉਪਬੰਧ ਕਰਨ ਲਈ ਜਾਰੀ ਕੀਤੀਆਂ ਹਦਾਇਤਾਂ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਕਈ ਵਿਭਾਗਾਂ ਵਲੋਂ ਅਜੇ ਤਕ ਆਪਣੀਆਂ ਸੇਵਾਵਾਂ ਨਿਯਮਾਂਵਲੀਆਂ ਵਿਚ ਲੋੜੀਂਦਾ ਉਪਬੰਧ ਨਹੀਂ ਕੀਤਾ ਗਿਆ ਹੈ ਸਿੱਟੇ ਵਜੋਂ ਪੰਜਾਬੀ ਨੂੰ ਕੇਵਲ ਸਰਕਾਰੀ ਹਦਾਇਤਾਂ ਦੁਆਰਾ ਲਾਗੂ ਕਰਨ ਦੇ ਫੈਸਲੇ ਸਬੰਧੀ ਅਦਾਲਤਾਂ ਵਲੋਂ ਸਰਕਾਰ ਵਿਰੁੱਧ ਫੈਸਲੇ ਦਿੱਤੇ ਜਾ ਰਹੇ ਹਨ ਤੇ ਸਰਕਾਰ ਨੂੰ ਵਿੱਤੀ ਅਤੇ ਪ੍ਰਸ਼ਾਸਕੀ ਹਾਨੀ ਪੁਜ ਰਹੀ ਹੈ । ਇਸ ਲਈ ਪੰਜਾਬ ਸਰਕਾਰ ਭਾਸ਼ਾ ਐਕਟ, 1967 ਦੇ ਉਪਬੰਧਾਂ ਦੇ ਸਨਮੁੱਖ ਸਰਕਾਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਲਾਗੂ ਕਰਨ ਦੇ ਮੰਤਵ ਵਜੋਂ ਆਪਣੇ ਵਿਭਾਗ ਦੀਆਂ ਸੇਵਾਵਾਂ ਨਿਯਮਾਂਵਲੀਆਂ ਵਿਚ ਉਕਤ ਹਦਾਇਤਾਂ ਅਨੁਸਾਰ ਹਰ ਉਮੀਦਵਾਰ ਲਈ ਪੰਜਾਬੀ ਦੀ ਨਿਸ਼ਚਿਤ ਯੋਗਤਾ ਸਬੰਧੀ ਤੁਰੰਤ ਉਪਬੰਧ ਕੀਤਾ ਜਾਵੇ ਅਤੇ ਤਿੰਨ ਮਹੀਨੇ ਦੇ ਅੰਦਰ ਅੰਦਰ ਭਾਸ਼ਾ ਵਿਭਾਗ ਨੂੰ ਅਜਿਹਾ ਕੀਤੇ ਜਾਣ ਦਾ ਸਰਟੀਫਿਕੇਟ ਭੇਜਿਆ ਜਾਵੇ ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਉਪ-ਸਕੱਤਰ, ਪੰਜਾਬ ਸਰਕਾਰ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਕ ਉਤਾਰਾ ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਪੰਜਾਬ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ-ਸਕੱਤਰ, ਪੰਜਾਬ ਸਰਕਾਰ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

1. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ।
2. ਸਮੂਹ ਸਕੱਤਰ, ਪੰਜਾਬ ਸਰਕਾਰ ।

ਗ.ਸ.ਪੱਤਰ ਨੰ: 1946 /1ਭਾਸ਼ਾ-74/ ਮਿਤੀ, ਚੰਡੀਗੜ੍ਹ 24-10-1974

ਇਕ ਉਤਾਰਾ ਸਕੱਤਰ ਪੰਜਾਬ ਸਰਕਾਰ, ਉਦਯੋਗ ਵਿਭਾਗ ਨੂੰ ਉਨ੍ਹਾਂ ਦੇ ਗੈਰ ਸਰਕਾਰ ਪੱਤਰ ਨੰ: 4773-2 ੳ-ਸ (ਨਿਲ)-74/ਮਿਤੀ 6 ਮਈ, 1974 ਦੇ ਹਵਾਲੇ ਵਿਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ-ਸਕੱਤਰ, ਪੰਜਾਬ ਸਰਕਾਰ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਸਕੱਤਰ, ਪੰਜਾਬ ਸਰਕਾਰ,
ਉਦਯੋਗ ਵਿਭਾਗ ।

ਅ.ਸ.ਪੱਤਰ ਨੰ: 1946-1 ਭਾਸ਼ਾ74/ ਮਿਤੀ, ਚੰਡੀਗੜ੍ਹ, ਨਵੰਬਰ, 1974

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਰ.ਸ.ਤਲਵਾੜ,
ਆਈ.ਏ.ਐਸ.

ਅੱਧ ਸਰਕਾਰੀ ਨੰ: 4802-1 ਭਾਸ਼ਾ-74/
ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

ਦਸੰਬਰ, 74

ਸ੍ਰੀਮਾਨ ਜੀ,

ਕਿਰਪਾ ਕਰਕੇ ਪੰਜਾਬ ਸਰਕਾਰ ਦੇ ਸਮੂਹ ਦਫ਼ਤਰਾਂ ਅਤੇ ਅੱਧ ਸਰਕਾਰੀ ਸੰਸਥਾਵਾਂ ਆਦਿ ਵਿਚ ਪੰਜਾਬੀ ਨੂੰ ਲਾਗੂ ਕਰਨ ਸਬੰਧੀ ਸਰਕਾਰ ਦੇ ਗਸ਼ਤੀ ਪੱਤਰ ਨੰ: 2011-1ਭਾਸ਼ਾ-72/30183 ਮਿਤੀ 5 ਸਤੰਬਰ, 1972 ਵੱਲ ਧਿਆਨ ਦੇਣ ਦੀ ਖੇਚਲ ਕਰਨਾ ।

2. ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕਈ ਸਰਕਾਰੀ ਅਤੇ ਅੱਧ ਸਰਕਾਰੀ ਦਫ਼ਤਰਾਂ ਵਿਚ ਕੰਮ ਕਰ ਰਹੇ ਕਈ ਕਰਮਚਾਰੀ ਦਫ਼ਤਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਨਹੀਂ ਕਰ ਰਹੇ । ਸਰਕਾਰ ਮਹਿਸੂਸ ਕਰਦੀ ਹੈ ਕਿ ਦਫ਼ਤਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਕਰਨ ਬਾਰੇ ਸਰਕਾਰੀ ਪਾਲਿਸੀ ਨੂੰ ਲਾਗੂ ਕਰਨ ਵਿਚ ਆਪ ਦੀ ਪੱਧਰ ਤੇ ਦ੍ਰਿੜਤਾ ਤੋਂ ਕੰਮ ਨਹੀਂ ਲਿਆ ਜਾ ਰਿਹਾ ਹੈ । ਸਰਕਾਰ ਨੇ ਇਸ ਅਣ ਗਹਿਲੀ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਹ ਫ਼ੈਸਲਾ ਕੀਤਾ ਹੈ ਕਿ ਅਗੋ ਵਾਸਤੇ ਜਦੋਂ ਕੋਈ ਕਰਮਚਾਰੀ ਪੰਜਾਬੀ ਵਿਚ ਨੋਟਿੰਗ/ਪੱਤਰ ਵਿਹਾਰ ਨਾ ਕਰੇ ਤਾਂ ਉਸਨੂੰ ਲਿਖਤੀ ਰੂਪ ਵਿਚ ਤਾੜਨਾ ਦਿੱਤੀ ਜਾਵੇਗੀ । ਜੇ ਇਸੇ ਤਰ੍ਹਾਂ ਦੀਆਂ ਤਿੰਨ ਤਾੜਨਾਵਾਂ ਹੋ ਜਾਣ ਤਾਂ ਤੀਜੀ ਤਾੜਨਾ ਦੀ ਇਕ ਕਾਪੀ ਸਬੰਧਤ ਕਰਮਚਾਰੀ ਦੀ ਆਚਰਣ ਪੱਤਰੀ ਵਿਚ ਵੀ ਲਾਈ ਜਾਵੇਗੀ। ਜੇ ਕੋਈ ਅਧਿਕਾਰੀ ਆਪਣੇ ਅਧੀਨ ਕੰਮ ਕਰ ਰਹੇ ਕਿਸੇ ਕਰਮਚਾਰੀ ਦੇ ਦਫ਼ਤਰੀ ਪੱਤਰ ਵਿਹਾਰ ਵਿਚ ਪੰਜਾਬੀ ਦਾ ਪ੍ਰਯੋਗ ਨਾ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨੂੰ ਤਾੜਨਾ ਨਹੀਂ ਦੇਵੇਗਾ ਜਾਂ ਉਸ ਨੂੰ ਤਿੰਨ ਤਾੜਨਾਵਾਂ ਦਿੱਤੀਆਂ ਜਾਣ ਉਪਰੰਤ ਤੀਜੀ ਤਾੜਨਾ ਦੀ ਪਰਤ ਉਸਦੀ ਆਚਰਣ ਪੱਤਰੀ ਵਿਚ ਨਹੀਂ ਲਾਵੇਗਾ ਤਾਂ ਉਸ ਅਫ਼ਸਰ ਨੂੰ ਜ਼ਿੰਮੇਵਾਰ ਮਿਥਦੇ ਹੋਏ ਤਾੜਨਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਅਤੇ ਡਵੀਜ਼ਨਲ ਕਮਿਸ਼ਨਰ ਇਸ ਗੱਲ ਵੱਲ ਵੀ ਉਚੇਰਾ ਧਿਆਨ ਦੇਣਗੇ ਕਿ ਕਿਸੇ ਜ਼ਿਲਾ ਭਾਸ਼ਾ ਅਫ਼ਸਰ ਨੂੰ ਜਾਂ ਭਾਸ਼ਾ ਵਿਭਾਗ ਦੇ ਕਿਸੇ ਉੱਚ ਅਧਿਕਾਰੀ ਨੂੰ ਉਨ੍ਹਾਂ ਦੇ ਸਬੰਧਤ ਜ਼ਿਲੇ ਦੇ ਡਵੀਜ਼ਨ ਵਿਚ ਸਥਾਪਤ ਸਰਕਾਰੀ ਜਾਂ ਅੱਧ ਸਰਕਾਰੀ ਦਫ਼ਤਰ, ਕਾਰਪੋਰੇਸ਼ਨਜ਼, ਲੋਕਲ ਬਾਡੀਜ਼ ਅਤੇ ਸਰਕਾਰੀ ਕੰਟਰੋਲ ਅਧੀਨ ਸਥਾਪਤ ਸੰਸਥਾਵਾਂ ਵਿਚ ਚੈਕਿੰਗ ਕਰਨ ਵੇਲੇ ਕੋਈ ਔਕੜ ਨਾ ਆਉਣ ਦਿੱਤੀ ਜਾਵੇ । ਇਸੇ ਤਰ੍ਹਾਂ ਸਕੱਤਰੇਤ ਦੀ ਪੱਧਰ ਤੇ ਵੀ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਪੰਜਾਬੀ ਦੇ ਪ੍ਰਚਾਲਣ ਬਾਰੇ ਬਕਾਇਦਾ ਪਹਿਲਾ

ਵਾਂਗ ਹੀ ਚੈਕਿੰਗ ਕੀਤੀ ਜਾਇਆ ਕਰੇਗੀ ਤੇ ਉਸ ਦੀ ਰਿਪੋਰਟ ਸਬੰਧਤ ਅਫ਼ਸਰ ਨੂੰ ਅਤੇ ਉਸ ਦੀ ਕਾਪੀ ਤੁਰੰਤ ਅਗਲੇਰੇ ਅਫ਼ਸਰ ਨੂੰ ਵੀ ਦਿੱਤੀ ਜਾਇਆ ਕਰੇਗੀ ।

3. ਇਸ ਲਈ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰੀ ਪਾਲਿਸੀ ਨੂੰ ਮੁੱਖ ਰੱਖਦੇ ਹੋਏ ਆਪ ਦੇ ਅਧੀਨ ਸਰਕਾਰੀ ਦਫ਼ਤਰਾਂ, ਅੱਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ ਜਾਂ ਕੰਪਨੀਆਂ ਅਤੇ ਲੋਕਲ ਬਾਡੀਜ਼ ਜਿਹੜੀਆਂ ਵੀ ਸਰਕਾਰ ਦੇ ਕੰਟਰੋਲ ਅਧੀਨ ਹਨ, ਉਨ੍ਹਾਂ ਵਿਚ ਦਫ਼ਤਰੀ ਪੱਤਰ ਵਿਹਾਰ ਪੂਰਨ ਤੌਰ ਤੇ ਪੰਜਾਬੀ ਵਿਚ ਕਰਵਾਉਣ ਹਿਤ ਦ੍ਰਿੜਤਾ ਅਤੇ ਨਿੱਜੀ ਦਿਲਚਸਪੀ ਤੋਂ ਕੰਮ ਲਿਆ ਜਾਵੇ । ਜ਼ਿਲਾ ਭਾਸ਼ਾ ਅਫ਼ਸਰ ਜਾਂ ਭਾਸ਼ਾ ਵਿਭਾਗ ਦੇ ਕਿਸੇ ਹੋਰ ਉੱਚ ਅਧਿਕਾਰੀ ਵਲੋਂ ਅਜਿਹੇ ਸਮੂਹ ਦਫ਼ਤਰਾਂ ਦੀ ਪੜਤਾਲ ਨੂੰ ਅਸਰਦਾਰ ਬਣਾਉਣ ਲਈ ਇਸ ਗਲ ਨੂੰ ਵੀ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਨੂੰ ਅਜਿਹੀ ਕਾਰਵਾਈ ਕਰਨ ਸਮੇਂ ਕੋਈ ਔਕੜ ਜਾਂ ਅੜਿਚਣ ਪੇਸ਼ ਨਾ ਆਵੇ ਅਤੇ ਉਨ੍ਹਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਵੇ । ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਸਰਕਾਰ ਦੀ ਪੰਜਾਬੀ ਪ੍ਰਚਾਲਣ ਸਬੰਧੀ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਕਿਸੇ ਕਰਮਚਾਰੀ ਬਾਰੇ ਆਪ ਦੇ ਨੋਟਿਸ ਵਿਚ ਲਿਆਉਣ ਉਤੇ ਉਸ ਕਰਮਚਾਰੀ ਨੂੰ ਤੁਰੰਤ ਲਿਖਤੀ ਰੂਪ ਵਿਚ ਤਾੜਨਾ ਦਿੱਤੀ ਜਾਵੇ ਅਤੇ ਇਸ ਪ੍ਰਕਾਰ ਤਿੰਨ ਤਾੜਨਾਵਾਂ ਹੋ ਜਾਣ ਉਪਰੰਤ ਤੀਸਰੀ ਤਾੜਨਾ ਉਸਦੀ ਆਚਰਣ ਪੱਤਰੀ ਵਿਚ ਲਾਈ ਜਾਵੇ ਅਤੇ ਅਜਿਹਾ ਕਰਨ ਦੀ ਸੂਚਨਾ ਹਰ ਸਟੇਜ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਵੀ ਦਿੱਤੀ ਜਾਵੇ । ਜੇ ਕੋਈ ਅਧਿਕਾਰੀ ਇਸ ਆਦੇਸ਼ ਦੀ ਉਲੰਘਣਾ ਕਰੇ ਤਾਂ ਉਸ ਨੂੰ ਵੀ ਸਰਕਾਰ ਨੂੰ ਸੂਚਨਾ ਦਿੰਦੇ ਹੋਏ ਲਿਖਤੀ ਰੂਪ ਵਿਚ ਤਾੜਨਾ ਦਿੱਤੀ ਜਾਵੇ । ਮੈਂ ਇਥੇ ਇਹ ਸਪਸ਼ਟ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ ਜੇ ਇਨਾਂ ਹਦਾਇਤਾਂ ਦੀ ਪਾਲਣਾ ਵਿਚ ਆਪ ਦੀ ਪੱਧਰ ਤੇ ਵੀ ਕੋਈ ਅਣਗਹਿਲੀ ਵੇਖਣ ਵਿਚ ਆਈ ਤਾਂ ਸਰਕਾਰ ਉਸਦਾ ਗੰਭੀਰ ਨੋਟਿਸ ਲੈਣ ਅਤੇ ਜੇ ਲੋੜ ਪਈ ਤਾਂ ਜ਼ਾਬਤੇ ਦੀ ਕਾਰਵਾਈ ਕਰਨ ਤੋਂ ਵੀ ਸੰਕੋਚ ਨਹੀਂ ਕਰੇਗੀ ਅਤੇ ਇਸ ਪਾਲਿਸੀ ਨੂੰ ਲਾਗੂ ਕਰਵਾਉਣ ਲਈ ਤੁਸੀ ਨਿੱਜੀ ਤੌਰ ਤੇ ਜ਼ਿੰਮੇਵਾਰ ਮਿਥੇ ਜਾਵੋਗੇ ।

ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਇਕ ਹਫ਼ਤੇ ਦੇ ਅੰਦਰ ਅੰਦਰ ਮੈਨੂੰ ਭੇਜਣ ਦੀ ਖੇਚਲ ਕਰਨੀ । ਇਹ ਹਦਾਇਤ ਆਪ ਦੇ ਅਧੀਨ ਦਫ਼ਤਰਾਂ ਦੇ ਸਮੂਹ ਕਰਮਚਾਰੀਆਂ ਅਤੇ ਅੱਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ ਅਤੇ ਲੋਕਲ ਬਾਡੀਜ਼ ਆਦਿ ਦੇ ਮੁਖੀਆਂ ਦੇ

ਨੋਟਿਸ ਵਿਚ ਵੀ ਦ੍ਰਿੜਤਾ ਸਹਿਤ ਲਾਗੂ ਕਰਨ ਅਤੇ ਅਗਵਾਈ ਹਿਤ ਲਿਆ ਦਿੱਤੀਆਂ ਜਾਣ। ਇਸ ਲਈ ਮੈਂ ਆਪ ਦਾ ਅਤਿ ਧੰਨਵਾਦੀ ਹਵਾਂਗਾ ।

ਹਿੰਦੂ

(ਰ.ਸ.ਤਲਵਾੜ)

ਨੰ: 4802-1 ਭਾਸ਼ਾ 74 ਮਿਤੀ, ਚੰਡੀਗੜ੍ਹ, ਜਨਵਰੀ 14, 1975

ਇਸ ਦੀ ਇਕ ਕਾਪੀ ਸ੍ਰੀ ਰਜਨੀਸ਼ ਕੁਮਾਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

(ਰ.ਸ.ਤਲਵਾੜ)

ਸ੍ਰੀ ਰਜਨੀਸ਼ ਕੁਮਾਰ,
ਡਾਇਰੈਕਟਰ, ਭਾਸ਼ਾ ਵਿਭਾਗ,
ਪੰਜਾਬ, ਪਟਿਆਲਾ ।

ਨੰ: 4802-1 ਭਾਸ਼ਾ -74/ ਮਿਤੀ, ਚੰਡੀਗੜ੍ਹ 14 ਜਨਵਰੀ, 1975

ਇਸ ਦੀ ਇਕ ਕਾਪੀ ਸਮੂਹ ਵਿੱਤ ਕਮਿਸ਼ਨਰਾਂ /ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਅੰਧ ਸਰਕਾਰੀ ਪੱਤਰ ਦੇ ਰੂਪ ਵਿਚ ਭੇਜੀ ਜਾਂਦੀ ਹੈ ।

(ਰ.ਸ.ਤਲਵਾੜ)

ਨੰ: 4809-1 ਭਾਸ਼ਾ/59-ਐਮ/4319

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਲ ਕਮਿਸ਼ਨਰ, ਡਿਸਟ੍ਰਿਕਟ ਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ ਉਪ ਮੰਡਲ ਅਫ਼ਸਰ (**ਸਿਵਲ**) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 19-2-1975 ।

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦੇ ਪ੍ਰਚਾਲਣ ਬਾਰੇ ।

ਸ੍ਰੀਮਾਨ ਜੀ,

ਪੰਜਾਬ ਪ੍ਰਸ਼ਾਸਨ ਵਿਚ ਪੰਜਾਬੀ ਦੇ ਪ੍ਰਯੋਗ ਸਬੰਧੀ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਬਾਰੇ ਸਰਕਾਰ ਕੁਝ ਸਮੇਂ ਤੋਂ ਵਿਚਾਰ ਕਰਦੀ ਰਹੀ ਹੈ ਅਤੇ ਹੁਣ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਅੱਗੇ ਵਾਸਤੇ ਪੰਜਾਬੀ ਦੇ ਪ੍ਰਯੋਗ ਵਿਚ ਦੂਜੀਆਂ ਭਾਸ਼ਾਵਾਂ ਦੇ ਕੇਵਲ ਉਹ ਸ਼ਬਦ ਵਰਤੇ ਜਾਣ ਜਿਹੜੇ ਪ੍ਰਚਲਤ ਹੋਣ ਭਾਵੇਂ ਉਹ ਅੰਗਰੇਜ਼ੀ ਦੇ ਹੋਣ ਭਾਵੇਂ ਹਿੰਦੀ ਜਾਂ ਉਰਦੂ ਦੇ ਹੋਣ । ਇਸ ਲਈ ਮੈਨੂੰ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਅੱਗੇ ਵਾਸਤੇ ਉਕਤ ਫ਼ੈਸਲੇ ਅਨੁਸਾਰ ਹੀ ਦਫ਼ਤਰੀ ਪੱਤਰ ਵਿਹਾਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਉਪ ਸਕੱਤਰ ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਇਸ ਦੀ ਕਾਪੀ ਪੰਜਾਬ ਸਰਕਾਰ ਦੇ ਸਮੂਹ ਫਾਈਨੈਂਸ਼ਲ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਉਪ ਸਕੱਤਰ ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਸਰਕਾਰ ਦੇ ਸਮੂਹ ਫਾਈਨੈਂਸ਼ਲ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਚੰਡੀਗੜ੍ਹ ।

ਤ ਸ ਪ ਨੰ: 4809-1 ਭਾਸ਼ਾ-74/59-ਐਮ/ ਮਿਤੀ ਚੰਡੀਗੜ੍ਹ 1975

ਨੰ: 3600-2 ਸ II-75/22209

ਵਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

ਸਾਰੇ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ.ਐਸ.ਡੀ.ਓ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 24 ਜੂਨ,1975

ਵਿਸ਼ਾ : ਪੰਜਾਬੀ ਭਾਸ਼ਾ ਦਾ ਪ੍ਰਚਾਲਣ-ਗਿਆਨੀ ਜਾਂ ਪੰਜਾਬੀ ਭਾਸ਼ਾ ਵਿਚ ਐਮ.ਏ.ਦੀ ਯੋਗਤਾ ਪ੍ਰਾਪਤ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਉਤਸ਼ਾਹ ਦੇਣ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੰਬੋਧਨ ਕਰਦੇ ਹੋਏ ਮੈਨੂੰ ਇਹ ਲਿਖਣ ਦਾ ਆਦੇਸ਼ ਹੋਇਆ ਹੈ ਕਿ ਪੰਜਾਬੀ ਭਾਸ਼ਾ ਦੇ ਰਾਜ ਭਾਸ਼ਾ ਬਣ ਜਾਣ ਨਾਲ ਹਰ ਸਰਕਾਰੀ ਕਰਮਚਾਰੀ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਭਾਸ਼ਾ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੇ ਤਾਂ ਜੋ ਸਰਕਾਰੀ ਕੰਮ ਕਾਜ ਠੀਕ ਅਤੇ ਸੁਚੱਜੇ ਢੰਗ ਨਾਲ ਹੋਵੇ । ਇਸ ਆਸ਼ੇ ਨੂੰ ਪੂਰਾ ਕਰਨ ਵਿਚ ਜਿਥੇ ਹਰ ਕਰਮਚਾਰੀ ਦਾ ਆਪਣਾ ਫਰਜ਼ ਹੈ ਉਥੇ ਸਰਕਾਰ ਵੀ ਕੁਝ ਸਮੇਂ ਤੋਂ ਇਸ ਗੱਲ ਤੇ ਵਿਚਾਰ ਕਰ ਰਹੀ ਸੀ ਕਿ ਕੁਝ ਅਜਿਹਾ ਪ੍ਰਬੰਧ ਕੀਤਾ ਜਾਵੇ ਜਿਸ ਦੇ ਸਨਮੁੱਖ ਸਰਕਾਰੀ ਕਮਰਚਾਰੀ ਪੰਜਾਬੀ ਭਾਸ਼ਾ ਵਿਚ ਪ੍ਰਬੀਨਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਹੋਣ । ਇਸ ਉਦੇਸ਼ ਨੂੰ ਮੁੱਖ ਰਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਸਰਕਾਰੀ ਕਰਮਚਾਰੀ ਗਿਆਨੀ (ਪੰਜਬੀ ਵਿਚ ਆਨਰਜ਼) ਜਾਂ ਪੰਜਾਬੀ ਵਿਚ ਐਮ.ਏ. ਦੀ ਯੋਗਤਾ ਪ੍ਰਾਪਤ ਕਰਨਗੇ ਉਨ੍ਹਾਂ ਨੂੰ 100/- ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਹ ਫੈਸਲਾ ਇਸ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ । ਇਸ ਇਨਾਮ ਲਈ ਕੇਵਲ ਹੇਠ ਲਿਖੇ ਵਰਗਾਂ ਦੇ ਕਰਮਚਾਰੀ ਪਾਤਰ ਹੋਣਗੇ :-

(1) ਉਹ ਕਰਮਚਾਰੀ ਜਿਨ੍ਹਾਂ ਨੂੰ ਦਫਤਰੀ ਨੋਟ ਜਾਂ ਚਿੱਠੀਆਂ ਲਿਖਣੀਆਂ ਟਾਈਪ ਕਰਨੀਆਂ ਪੈਂਦੀਆਂ ਹਨ । ਇਸ ਵਿਚ ਸਾਰੇ ਮਨਿਸਟ੍ਰੀਅਲ ਕਰਮਚਾਰੀਆਂ ਜਾਣਗੇ ।

(2) ਉਹ ਕਰਮਚਾਰੀ /ਅਫ਼ਸਰ ਜਿਨ੍ਹਾਂ ਨੂੰ ਉਪਰੋਕਤ ਮੱਦ (1) ਵਿਚ ਦਸੇ ਕਰਮਚਾਰੀਆਂ ਦਾ ਕੰਮ ਸੁਪਰਵਾਈਜ਼ ਕਰਨਾ ਪੈਂਦਾ ਹੈ ।

ਉਪਰੋਕਤ ਇਨਾਮ ਦੇਣ ਦੀ ਸਮੱਰਥਾ ਨਿਯੁਕਤੀ ਅਧਿਕਾਰੀ ਨੂੰ ਹੋਵੇਗੀ ਅਤੇ ਇਸ ਸਬੰਧੀ ਖਰਚ ਸਬੰਧਤ ਵਿਭਾਗ ਨੂੰ ਆਪਣੇ ਸਾਲਾਨਾ ਬੱਜਟ ਵਿਚੋਂ ਹੀ ਕਰਨਾ ਪਵੇਗਾ।

3. ਇਹ ਹਦਾਇਤਾਂ ਵਿੱਤ ਵਿਭਾਗ ਦੀ ਪ੍ਰਵਾਨਗੀ ਜਿਹੜੀ ਉਨ੍ਹਾਂ ਗੈਰ-ਸਰਕਾਰੀ ਪੱਤਰ ਨੰ: 467-1 ਐਫ.ਆਰ-75/ ਮਿਤੀ 7 ਮਈ, 1975 ਰਾਹੀਂ ਦਿੱਤੀ ਸੀ, ਨਾਲ ਜਾਰੀ ਕੀਤੀਆਂ ਜਾਂਦੀਆਂ ਹਨ ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,
ਸੰਯੁਕਤ ਸਕੱਤਰ, ਸੇਵਾਵਾਂ ਅਤੇ ਰਾਜਨੀਤਿਕ,
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਉਤਾਰਾ ਵਿੱਤੀ ਕਮਿਸ਼ਨਰਜ਼ ਅਤੇ ਸਾਰੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ, ਸੇਵਾਵਾਂ ਅਤੇ ਰਾਜਨੀਤਿਕ,
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ,

(1) ਵਿੱਤੀ ਕਮਿਸ਼ਨਰ, ਪੰਜਾਬ
(2) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗ.ਸ.ਪੱਤਰ ਨੰ: 3600-2 ਸ II -75/ ਮਿਤੀ 24 ਜੂਨ, 1975

ਇਕ ਉਤਾਰਾ ਮੁੱਖ ਮੰਤਰੀ/ਸਾਰੇ ਮੰਤਰੀ/ਮੁੱਖ ਸੰਸਦੀ ਸਕੱਤਰ ਦੇ ਸਕੱਤਰਾਂ/ ਨਿੱਜੀ ਸਕੱਤਰਾਂ/ਨਿੱਜੀ ਸਹਾਇਕਾਂ ਨੂੰ ਮੰਤਰੀ ਸਾਹਿਬਾਨ ਦੀ ਸੂਚਨਾ ਲਈ ਭੇਜਿਆ ਜਾਂਦਾ ਹੈ ।

ਸੈਕਸ਼ਨ ਅਫ਼ਸਰ, ਸੇਵਾਵਾਂ (2)
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

ਮੁੱਖ ਮੰਤਰੀ/ਸਾਰੇ ਮੰਤਰੀ/ਮੁੱਖ ਸੰਸਦੀ ਸਕੱਤਰ ਦੇ
ਸਕੱਤਰਾਂ/ਨਿੱਜੀ ਸਕੱਤਰਾਂ/ਨਿੱਜੀ ਸਹਾਇਕਾਂ ।

ਗ.ਸ.ਨ: 3600-2 ਸ II-75/ ਮਿਤੀ 24 ਜੂਨ, 1975

ਇਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਨੂੰ ਉਨ੍ਹਾਂ ਦੇ ਗ.ਸ.ਪੱਤਰ ਨੰ: 467-1 ਐਫ.ਆਰ-75, ਮਿਤੀ 7-5-75 ਦੇ ਹਵਾਲੇ ਨਾਲ ਸੂਚਨਾ ਲਈ ਭੇਜਿਆ ਜਾਂਦਾ ਹੈ ।

ਸੈਕਸ਼ਨ ਅਫ਼ਸਰ, ਸੇਵਾਵਾਂ (2)
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ ।

ਗ.ਸ.ਨ: 3600-2 ਸ II-75/ ਮਿਤੀ 24 ਜੂਨ, 1975

ਕੇ.ਸ.ਬੈਂਸ
ਆਈ.ਏ.ਐਸ.

ਅ.ਸ.ਪੱਤਰ ਨੰ:2138-13-75/ਭਾਸ਼ਾ
ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਭਾਸ਼ਾ ਤੇ ਖੇਡਾਂ ਵਿਭਾਗ,
ਮਿਤੀ 6 ਅਗਸਤ, 1975

ਵਿਸ਼ਾ :- ਭਾਰਤ ਸਰਕਾਰ ਅਤੇ ਹੋਰ ਹਿੰਦੀ ਬੋਲਦੇ ਰਾਜਾਂ ਨਾਲ ਹਿੰਦੀ ਭਾਸ਼ਾ ਵਿਚ ਪੱਤਰ ਵਿਹਾਰ ਕਰਨ ਬਾਰੇ ।

ਸ੍ਰੀਮਾਨ ਜੀ,

ਮੈਂ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਸ ਅਧੀਨ ਰਾਜ ਪ੍ਰਬੰਧ ਦੇ ਹਰ ਪੱਧਰ ਉੱਤੇ ਸਾਰਾ ਕੰਮ ਪੰਜਾਬੀ ਵਿਚ ਕੀਤਾ ਜਾਣਾ ਲੋੜੀਂਦਾ ਹੈ ਅਤੇ ਭਾਰਤ ਸਰਕਾਰ ਤੇ ਦੂਜੇ ਹਿੰਦੀ ਭਾਸ਼ੀ ਰਾਜਾਂ ਨਾਲ ਪੱਤਰ ਵਿਹਾਰ ਹਿੰਦੀ ਵਿਚ ਹੋਣਾ ਚਾਹੀਦਾ ਹੈ ।

2. ਇਸ ਸਬੰਧ ਵਿਚ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 2388-1 ਭਾਸ਼ਾ-68/11055 ਮਿਤੀ 15-4-1968 ਅਤੇ ਪੱਤਰ ਨੰ: 80 (ਮ)-1 ਭਾਸ਼ਾ -70 ਮਿਤੀ 30-10-70 ਵੱਲ ਦਿਵਾਉਂਦੇ ਹੋਏ ਬੇਨਤੀ ਕਰਦਾ ਹਾਂ ਕਿ ਸਰਕਾਰ ਦੀ ਨੀਤੀ ਅਨੁਸਾਰ ਕੇਂਦਰੀ ਸਰਕਾਰ, ਹਿੰਦੀ ਭਾਸ਼ੀ ਰਾਜਾਂ ਤੇ ਗੁਜਰਾਤ ਸਰਕਾਰ ਨਾਲ ਪੱਤਰ ਵਿਹਾਰ ਨਿਸ਼ਚਿਤ ਢੰਗ ਮੁਤਾਬਿਕ ਹਿੰਦੀ ਵਿਚ ਕੀਤਾ ਜਾਵੇ । ਤੁਰੰਤ ਹਵਾਲੇ ਤੇ ਅਗਵਾਈ ਲਈ ਉਪਰੋਕਤ ਪੱਤਰਾਂ ਦੀਆਂ ਕਾਪੀਆਂ ਨਾਲ ਲਾਈਆਂ ਜਾਂਦੀਆਂ ਹਨ ।

3. ਕਿਰਪਾ ਕਰਕੇ ਇਸ ਪਾਲਸੀ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਅੱਗੇ ਲਈ ਭਾਰਤ ਸਰਕਾਰ ਤੇ ਹਿੰਦੀ ਭਾਸ਼ੀ ਰਾਜਾਂ ਨਾਲ ਪੱਤਰ ਵਿਹਾਰ ਉਪਰੋਕਤ ਪੱਤਰਾਂ ਵਿਚ ਦੱਸੇ ਢੰਗ ਮੁਤਾਬਿਕ ਹਿੰਦੀ ਵਿਚ ਹੀ ਕੀਤਾ ਜਾਵੇ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।

ਆਪ ਦਾ ਹਿੱਤੂ

**(ਕੇ.ਐਸ.ਬੈਂਸ)**

1. ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।
2. ਸਮੂਹ ਦਫਤਰਾਂ ਦੇ ਮੁੱਖ ਅਧਿਕਾਰੀ (ਪੰਜਾਬ)

ਨੰ: 2452-1 ਭਾਸ਼ਾ-75/17676

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਨ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਪੰਜਾਬ ਸਰਕਾਰ ਦੀਆਂ ਗਸ਼ਤੀ ਚਿੱਠੀਆਂ ਨੰ: 3107-1 ਭਾਸ਼ਾ-68/21805 ਮਿਤੀ 29-7-68 ਅਤੇ ਨੰ: 1588-1 ਭਾਸ਼ਾ -70/1157 ਮਿਤੀ 7-5-70 ਜਿਨ੍ਹਾਂ ਰਾਹੀਂ ਪੰਜਾਬ ਸਰਕਾਰ ਦੀਆਂ ਸੇਵਾਵਾਂ ਵਿਚ ਭਰਤੀ ਲਈ ਮੈਟ੍ਰਿਕ ਜਾਂ ਮੈਟ੍ਰਿਕ ਪੱਧਰ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਈ ਹੋਣੀ ਜ਼ਰੂਰੀ ਹੈ ਅਤੇ ਤਕਨੀਕੀ ਆਸਾਮੀਆਂ ਦੀ ਭਰਤੀ ਦੇ ਕੇਸ ਵਿਚ ਇਸ ਯੋਗਤਾ ਦੀ ਸ਼ਰਤ ਨੂੰ ਨਰਮ ਕਰਕੇ ਚੁਣੇ ਹੋਏ ਉਮੀਦਵਾਰਾਂ ਲਈ ਭਰਤੀ ਦੀ ਮਿਤੀ ਤੋਂ ਛੇ ਮਹੀਨੇ ਦੇ ਅੰਦਰ ਅੰਦਰ ਨਿਸ਼ਚਿਤ ਕੀਤੀ ਯੋਗਤਾ ਦਾ ਟੈਸਟ, ਭਾਸ਼ਾ ਵਿਭਾਗ, ਪੰਜਾਬ ਦੁਆਰਾ ਜਾਂ ਕਿਸੇ ਯੂਨੀਵਰਸਿਟੀ ਦਾ ਪੰਜਾਬੀ ਮਜ਼ਮੂਨ ਵਿਚ ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਦੀ ਆਗਿਆ ਦਿੱਤੀ ਗਈ ਸੀ, ਵੱਲ ਦਿਵਾਉਣ ਅਤੇ ਇਹ ਕਹਿਣ ਦੀ ਆਗਿਆ ਹੋਈ ਹੈ ਕਿ ਸਰਕਾਰ ਕੁਝ ਚਿਰ ਤੋਂ ਸਾਲ 1971 ਵਿਚ ਪਾਕਿਸਤਾਨ ਨਾਲ ਹੋਏ ਯੁੱਧ ਨਾਲ ਨਾਕਾਰਾ ਹੋਏ ਅਤੇ ਸ਼ਹੀਦ ਹੋਏ ਫੌਜੀਆਂ ਦੇ ਆਸ਼ਰਿਤਾਂ ਦੇ ਕੇਸ ਵਿਚ ਸਿਵਲ ਸੇਵਾਵਾਂ ਵਿਚ ਭਰਤੀ ਲਈ ਪੰਜਾਬੀ ਦੀ ਉਕਤ ਯੋਗਤਾ ਦੀ ਸ਼ਰਤ ਵਿਚ ਢਿਲ ਦੇਣ ਦੇ ਮਾਮਲੇ ਤੇ ਗੰਭੀਰ ਵਿਚਾਰ ਕਰਦੀ ਰਹੀ ਹੈ । ਅਜਿਹੇ ਫੌਜੀਆਂ ਅਤੇ ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਦੇ ਯੋਗ ਮੈਂਬਰਾਂ ਨੂੰ ਸਮਾਜ ਵਿਚ ਸਵੈ-ਮਾਣ ਅਤੇ ਯੋਗ ਸਥਾਨ ਦੇਣ ਹਿਤ ਸਰਕਾਰ ਨੇ ਪੂਰਣ ਵਿਚਾਰ ਉਪਰੰਤ ਇਹ ਫ਼ੈਸਲਾ ਕੀਤਾ ਹੈ ਕਿ ਸਾਲ 1971 ਦੀ ਇੰਡੋ-ਪਾਕਿਸਤਾਨ ਜੰਗ ਵਿਚ ਨਾਕਾਰਾ ਹੋਏ ਫ਼ੌਜੀਆਂ ਦੇ ਆਸ਼ਰਿਤਾਂ ਨੂੰ ਸਿਵਲ ਸੇਵਾਂਵਾਂ ਵਿਚ ਭਰਤੀ ਕਰਨ ਸਮੇਂ ਪੰਜਾਬੀ ਯੋਗਤਾ ਦੀ ਸ਼ਰਤ ਨੂੰ ਇਸ ਹੱਦ ਤਕ ਨਰਮ ਕੀਤਾ ਸਮਝਿਆ ਜਾਵੇਗਾ ਕਿ ਚੁਣੇ

ਹੋਏ ਉਮੀਦਵਾਰ ਭਰਤੀ ਦੇ ਸਮੇਂ ਪੰਜਾਬੀ ਦਾ ਕੰਮ ਚਲਾਊ ਗਿਆਨ (Working Knowledge) ਰਖਦੇ ਹੋਣ ।

2. ਉਪਰੋਕਤ ਫੈਸਲੇ ਨੂੰ ਆਪ ਦੇ ਅਧੀਨ ਕੰਮ ਕਰਨ ਵਾਲੇ ਸਮੂਹ ਨਿਯੁਕਤੀ ਅਧਿਕਾਰੀਆਂ ਅਤੇ ਸੰਸਥਾਵਾਂ ਦੇ ਨੋਟਿਸ ਵਿਚ ਵੀ ਲਾਗੂ ਕਰਨ ਲਈ ਲਿਆ ਦਿੱਤਾ ਜਾਵੇਗਾ ।

ਵਿਸ਼ਵਾਸਪਾਤਰ,<br>
ਸੰਯੁਕਤ ਸਕੱਤਰ, ਸਿੱਖਿਆ<br>
ਵਾਸਤੇ ਸਕੱਤਰ, ਪੰਜਾਬ ਸਰਕਾਰ ।<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 2452-1 ਭਾਸ਼ਾ-75/17677 ਮਿਤੀ ਚੰਡੀਗੜ੍ਹ 20-8-75

ਇਸ ਦੀ ਇਕ ਪਰਤ, ਜ਼ਰੂਰੀ ਕਾਰਵਾਈ ਲਈ, ਨਿਮਨ ਲਿਖਤ ਨੂੰ ਭੇਜੀ ਜਾਂਦੀ ਹੈ:-

ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ।

ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ਅਤੇ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਸੰਯੁਕਤ ਸਕੱਤਰ, ਸਿੱਖਿਆ<br>
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਇਕ ਪਰਤ ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਚੰਡੀਗੜ੍ਹ ਨੂੰ ਸੂਚਨਾਂ ਅਤੇ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ ।

ਸੰਯੁਕਤ ਸਕੱਤਰ, ਸਿੱਖਿਆ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਸਮੂਹ ਵਿੱਤ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

ਯ.ਸ.ਪ.ਨੰ: 2452-1 ਭਾਸ਼ਾ-75/ ਮਿਤੀ 20-8-75

ਨੰ: 2415-1 ਭਾਸ਼ਾ-75/19231

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿਖਿਆ ਤੇ ਭਾਸ਼ਾ ਵਿਭਾਗ ।

ਵੱਲ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਵਿਸ਼ਾ : ਪੰਜਾਬ ਸਰਕਾਰ ਦੇ ਗਜ਼ਟ ਦੀ ਛਪਾਈ-ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ ।

ਸ੍ਰੀਮਾਨ ਜੀ,

ਪੰਜਾਬ ਭਾਸ਼ਾ ਐਕਟ, 1967 ਦੇ ਹੋਂਦ ਵਿਚ ਆਉਣ ਤੋਂ ਬਾਦ ਮਿਤੀ 13-4-68 ਤੋਂ ਪੰਜਾਬ ਸਰਕਾਰ ਦਾ ਸਾਰਾ ਦਫ਼ਤਰੀ ਕੰਮ ਪੰਜਾਬੀ ਵਿਚ ਹੋਣਾ ਚਾਹੀਦਾ ਹੈ ਅਤੇ ਇਸ ਬਾਰੇ ਸਮੇਂ ਸਮੇਂ ਸਿਰ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ । ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਗਜ਼ਟ ਦੀ ਛਪਾਈ ਅਧਿਕਤਰ ਅੰਗਰੇਜ਼ੀ ਵਿਚ ਹੀ ਹੁੰਦੀ ਹੈ, ਜਦੋਂ ਕਿ ਭਾਸ਼ਾ ਐਕਟ ਅਤੇ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਇਸ ਦੀ ਛਪਾਈ ਪੰਜਾਬੀ ਵਿਚ ਹੋਣੀ ਚਾਹੀਦੀ ਹੈ ।

2. ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਭਵਿਖ ਵਿਚ ਪੰਜਾਬ ਸਰਕਾਰ ਗਜ਼ਟ ਦੀ ਛਪਾਈ ਪੰਜਾਬੀ ਵਿਚ ਹੋਵੇਗੀ । ਇਸ ਲਈ ਸਾਰੇ ਵਿਭਾਗਾਂ ਵਲੋਂ ਸਰਕਾਰੀ ਗਜ਼ਟ ਵਿਚ ਛਾਪਣ ਵਾਲੀ ਸਮੱਗਰੀ ਪੰਜਾਬੀ ਵਿਚ ਹੀ ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਨੂੰ ਭੇਜਣੀ ਚਾਹੀਦੀ ਹੈ ਅਤੇ ਭਵਿੱਖ ਵਿਚ ਇਸ ਬਾਰੇ ਪੂਰਾ ਖਿਆਲ ਰਖਿਆ ਜਾਵੇ, ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਵਾਉਣ ਦੀ ਜ਼ਿੰਮੇਵਾਰੀ ਵਿਭਾਗਾਂ ਦੇ ਮੁੱਖੀਆਂ ਦੀ ਹੋਵੇਗੀ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,
ਸੰਯੁਕਤ ਸਕੱਤਰ ਸਿਖਿਆ,
ਵਾ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਇਸ ਦਾ ਇਕ ਉਤਾਰਾ ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

2. ਇਸ ਦੀ ਪਹੁੰਚ ਭੇਜੀ ਜਾਵੇ ।

ਸੰਯੁਕਤ ਸਕੱਤਰ ਸਿਖਿਆ,
ਵਾ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਗ.ਸ.ਪ. ਨੰ: 2415-1 ਭਾਸ਼ਾ -75 ਮਿਤੀ, ਚੰਡੀਗੜ੍ਹ 1-9-75

ਨੰ: 4191 -3 ਪ.ਸ.-75/25622

ਵਲੋਂ

ਸਕੱਤਰ, ਪੰਜਾਬ ਸਰਕਾਰ,
ਛਪਾਈ ਤੇ ਲਿਖਣ ਸਮੱਗਰੀ ਵਿਭਾਗ ।

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲਿਆਂ ਦੇ ਡਿਪਟੀ-ਕਮਿਸ਼ਨਰ, ਜ਼ਿਲਾ ਅਤੇ ਸੈਸ਼ਨ ਜੱਜ, ਸਬ-ਡਵੀਜ਼ਨਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ ।

ਮਿਤੀ , ਚੰਡੀਗੜ੍ਹ , 9 ਅਕਤੂਬਰ, 1975

ਵਿਸ਼ਾ : **ਪੰਜਾਬ ਸਰਕਾਰ ਦੇ ਸਰਕਾਰੀ ਗਜ਼ਟ ਨੂੰ ਪੰਜਾਬੀ ਵਿਚ ਛਾਪਣਾ ।**

ਸ੍ਰੀਮਾਨ ਜੀ,

ਮੈਨੂੰ ਇਹ ਹਦਾਇਤ ਹੋਈ ਹੈ ਕਿ ਮੈਂ ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਇਹ ਸੂਚਿਤ ਕਰਾਂ ਕਿ ਕਿਉਂਕਿ ਪੰਜਾਬ ਰਾਜ ਭਾਸ਼ਾ ਪੰਜਾਬੀ ਹੈ ਅਤੇ ਇਸ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੀ ਗਜ਼ਟ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਵੀ ਛਾਪੀ ਜਾਵੇ । ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਗੋਂ ਤੋਂ ਗਜ਼ਟ ਵਿਚ ਛਾਪਣ ਵਾਲੇ ਸਾਰੇ ਮੈਟੀਰੀਅਲ ਨੂੰ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਵੀ ਭੇਜਣ ਦੀ ਖੇਚਲ ਕਰਨੀ ।

ਅਧੀਨ ਸਕੱਤਰ,
ਵਾਸਤੇ ਸਕੱਤਰ, ਪੰਜਾਬ ਸਰਕਾਰ ,
ਛਪਾਈ ਤੇ ਲਿਖਣ ਸਮੱਗਰੀ ਵਿਭਾਗ ।

ਇਕ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਸਮੂਹ ਪ੍ਰਬੰਧਕੀ ਸਕੱਤਰਾਂ / ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ ।

ਅਧੀਨ ਸਕੱਤਰ,
ਵਾਸਤੇ ਸਕੱਤਰ, ਪੰਜਾਬ ਸਰਕਾਰ ,
ਛਪਾਈ ਤੇ ਲਿਖਣ ਸਮੱਗਰੀ ਵਿਭਾਗ ।

ਸੇਵਾ ਵਿਖੇ,

(1) ਸਮੂਹ ਵਿੱਤੀ ਕਮਿਸ਼ਨਰ ਅਤੇ
(2) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਰੀ.ਸ.ਪੱ.ਨੰ: 4191-3ਪ.ਸ.-75 ਮਿਤੀ 9, ਅਕਤੂਬਰ, 1975

ਨੰ: 4191-3ਪ.ਸ.-75/ ਮਿਤੀ 9, ਅਕਤੂਬਰ, 1975

ਇਕ ਕਾਪੀ ਮੁੱਖ ਸਕੱਤਰ ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਗੈ.ਸ.ਪੱ.ਨ: 3500-3 ਜੀ.ਏ.-75/ਮਿਤੀ27ਅਗਸਤ, 1975 ਅਤੇ ਗੈ.ਸ.ਪ.ਨੰ: 3500-ਜੀ.ਏ.-75 ਮਿਤੀ 17 ਸਤੰਬਰ, 1975 ਦੇ ਹਵਾਲੇ ਵਿਚ ਸੂਚਨਾ ਹਿਤ ਭੇਜੀ ਜਾਂਦੀ ਹੈ।

ਉਨ੍ਹਾਂ ਦੇ ਕਾਗਜ਼ ਵਾਪਸ ਕੀਤੇ ਜਾਂਦੇ ਹਨ ।

ਅਧੀਨ ਸਕੱਤਰ,<br>
ਵਾਸਤੇ ਸਕੱਤਰ, ਪੰਜਾਬ ਸਰਕਾਰ ,<br>
ਛਪਾਈ ਤੇ ਲਿਖਣ ਸਮੱਗਰ ਵਿਭਾਗ ।

ਸੇਵਾ ਵਿਖੇ,

ਮੁੱਖ ਸਕੱਤਰ, ਪੰਜਾਬ ਸਰਕਾਰ,<br>
(ਆਮ ਰਾਜ ਪ੍ਰਬੰਧ ਸ਼ਾਖਾ ਵਿਚ )

ਗੈ.ਸ.ਪੱ.ਨੰ.4191-3ਪ.ਸ.-75/ ਮਿਤੀ 9 ਅਕਤੂਬਰ, 1975

ਨੰ.4191-3ਪ.ਸ.-75/ ਮਿਤੀ 9 ਅਕਤੂਬਰ, 1975

ਇਕ ਕਾਪੀ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਗੈ.ਸ.ਪੱ.ਨੰ: 5735 ਮਿਤੀ 22 ਜੁਲਾਈ, 1975 ਦੇ ਹਵਾਲੇ ਵਿਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ।

ਅਧੀਨ ਸਕੱਤਰ,<br>
ਵਾਸਤੇ ਸਕੱਤਰ, ਪੰਜਾਬ ਸਰਕਾਰ ,<br>
ਛਪਾਈ ਤੇ ਲਿਖਣ ਸਮੱਗਰੀ ਵਿਭਾਗ ।

ਨੰ: 2650-1 ਭਾਸ਼ਾ-75/2455

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲਿਆਂ ਦੇ ਡਿਪਟੀ-ਕਮਿਸ਼ਨਰ, ਜ਼ਿਲਾ ਅਤੇ ਸੈਸ਼ਨ ਜੱਜ, ਸਬ-ਡਵੀਜ਼ਨਲ ਅਫ਼ਸਰ (ਸਿਵਲ) ।

ਮਿਤੀ , ਚੰਡੀਗੜ੍ਹ , 10 ਨਵੰਬਰ, 1975

ਵਿਸ਼ਾ **ਰਾਜ ਭਵਨ, ਪੰਜਾਬ, ਨਾਲ ਪੱਤਰ ਵਿਹਾਰ ਕਰਨ ਬਾਰੇ ।**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਵੱਲ ਆਪ ਜੀ ਦਾ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਰਾਜ ਭਵਨ, ਪੰਜਾਬ, ਨਾਲ ਜੋ ਪੱਤਰ ਵਿਹਾਰ ਪੰਜਾਬੀ ਵਿਚ ਕੀਤਾ ਜਾਂਦਾ ਹੈ, ਉਸਦੇ ਅੰਗਰੇਜ਼ੀ ਅਨੁਵਾਦ ਦੀਆਂ ਕਾਪੀਆਂ ਵੀ ਨਾਲ ਭੇਜੀਆਂ ਜਾਇਆ ਕਰਨ ਜੀ ।

- ਸਯੁਕਤ ਸਕੱਤਰ, ਸਿੱਖਿਆ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਇਸ ਦੀ ਇਕ ਕਾਪੀ ਪੰਜਾਬ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਸੰਯੁਕਤ ਸਕੱਤਰ, ਸਿੱਖਿਆ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਪੰਜਾਬ ਦੇ ਸਮੂਹ ਵਿੱਤ ਕਮਿਸ਼ਨਰ,
ਪ੍ਰਸ਼ਾਸਕੀ ਸਕੱਤਰ ।

ਯ.ਸ.ਪੱਤਰ ਨੰ: 2650-1 ਭਾਸ਼ਾ 75/ ਮਿਤੀ, ਚੰਡੀਗੜ੍ਹ, ਨਵੰਬਰ 75

ਇਸ ਦੀ ਇਕ ਕਾਪੀ ਸਕੱਤਰ/ਰਾਜਪਾਲ ਜੀ, ਪੰਜਾਬ, ਨੂੰ ਉਨ੍ਹਾਂ ਦੇ ਪੱਤਰ ਨੰ: 5308-1 ਜੀ-75, ਮਿਤੀ 5/6-8-75 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜੀ ਜਾਂਦੀ ਹੈ ।

ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਸਕੱਤਰ / ਰਾਜਪਾਲ,
ਪੰਜਾਬ ਚੰਡੀਗੜ੍ਹ

ਯ.ਸ.ਪੱਤਰ ਨੰ: 2650-1 ਭਾਸ਼ਾ 75/ ਮਿਤੀ, ਚੰਡੀਗੜ੍ਹ, ਨਵੰਬਰ 75

ਜੀ ਕੇ ਸੇਖੋਂ
ਆਈ.ਏ.ਐਸ.

ਅ.ਸ.ਪੱਤਰ ਨੰ: 3921-ਭਾਸ਼ਾ-75
ਮਿਤੀ 12 ਜਨਵਰੀ, 1976

ਸਕੱਤਰ, ਪੰਜਾਬ ਸਰਕਾਰ,
ਸਿੱਖਿਆ, ਭਾਸ਼ਾ ਤੇ ਖੇਡਾਂ ਵਿਭਾਗ ।

**ਵਿਸ਼ਾ:- ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ ।**

ਸ੍ਰੀਮਾਨ ਜੀ,

ਮੈਂ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਤੇ ਮੁੱਖ ਸਕੱਤਰ, ਪੰਜਾਬ ਸਰਕਾਰ ਵਲੋਂ ਜਾਰੀ ਹੋਏ ਅੱਧ ਸਰਕਾਰੀ ਪੱਤਰ ਨੰ: 4802-1 ਭਾਸ਼ਾ-74 ਮਿਤੀ 14 ਜਨਵਰੀ, 1975 ਵੱਲ ਦਿਵਾਉਣਾ ਚਾਹੁੰਦੀ ਹਾਂ ਜਿਸ ਅਧੀਨ ਰਾਜ ਪ੍ਰਬੰਧ ਦੇ ਹਰ ਪੱਧਰ ਤੇ ਸਾਰਾ ਕੰਮ ਪੰਜਾਬੀ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ ਪਰ ਦੇਖਣ ਵਿਚ ਆਇਆ ਹੈ ਕਿ ਸਰਕਾਰ ਦੇ ਕਈ ਦਫਤਰਾਂ ਵਿਚ ਕੰਮ ਹਾਲੇ ਠੀਕ ਵੀ ਅੰਗਰੇਜ਼ੀ ਵਿਚ ਹੋ ਰਿਹਾ ਹੈ, ਅਤੇ ਕਈ ਵਾਰ ਹੇਠਲੇ ਪੱਧਰ ਤੇ ਸਹਾਇਕ ਅਤੇ ਸੁਪਰਡੈਂਟ ਵਲੋਂ ਨੋਟਿੰਗ ਪੰਜਾਬੀ ਵਿਚ ਲਿਖੀ ਹੁੰਦੀ ਹੈ ਪ੍ਰੰਤੂ ਉਸ ਕੇਸ ਤੇ ਅਫ਼ਸਰਾਂ ਵਲੋਂ ਨੋਟ ਅੰਗਰੇਜ਼ੀ ਵਿਚ ਲਿਖਿਆ ਜਾਂਦਾ ਹੈ, ਜੋ ਕਿ ਸਰਕਾਰ ਦੀ ਨੀਤੀ ਦੇ ਉਲਟ ਹੈ ਅਤੇ ਇਸ ਤਰ੍ਹਾਂ ਨਾਲ ਅਫ਼ਸਰ ਕਦੇ ਵੀ ਆਪਣੇ ਅਧੀਨ ਕਰਮਚਾਰੀ ਨੂੰ ਰਾਜ ਭਾਸ਼ਾ ਵਿਚ ਕੰਮ ਕਰਨ ਬਾਰੇ ਮਜਬੂਰ ਨਹੀਂ ਕਰ ਸਕਣਗੇ ਅਤੇ ਰਾਜ ਕਾਜ ਵਿਚ ਰਾਜ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿਚ ਸਹਾਈ ਨਹੀਂ ਹੋ ਸਕਣਗੇ ਅਤੇ ਰਾਜ ਕਾਜ ਨਾਲ ਸਬੰਧਤ ਅਧਿਕਾਰੀ ਅਸਲ ਵਿਚ ਸਰਕਾਰ ਦੀ ਹਰ ਪਾਲਸੀ ਨੂੰ ਪੂਰੀ ਤਰ੍ਹਾਂ ਆਪ ਕੰਮ ਕਰਨ ਅਤੇ ਉਹੀ ਸਾਰੇ ਕੰਮ ਨੂੰ ਪੰਜਾਬੀ ਵਿਚ ਕਰਵਾਉਣ ਦੇ ਜ਼ਿੰਮੇਵਾਰ ਹਨ ।

2. ਹਵਾਲੇ ਅਧੀਨ ਪੱਤਰ ਰਾਹੀਂ ਹਦਾਇਤ ਕੀਤੀ ਗਈ ਸੀ ਕਿ ਜੇਕਰ ਭਵਿੱਖ ਵਿਚ ਕੋਈ ਕਰਮਚਾਰੀ ਨੋਟਿੰਗ /ਪੱਤਰ ਵਿਹਾਰ ਪੰਜਾਬੀ ਵਿਚ ਨਾ ਕਰੇ ਤਾਂ ਉਸਨੂੰ ਲਿਖਤੀ ਰੂਪ ਵਿਚ ਤਾੜਨਾ ਕੀਤੀ ਜਾਵੇ ਅਤੇ ਜੇਕਰ ਇਸ ਤਰ੍ਹਾਂ ਦੀਆਂ ਤਿੰਨ ਤਾੜਨਾਵਾਂ ਹੋ ਜਾਣ ਤਾਂ ਤੀਜੀ ਤਾੜਨਾ ਦੀ ਇਕ ਕਾਪੀ ਸੰਬੰਧਤ ਕਰਮਚਾਰੀ ਦੀ ਆਚਰਨ ਪੱਤਰੀ ਵਿਚ ਰੱਖੀ ਜਾਵੇ। ਮੁੱਖ ਸਕੱਤਰ ਜੀ ਨੇ ਆਪਣੇ ਅੱਧ ਸਰਕਾਰੀ ਪੱਤਰ ਮਿਤੀ 14 ਜਨਵਰੀ, 1975 ਰਾਹੀਂ ਇਹ ਵੀ ਹਦਾਇਤ ਕੀਤੀ ਸੀ ਕਿ ਜੇਕਰ ਕੋਈ ਅਧਿਕਾਰੀ ਆਪਣੇ ਅਧੀਨ ਕੰਮ ਕਰ ਰਹੇ ਕਿਸੇ ਕਰਮਚਾਰੀ ਦੇ ਦਫਤਰੀ ਪੱਤਰ ਵਿਹਾਰ ਵਿਚ ਪੰਜਾਬੀ ਦਾ ਪ੍ਰਯੋਗ ਨਾ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨੂੰ ਤਿੰਨ ਤਾੜਨਾਵਾਂ ਨਹੀਂ ਦੇਵੇਗਾ ਤੇ ਤੀਜੀ ਤਾੜਨਾ ਦੀ ਪਰਤ ਉਸ ਦੀ ਆਚਰਨ ਪੱਤਰੀ ਵਿਚ ਨਹੀਂ ਲਾਵੇਗਾ ਜਾਂ ਇਸ ਆਦੇਸ਼ ਦੀ ਉਲੰਘਣਾ ਕਰੇਗੇ ਤਾਂ ਉਸ ਅਫ਼ਸਰ ਨੂੰ ਜ਼ਿੰਮੇਵਾਰ ਮਿੱਥਦੇ ਹੋਏ ਤਾੜਨਾ ਦਿੱਤੀ ਜਾਵੇਗੀ । ਇਸ ਲਈ ਬੇਨਤੀ ਹੈ ਕਿ ਇਕ ਮਹੀਨੇ ਦੇ ਅੰਦਰ ਅੰਦਰ ਇਹ ਤਸਦੀਕ ਕੀਤਾ ਜਾਵੇ ਕਿ ਮੁੱਖ ਸਕੱਤਰ

ਜੀ ਦੇ ਉਪਰ ਦੱਸੇ ਪੱਤਰ ਅਨੁਸਾਰ ਆਪ ਦੇ ਵਿਭਾਗ/ਦਫਤਰ ਵਿਚ ਯੋਗ ਕਾਰਵਾਈ ਕੀਤੀ ਜਾ ਰਹੀ ਹੈ । ਮੁੱਖ ਸਕੱਤਰ ਜੀ ਨੇ ਇਹ ਵੀ ਸਪਸ਼ਟ ਕੀਤਾ ਸੀ ਕਿ ਜੇਕਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਵਿਚ ਆਪ ਜੀ ਦੇ ਪੱਧਰ ਤੇ ਵੀ ਕੋਈ ਅਣਗਹਿਲੀ ਦੇਖੀ ਗਈ ਤਾਂ ਉਸ ਦਾ ਸਰਕਾਰ ਬਹੁਤ ਗੰਭੀਰ ਨੋਟਿਸ ਲਏਗੀ ਜੇ ਲੋੜ ਪਈ ਤਾਂ ਜ਼ਾਬਤੇ ਦੀ ਕਾਰਵਾਈ ਕਰਨ ਤੋਂ ਵੀ ਸੰਕੋਚ ਨਹੀਂ ਕਰੇਗੀ ਅਤੇ ਇਸ ਪਾਲਿਸੀ ਨੂੰ ਲਾਗੂ ਕਰਵਾਉਣ ਲਈ ਆਪ ਨਿੱਜੀ ਤੌਰ ਤੇ ਜ਼ਿੰਮੇਵਾਰ ਮਿਥੇ ਜਾਵੋਗੇ । ਮੈਂ ਫਿਰ ਆਪ ਦਾ ਧਿਆਨ ਇਨ੍ਹਾਂ ਹਦਾਇਤਾਂ ਵਲ ਦਿਵਾਉਂਦੀ ਹੋਈ ਬੇਨਤੀ ਕਰਦੀ ਹਾਂ ਕਿ ਇਨ੍ਹਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ ।

3. ਇਹ ਹਦਾਇਤਾਂ ਆਪ ਦੇ ਅਧੀਨ ਦਫਤਰਾਂ ਦੇ ਸਮੂਹ ਕਰਮਚਾਰੀਆਂ ਅਤੇ ਅੱਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ ਅਤੇ ਲੋਕਲ ਬਾਡੀਜ਼ ਆਦਿ ਦੇ ਮੁੱਖੀਆਂ ਦੇ ਨੋਟਿਸ ਵਿਚ ਦ੍ਰਿੜਤਾ ਸਹਿਤ ਲਾਗੂ ਕਰਨ ਅਤੇ ਅਗਵਾਈ ਹਿਤ ਲਿਆ ਦਿੱਤੀਆ ਜਾਣ । ਇਸ ਲਈ ਮੈਂ ਆਪ ਜੀ ਦੀ ਧੰਨਵਾਦੀ ਹੋਵਾਂਗੀ ।

ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ ।

ਹਿੱਤੂ
**(ਜੀ.ਕੇ ਸੇਖੋਂ)**

1. ਸਮੂਹ ਵਿੱਤ ਕਮਿਸ਼ਨਰ, ਅਤੇ
   ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,

2. ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਪੰਜਾਬ ।

ਨੰ: 3921-1 ਭਾਸ਼ਾ-75/ ਮਿਤੀ ਚੰਡੀਗੜ੍ਹ 12 ਜਨਵਰੀ, 1976

ਇਸ ਦੀ ਇਕ ਕਾਪੀ ਸ੍ਰੀ ਰਜਨੀਸ਼ ਕੁਮਾਰ, ਡਾਇਰੈਕਟਰ, ਭਾਸ਼ਾ ਵਿਭਾਗ ਪਟਿਆਲਾ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ।

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਸੇਵਾ ਵਿਖੇ,

1. ਕਮਿਸ਼ਨਰ, ਹਾਊਸਿੰਗ ਡਿਵੈਲਪਮੈਂਟ ਬੋਰਡ, ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ ।
3. ਚੇਅਰਮੈਨ, ਪੰਜਾਬ ਰਾਜ ਮਕਾਨ ਉਸਾਰੀ ਬੋਰਡ, ਚੰਡੀਗੜ੍ਹ ।
4. ਡਾਇਰੈਕਟਰ, ਆਬਕਾਰੀ ਵਿਭਾਗ, ਪੰਜਾਬ, ਚੰਡੀਗੜ੍ਹ।
5. ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਮਾਰਕਿਟਿੰਗ ਫੈਡਰੇਸ਼ਨ, ਪੰਜਾਬ ।
6. ਡਾਇਰੈਕਟਰ, ਚੋਣ ਵਿਭਾਗ, ਪੰਜਾਬ, ਚੰਡੀਗੜ੍ਹ ।
7. ਇਨਸਪੈਕਟਰ ਜਨਰਲ, ਜੇਲ੍ਹ ਵਿਭਾਗ, ਪੰਜਾਬ, ਚੰਡੀਗੜ੍ਹ ।
8. ਮੈਨੇਜਿੰਗ ਡਾਇਰੈਕਟਰ, ਫੈਅਰ ਹਾਊਸਿੰਗ ਕਾਰਪੋਰੇਸ਼ਨ, ਪੰਜਾਬ, ਚੰਡੀਗੜ੍ਹ ।
9. ਡਾਇਰੈਕਟਰ, ਲਾਟਰੀਜ਼ ਵਿਭਾਗ, ਪੰਜਾਬ, ਚੰਡੀਗੜ੍ਹ ।
10. ਪਲਾਨਿੰਗ ਕਮਿਸ਼ਨਰ (ਪੰਜਾਬ ਸਟੇਟ ਪਲਾਨਿੰਗ ਬੋਰਡ ਵਿਚ), ਚੰਡੀਗੜ੍ਹ
11. ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਚੰਡੀਗੜ੍ਹ ।
12. ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਛੋਟੇ ਉਦਯੋਗ ਨਿਗਮ, ਪੰਜਾਬ, ਚੰਡੀਗੜ੍ਹ ।

ਯਾਦ ਪੱਤਰ ਨੰ: 1899-1-ਭਾਸ਼ਾ 76/24798

ਮਿਤੀ, ਚੰਡੀਗੜ੍ਹ, ਅਗਸਤ, 1976

ਵਿਸ਼ਾ :- **ਪੰਜਾਬੀ ਪ੍ਰਚਾਲਣ ਸਬੰਧੀ ਵਿਸ਼ੇਸ਼ ਚੈਕਿੰਗ ਮਹੀਨਾ ਅਪ੍ਰੈਲ, 1976**

ਮਹੀਨਾ ਅਪ੍ਰੈਲ, 1976 ਵਿਚ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਵਲੋਂ ਰਾਜ ਦੇ ਸਮੂਹ ਦਫ਼ਤਰਾਂ ਦੀ ਪੰਜਾਬੀ ਪ੍ਰਚਾਲਣ ਸਬੰਧੀ ਵਿਸ਼ੇਸ਼ ਚੈਕਿੰਗ ਕੀਤੀ ਗਈ ਸੀ। ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਆਪ ਜੀ ਦੇ ਅਧੀਨ ਦਫ਼ਤਰਾਂ ਵਿਚ ਕੰਮ ਪੂਰੀ ਤਰ੍ਹਾਂ ਪੰਜਾਬੀ ਵਿਚ ਨਹੀਂ ਹੋ ਰਿਹਾ ਜੋ ਕਿ ਗੰਭੀਰ ਮਾਮਲਾ ਹੈ । ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਆਪ ਜੀ ਦੇ ਅਧੀਨ ਦਫ਼ਤਰ ਵਿਚ ਕੰਮ ਪੂਰੀ ਤਰ੍ਹਾਂ ਪੰਜਾਬੀ ਵਿਚ ਹੋ ਰਿਹਾ ਹੈ । ਇਸ ਗੱਲ ਦਾ ਵੀ ਧਿਆਨ

ਰਖਿਆ ਜਾਵੇ ਕਿ ਨਾਂ-ਪਲੇਟਾਂ, ਮੋਹਰਾਂ, ਰਜਿਸਟਰ ਆਦਿ ਪੰਜਾਬੀ ਵਿਚ ਹੋਣ ਅਤੇ ਦਫ਼ਤਰਾਂ ਵਿਚ ਅੰਗਰੇਜ਼ੀ ਟਾਈਪਰਾਈਟਰਾਂ ਘੱਟ ਕੀਤੀਆਂ ਜਾਣ, ਬਾਰੇ ਭੀ ਯੋਗ ਕਾਰਵਾਈ ਕੀਤੀ ਜਾਵੇ । ਦਫ਼ਤਰੀ ਕੰਮ ਪੰਜਾਬੀ ਵਿਚ ਨਾ ਕਰਨ ਵਾਲੇ ਅਫ਼ਸਰਾਂ/ਕਰਮਚਾਰੀਆਂ ਵਿਰੁੱਧ ਮੁੱਖ ਸਕੱਤਰ ਜੀ ਦੇ ਅ.ਸ. ਪੱਤਰ ਨੰ: 4802-1 ਭਾਸ਼ਾ-74/ ਮਿਤੀ 14 ਜਨਵਰੀ, 1975 ਅਨੁਸਾਰ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ ਜੀ ।

2. ਜੇਕਰ ਆਪ ਵਲੋਂ ਪੰਜਾਬੀ ਪ੍ਰਚਾਲਣ ਸਬੰਧੀ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਨੂੰ ਦੋ ਮਹੀਨੇ ਦੇ ਅੰਦਰ ਅੰਦਰ ਪੂਰੀ ਤਰ੍ਹਾਂ ਲਾਗੂ ਨਾ ਕਰਵਾਇਆ ਤਾਂ ਇਸ ਬਾਰੇ ਮੁੱਖ ਸਕੱਤਰ, ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਜੀ ।

ਉਪ ਸਕੱਤਰ, ਸਿੱਖਿਆ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਨੰ: 1899-1 ਭਾਸ਼ਾ-76/24799 ਮਿਤੀ ਚੰਡੀਗੜ੍ਹ, 16 ਅਗਸਤ, 1976

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਚੈਕਿੰਗ ਰਿਪੋਰਟਾਂ ਦੀਆਂ ਕਾਪੀਆਂ ਸਬੰਧਤ ਪ੍ਰਸ਼ਾਸਕੀ ਸਕੱਤਰਾਂ ਨੂੰ ਕੁਤਾਹੀਕਾਰਾਂ ਦੇ ਵਿਰੁੱਧ ਮੁੱਖ ਸਕੱਤਰ ਜੀ ਦੇ ਪੱਤਰ ਮਿਤੀ 14 ਜਨਵਰੀ, 1975 ਅਨੁਸਾਰ ਅਨੁਸ਼ਾਸਨੀ ਕਾਰਵਾਈ ਕਰਨ ਲਈ ਲਿਖਣ ਉਪਰੰਤ ਲਗਾਤਾਰ ਸੰਪਰਕ ਸਥਾਪਤ ਕਰਕੇ ਇਸ ਗੱਲ ਦੀ ਪੁਸ਼ਟੀ ਕਰ ਲਈ ਜਾਵੇ ਕਿ ਕੁਤਾਹੀਕਾਰਾਂ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋ ਚੁੱਕੀ ਹੈ ਅਤੇ ਪੰਜਾਬੀ ਪ੍ਰਚਾਲਣ ਨੂੰ ਅਸਰਦਾਰ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ ਜੀ ।

ਉਪ ਸਕੱਤਰ, ਸਿੱਖਿਆ,
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਨੰ: 3663-3 ਪ ਸ.-76/67345

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ।

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਜ਼ਿਲ੍ਹਾ ਅਤੇ ਸੈਸ਼ਨ ਜੱਜ, ਸਬ-ਡਵੀਜ਼ਨ ਅਫ਼ਸਰ (ਸਿਵਲ),
ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 15 ਸਤੰਬਰ, 1976

ਵਿਸ਼ਾ :- **ਪੰਜਾਬ ਸਰਕਾਰ ਦੇ ਗਜ਼ਟ ਦੀ ਪੰਜਾਬੀ ਵਿਚ ਛਪਾਈ ।**

ਸ੍ਰੀਮਾਨ ਜੀ,

ਮੈਨੂੰ ਆਪ ਜੀ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 4191-3 ਪ.ਸ.-75/25622 ਮਿਤੀ 9 ਅਕਤੂਬਰ, 1975 ਵੱਲ ਉਪਰੋਕਤ ਵਿਸ਼ੇ ਤੇ ਧਿਆਨ ਦਿਵਾਉਣ ਦੀ ਹਦਾਇਤ ਹੋਈ ਹੈ ਕਿ ਮੈਂ ਮੁੜ ਵਿਭਾਗਾਂ ਨੂੰ ਬੇਨਤੀ ਦੁਹਰਾਵਾਂ ਕਿ ਪੰਜਾਬੀ, ਪੰਜਾਬ ਦੀ ਰਾਜ ਭਾਸ਼ਾ ਮਿਤੀ 13 ਅਪ੍ਰੈਲ, 1968 ਤੋਂ ਲਾਗੂ ਹੋ ਚੁੱਕੀ ਹੈ ਤੇ ਇਸ ਕਰਕੇ ਜਿਥੋਂ ਤਕ ਕੋਈ ਅਮਲੀ ਤੌਰ ਤੇ ਕਠਨਾਈ ਨਾ ਹੋਵੇ ਜੋ ਆਪ ਵਲੋਂ ਨੋਟੀਫਿਕੇਸ਼ਨਾਂ/ਨੋਟਿਸ ਆਦਿ ਪੰਜਾਬ ਸਰਕਾਰ ਦੇ ਗਜ਼ਟ ਵਿਚ ਪ੍ਰਕਾਸ਼ਨ ਲਈ ਭੇਜੇ ਜਾਣ, ਉਸ ਦੀ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਵੀ, ਜੇ ਦੋਨਾਂ ਭਾਸ਼ਾਵਾਂ ਵਿਚ ਲੋੜ ਹੋਵੇ, ਤਾਂ ਉਲਥਾ ਭੇਜਿਆ ਜਾਇਆ ਕਰੇ ਤਾਂ ਜੋ ਰਾਜ ਭਾਸ਼ਾ ਵਿਚ ਵੀ ਉਨ੍ਹਾਂ ਨੋਟੀਫਿਕੇਸ਼ਨਾਂ ਆਦਿ ਨੂੰ ਛਪਵਾਇਆ ਜਾਵੇ। ਜਿਥੇ ਕੇਵਲ ਪੰਜਾਬੀ ਵਿਚ ਛਪਾਈ ਨਾਲ ਹੀ ਮੰਤਵ ਨੂੰ ਮੁੱਖ ਰੱਖਕੇ ਕੰਮ ਚੱਲ ਸਕਦਾ ਹੋ ਉਥੇ ਕੇਵਲ ਪੰਜਾਬੀ ਵਿਚ ਹੀ ਭੇਜਿਆ ਜਾਵੇ। ਜਿਵੇਂ ਆਪ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੇ ਗਜ਼ਟਾਂ ਦੀ ਛਪਾਈ ਯੂ.ਟੀ. ਪਰੈਸ, ਚੰਡੀਗੜ੍ਹ ਨੂੰ ਸੌਂਪੀ ਹੋਈ ਹੈ ਤੇ ਇਸ ਕਰਕੇ ਜਿਵੇਂ ਅੰਗਰੇਜ਼ੀ ਵਿਚ ਪ੍ਰਕਾਸ਼ਨ ਮੈਟੀਰੀਅਲ, ਕੰਟਰੋਲਰ, ਯੂ.ਟੀ. ਪਰੈਸ ਨੂੰ ਸਿੱਧੇ ਭੇਜਿਆ ਜਾਂਦਾ ਹੈ ਉਸੇ ਪ੍ਰਕਾਰ ਹੀ ਉਸ ਅੰਗਰੇਜ਼ੀ ਮੈਟੀਰੀਅਲ ਦਾ ਪੰਜਾਬੀ ਉਲਥਾ ਵੀ ਉਨ੍ਹਾਂ ਨੂੰ ਭੇਜਿਆ ਜਾਵੇ ।

ਵਿਸ਼ਵਾਸਪਾਤਰ,
ਅਧੀਨ ਸਕੱਤਰ, ਵਾ: ਸਕੱਤਰ, ਪੰਜਾਬ ਸਰਕਾਰ,
ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ।

ਇਕ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਸਮੂਹ ਪ੍ਰਬੰਧਕੀ ਸਕੱਤਰਾਂ/ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਅਧੀਨ ਸਕੱਤਰ,
ਵਾ: ਸਕੱਤਰ, ਪੰਜਾਬ ਸਰਕਾਰ,
ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ।

ਸੇਵਾ ਵਿਖੇ,

ਸਮੂਹ ਵਿੱਤ ਕਮਿਸ਼ਨਰਾਂ ਅਤੇ ਸਮੂਹ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਗ.ਸ.ਪ. ਨੰ: 3663-3 ਪ.ਸ.-76/67345 ਮਿਤੀ 15 ਸਤੰਬਰ, 1976

ਨੰ: 11082-2 ਅ.ਸ. 76/44935

ਵੱਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

ਸਾਰੇ ਵਿਭਾਗਾਂ ਦੇ ਮੁੱਖੀ ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਜ਼ਿਲ੍ਹਾ ਸੈਸ਼ਨ ਜੱਜ, ਅਤੇ ਐਸ.ਡੀ.ਓ. (ਸਿਵਲ)

ਮਿਤੀ, ਚੰਡੀਗੜ੍ਹ, 8 ਨਵੰਬਰ, 1976

ਵਿਸ਼ਾ : **ਪੰਜਾਬੀ ਭਾਸ਼ਾ ਦਾ ਪ੍ਰਚਾਲਣ - ਗਿਆਨੀ ਜਾਂ ਪੰਜਾਬੀ ਭਾਸ਼ਾ ਵਿਚ ਐਮ.ਏ. ਦੀ ਯੋਗਤਾ ਪ੍ਰਾਪਤ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਉਤਸ਼ਾਹ ਦੇਣ ਬਾਰੇ ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 3600-2 ਸ II-75/ 22209 ਮਿਤੀ 24 ਜੂਨ, 1975 ਵਲ ਮੈਨੂੰ ਆਪ ਜੀ ਦਾ ਧਿਆਨ ਦਿਵਾਉਣ ਅਤੇ ਇਹ ਸਪੱਸ਼ਟੀਕਰਣ ਦੇਣ ਦੀ ਆਗਿਆ ਹੋਈ ਹੈ ਕਿ 100 ਰੁਪਏ ਦਾ ਇਨਾਮ ਤਦ-ਅਰਥ ਕਰਮਚਾਰੀਆਂ ਨੂੰ ਨਹੀਂ ਦਿੱਤਾ ਜਾਣਾ ਹੈ ਅਤੇ ਇਹ ਕੇਵਲ ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਹੀ ਦਿੱਤਾ ਜਾਣਾ ਹੈ ਜਿਨ੍ਹਾਂ ਦੀ ਨਿਯੁਕਤੀ ਰੈਗੂਲਰ ਹੋਵੇ ਅਤੇ 24 ਜੂਨ, 1975 ਨੂੰ ਜਾਂ ਇਸ ਮਿਤੀ ਤੋਂ ਬਾਅਦ ਗਿਆਨੀ ਜਾਂ ਪੰਜਾਬੀ ਵਿਚ ਐਮ.ਏ.ਦੀ ਪ੍ਰੀਖਿਆ ਪਾਸ ਕੀਤੀ ਹੋਵੇ ਭਾਵੇਂ ਉਨ੍ਹਾਂ ਨੇ ਉਪਰੋਕਤ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਪਹਿਲਾਂ ਪ੍ਰੀਖਿਆ ਦਿੱਤੀ ਸੀ ਅਰਥਾਤ ਸਰਟੀਫਿਕੇਟ ਦੀ ਮਿਤੀ 24 ਜੂਨ, 1975 ਜਾਂ ਇਸ ਬਾਅਦ ਦੀ ਹੋਣੀ ਚਾਹੀਦੀ ਹੈ । ਜਿਨ੍ਹਾਂ ਕਰਮਚਾਰੀਆਂ ਨੇ 24 ਜੂਨ, 1975 ਤੋਂ ਪਹਿਲਾਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਸੀ ਅਤੇ 24 ਜੂਨ, 1975 ਤੋਂ ਬਾਅਦ ਪੰਜਾਬੀ ਵਿਚ ਐਮ.ਏ. ਦੀ ਪ੍ਰੀਖਿਆ ਪਾਸ ਕਰਦੇ ਹਨ ਤਾਂ ਉਨ੍ਹਾਂ ਨੂੰ ਵੀ ਉਪਰੋਕਤ ਇਨਾਮ ਦਿੱਤਾ ਜਾਵੇਗਾ ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,
ਸੈਕਸ਼ਨ ਅਫਸਰ, ਆਮ ਸੇਵਾਵਾਂ
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਉਤਾਰਾ ਸਮੂਹ ਵਿੱਤ ਕਮਿਸ਼ਨਰਜ਼ ਅਤੇ ਸਾਰੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਲਈ ਭੇਜਿਆ ਜਾਂਦਾ ਹੈ ।

ਸੈਕਸ਼ਨ ਅਫਸਰ, ਆਮ ਸੇਵਾਵਾਂ,
ਵਾਸਤੇ ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

1. ਵਿੱਤੀ ਕਮਿਸ਼ਨਰਜ਼, ਪੰਜਾਬ ।
2. ਸਾਰੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਗ.ਸ.ਪੱਤਰ ਨੰ: 11082-2ਅ.ਸ.-76, ਮਿਤੀ, ਚੰਡੀਗੜ੍ਹ,8 ਨਵੰਬਰ, 1976

ਅਮਰੀਕ ਸਿੰਘ ਪੂਨੀ,
ਆਈ. ਏ.ਐਸ.

ਅ.ਸ.ਪ.ਨੰ:4137-ਸਿ (5) 76/
ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਯੁਵਕ ਸੇਵਾਵਾਂ,
ਭਾਸ਼ਾ ਅਤੇ ਖੇਡ ਵਿਭਾਗ।
ਨਵੰਬਰ, 12, 1976

ਵਿਸ਼ਾ :- ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ - ਹਿੰਦੀ ਦੀ ਵਰਤੋਂ ਬਾਰੇ ਛੋਟ ਲਈ ਪ੍ਰਵਾਨਗੀ ਲੈਣ ਬਾਰੇ।

ਪਿਆਰੇ ਰਜਨੀਸ਼ ਕੁਮਾਰ ਜੀ,

ਮੈਂ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਸ ਅਧੀਨ ਰਾਜ ਪ੍ਰਬੰਧ ਦੇ ਹਰ ਪਧਰ ਤੇ ਸਾਰਾ ਕੰਮ ਪੰਜਾਬੀ ਵਿਚ ਕੀਤਾ ਜਾਣਾ ਲੋੜੀਂਦਾ ਹੈ ਅਤੇ ਭਾਰਤ ਸਰਕਾਰ ਤੇ ਦੂਜੇ ਹਿੰਦੀ ਭਾਸ਼ੀ ਰਾਜਾਂ ਨਾਲ ਪੱਤਰ-ਵਿਹਾਰ ਹਿੰਦੀ ਵਿਚ ਹੋਣਾ ਚਾਹੀਦਾ ਹੈ।

2. ਇਹ ਆਮ ਵੇਖਣ ਵਿਚ ਆਇਆ ਹੈ ਕਿ ਪੰਜਾਬੀ ਤੋਂ ਇਲਾਵਾ ਦੂਜੀ ਭਾਸ਼ਾ ਦੀ ਵਰਤੋਂ ਸਬੰਧੀ ਫੈਸਲਾ ਸਬੰਧਤ ਵਿਭਾਗ ਵਲੋਂ ਕੀਤਾ ਜਾਂਦਾ ਹੈ, ਜਿਵੇਂ ਕਿ ਬੱਸਾਂ ਤੇ ਹਿੰਦੀ ਲਿਖਾਉਣ ਦਾ ਫੈਸਲਾ ਢੋ-ਢੁਆਈ ਵਿਭਾਗ ਨੇ ਆਪ ਕੀਤਾ ਅਤੇ ਮੀਲ ਪੱਥਰਾਂ ਤੇ ਹਿੰਦੀ, ਅੰਗਰੇਜ਼ੀ ਲਿਖਵਾਉਣ ਬਾਰੇ ਫੈਸਲਾ ਲੋਕ ਨਿਰਮਾਣ ਵਿਭਾਗ ਨੇ ਕੀਤਾ ਅਤੇ ਇਸ ਤਰ੍ਹਾਂ ਹੀ ਕਲੰਡਰਾਂ ਤੇ ਡਾਇਰੀਆਂ ਛਪਵਾਉਣ ਬਾਰੇ ਫੈਸਲਾ ਲੋਕ ਸੰਪਰਕ ਵਿਭਾਗ ਵਲੋਂ ਆਪ ਹੀ ਕੀਤਾ ਗਿਆ। ਇਸ ਤਰ੍ਹਾਂ ਨਾਲ ਪਾਲਿਸੀ ਬਾਰੇ ਇਕਸਾਰਤਾ ਨਹੀਂਅਪਣਾਈ ਜਾ ਸਕਦੀ। ਭਵਿੱਖ ਵਿਚ ਅਜਿਹੇ ਫੈਸਲਿਆਂ ਨੂੰ ਭਾਸ਼ਾ ਵਿਭਾਗ ਦੀ ਸਹਿਮਤੀ ਉਪਰੰਤ ਲਾਗੂ ਕੀਤਾ ਜਾਵੇ ਤਾਂ ਜੋ ਪਾਲਿਸੀ ਵਿਚ ਇਕਸਾਰਤਾ ਲਿਆਂਦੀ ਜਾ ਸਕੇ।

3. ਇਸ ਪੱਤਰ ਦੀ ਪਹੁੰਚ ਰਸੀਦ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਜੀ।

ਸਤਿਕਾਰ ਸਹਿਤ,

ਹਿੱਤੂ

(ਅਮਰੀਕ ਸਿੰਘ ਪੂੰਨੀ)

ਰਜਨੀਸ਼ ਕੁਮਾਰ,
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

**Copy of the letter No. 1/210.12/3/75-OL (A-I) dated 17th November, 1976 from,. VS Saksena, Deputy Secretary to the Government of India. Ministry of Home Affairs/Grih Mantralaya Department of Official Language to the Chief Secretaries/Chief Commissioners/Administrators of the State Government and Union Territories.**

*Subject :-* The Language for Communication between one State and another State and between a State and the Union.

The Constitution of India, the official Languages Act, 1963, (as amended in 1967), and the official Language (Use for official purposes of the Union ) Rules, 1976, framed under Section 8 of the official Languages Act Contain comprehensive provisions regarding the language to be used for communication between a State and the Union and between the States themselves. A definite policy has also been formulated in this regard. However ; it appears that either the people are not fully aware of these provisions or they do not act in accordance with them which creates avoidable complications.

2. The present position in this regard is spelt out as under for the facility of all concerned :-

(i) Communications between Central Government Ministries/ Departments/Offices and the State governments which have adopted Hindi as their official Language (including the Union Territory of Delhi) shall be in Hindi. If, In exceptional cases, a Central Government office sends any communication in English to such States, a Hindi translation thereof shall also be sent alongwith it.

(ii) Communication between Central Government Ministries/ departments/offices and the States who have agreed to correspond with the Central Government in Hindi (including the Union Territories of Andeman and Nicobar Islands and Chandigarh) shall ordinarily be in Hindi. If any communication is sent by the Central Government offices to such State/Union Territories in English, it shall be accompanied by Hindi translation thereof.

There may be cases where a State or a Union Territory desires that any particular class or category of communications or those intended for any of their offices, may be sent, for a specified period, in English and if sent in Hindi it may be accompanied by an English translation thereof . In such cases their request may be accepted and action taken accordingly.

(iii) The Central Government Ministries / Departments / offices shall correspond in English only with the rest of the State (Provide that, if the original letter is sent in Hindi, it should be accompanied by its English translation).

(iv) Communications between the States who have adopted Hindi as their official Language should ordinarily be in Hindi.

(v) Communications between the States, who have adopted Hindi as their Official Language and those who have agreed to correspond with the Center in Hindi (Such as Gurjarat, Maharashtra and Punjab) can ordinarily be sent in Hindi).

(vi) Communications between the State which have adopted Hindi as their official language and other States shall be in English (If any Communication is sent to such State in Hindi, it should be accompanied by an English translation thereof).

(vii) If any two States agree, they may correspond with each other in Hindi .

3. Relevant extracts from the Constitution, the Official Language Act, 1963 (as amended) and the Official purposes of the Union) Rules, 1973 are enclosed for convenience. It is requested that instructions may be issued to your employees that while corresponding with the Central Government or the State Governments they should keep in view the aforesaid constitutional and legal position.

ਪੰਜਾਬ ਸਰਕਾਰ

**ਸਿੱਖਿਆ ਤੇ ਭਾਸ਼ਾ ਵਿਭਾਗ**

ਪਿਠ ਅੰਕਣ ਨੰ: 95-ਜੀ.ਓ.ਆਈ.-1 ਸਿ (5) -76/ ਮਿਤੀ, ਚੰਡੀਗੜ੍ਹ, 19 ਜਨਵਰੀ, 1977

ਇਸ ਦੀ ਇਕ ਕਾਪੀ ਪੰਜਾਬ ਰਾਜ ਦੇ ਸਮੂਹ ਪ੍ਰਸ਼ਾਸਕੀ ਸਕੱਤਰਾਂ, ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ), ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਸੁਪਰਡੈਂਟ ਸਿੱਖਿਆ (5)
ਵਾਸਤੇ ਸਕੱਤਰ, ਪੰਜਾਬ ਸਰਕਾਰ
ਸਿੱਖਿਆ ਵਿਭਾਗ ।

## EXTRACTS FROM THE CONSTITUTION OF INDIA

*ARTICLE 346*

The language for the time being authorised for use in the Union for official purposes shall be the official language for communication between on State and another State and between a State and the Union,

Provided that if two or more States agree that the Hindi language should be the official language for communications between such States, that language may be used for such communication .

-----

4, Notwithstanding anything contained in sub rules (1) and (2) , communications from a Central government office in Region C to a State or Union Territory of Region A or Region B or to any office (not being a Central Government office) or person in such State may be either in Hindi or in English.

(i) "Region A" means the States of Bihar, Haryana, Himachal Pradesh Madhya Pradesh, Rajasthan and Utter Pradesh and the Union Territory of Delhi .

(ii) "Region B" means the States of Gujrat, Maharashtra and Punjab and the Union Territories of Andaman and Nicobar Islands and Chandigarh ;

(iii) "Region C" means the States and the Union territories other than those referred to in clauses (i) and (ii).

**Extracts from the official Language Act, 1963 (as amended)**

Continuance of English Language for official purposes of the Union and for use in parliament

3. (i) Notwithstanding the expiration the period of fifteen years from the commencement of the constitution, the English language may, as from the appointed day, continue to be used, in addition to Hindi.

(a) For all the official purposes of the Union for which it was being used immediately before that day; and

(b) for the transaction of business in parliament; provided that the English language shall be used for purposes of communication between the Union and a State which has not adopted Hindi as its official language;

Provided further that where Hindi is used for purposes of communication between one State which has adopted Hindi as its official language and an other State which has not adopted Hindi as its official Language, such communication in Hindi shall be accompanied by a translation of the same in English .

**Extracts from the official Languages (use for official purpose of the Union) Rules, 1976**

3. Communications to States etc., other than to Central Government offices.

(1) Communications from a Central Government office to a State or a Union Territory in Region A or to any office (not being a Central Government Office) or person in such State or Union Territory shall, save in exceptional cases, be in Hindi and if any communication is issued to any of them in English it shall be accompanied by a Hindi translation thereof.

(2) Communications from a Central Government office ;

(a) to a State or Union Territory in Region B or to any office (not being a Central Government office) in such State or Union Territory shall ordinarily be in Hindi and if any communication is issued to any of them in English, it shall be accompanied by a Hindi translation thereof :

Provided that if any such State or Union Territory desires the communications of any particular class or category or those intended for any of its offices, to be sent for a period specified by the Government of the State or Union Territory concerned in English, or in Hindi with a translation in the other language, such communication shall be sent in that manner ;

(b) to any person in a State or Union Territory of region B may be either in Hindi or in English.

(3) Communications from a Central Government office to a state or union Territory in Region C or to any office (not being a Central government office) or person in such State shall be in English).

**Extracts from the official languages (use for official purposes of Union ) Rules, 1976**

3. *Communication to States etc. other than to Central Government Offices.*

(1) Communications from a Central Government office to a State or a Union Territory in Region A or to any office (not being a Central Government office) or person in such State or Union Territory shall, save in exceptional cases , be in Hindi, and in any communication is issued to any of them in English,

English Language :-

-

Provided also that nothing in this sub-section shall be constructed as preventing a State which has not adopted Hindi as its official language from using Hindi for purposes of communications with the Union or with a State which has adopted Hindi as its official language, or by agreement with any other State, and in such case, it shall not be obligatory to use the English language for purposes of communication with that State.

ਨੰ: 1965-5 ਜ-ਸ II-77/30509

ਵੱਲੋਂ

ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲਾ ਤੇ ਸੈਸ਼ਨ ਜੱਜ, ਉਪ-ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈਕੋਰਟ ।

ਮਿਤੀ, ਚੰਡੀਗੜ੍ਹ, 14 ਜੁਲਾਈ, 1977 ।

ਵਿਸ਼ਾ : ਰਾਜ ਪ੍ਰਸ਼ਾਸਨ ਵਿਚ ਪੰਜਾਬੀ ਦੀ ਵਰਤੋਂ ਬਾਰੇ ।

ਸ਼੍ਰੀ ਮਾਨ ਜੀ,

ਸਰਕਾਰ ਦੇ ਧਿਆਨ ਵਿਚ ਇਹ ਗੱਲ ਆਈ ਹੈ ਕਿ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7432-ਸ-II (6)-73/34673 ਮਿਤੀ 13 ਨਵੰਬਰ, 1973 ਵਿਚ ਕਥਿਤ ਪਾਲਿਸੀ ਦੇ ਅਨੁਸਾਰ ਕਈ ਦਫ਼ਤਰਾਂ/ਵਿਭਾਗਾਂ ਵਿਚ ਸਰਕਾਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਸੰਪੂਰਨ ਰੂਪ ਵਿਚ ਨਹੀਂ ਹੋ ਰਿਹਾ ਹੈ । ਪੰਜਾਬ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਦਫ਼ਤਰਾਂ ਵਿਚ ਹੋ ਰਹੇ ਪੱਤਰ ਵਿਹਾਰ ਦੀ ਪੜਤਾਲ ਉਪਰੰਤ ਇਸ ਸਬੰਧ ਵਿਚ ਹੋ ਰਹੀ ਅਣਗਹਿਲੀ ਦੀਆਂ ਰਿਪੋਰਟਾਂ ਵੱਲ ਵੀ ਸਬੰਧਤ ਵਿਭਾਗੀ ਅਧਿਕਾਰੀ ਦੀ ਪੱਧਰ ਤੇ ਲੋੜੀਂਦੀ ਮਹੱਤਤਾ ਨਹੀਂ ਦਿੱਤੀ ਜਾ ਰਹੀ ਤੇ ਅੰਗਰੇਜ਼ੀ ਭਾਸ਼ਾ ਦਾ ਪ੍ਰਯੋਗ ਪਹਿਲਾਂ ਵਾਂਗ ਹੀ ਹੋ ਰਿਹਾ ਹੈ । ਸਰਕਾਰ ਪ੍ਰੇਖਣ ਕਰਦੀ ਹੈ ਕਿ ਸਰਕਾਰੀ ਪੱਤਰ ਵਿਹਾਰ ਕੇਵਲ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਚਾਹੀਦਾ ਹੈ ਤੇ ਪੰਜਾਬ ਭਾਸ਼ਾ ਐਕਟ, 1967 ਅਤੇ ਉਸ ਐਕਟ ਦੀ ਪਾਲਣਾ ਵਜੋਂ ਸਮੇਂ 2 ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ ਸਰਾਸਰ ਅਨੁਸ਼ਾਸਨਹੀਨ ਕਾਰਵਾਈ ਹੈ ਤੇ ਇਸ ਦੇ ਭਾਗੀ ਕਰਮਚਾਰੀਆਂ/ਅਧਿਕਾਰੀਆਂ ਪ੍ਰਤੀ ਕੋਈ ਨਰਮ ਵਰਤਾਵਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਸਾਰੇ ਮਾਮਲੇ ਨੂੰ ਬੜੇ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਵਲੋਂ ਦ੍ਰਿੜਤਾ ਪੂਰਵਕ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਅਤੇ ਅਰਧ ਸਰਕਾਰੀ ਸੰਸਥਾਵਾਂ ਦੇ ਸਮੂਹ ਕਰਮਚਾਰੀਆਂ ਦੇ ਧਿਆਨ ਵਿਚ ਇਕ ਵਾਰੀ ਫਿਰ ਇਹ ਗੱਲ ਲਿਆ ਦਿੱਤੀ ਜਾਵੇ ਕਿ ਜੇਕਰ ਕੋਈ ਕਰਮਚਾਰੀ/ਅਧਿਕਾਰੀ ਪੰਜਾਬੀ ਭਾਸ਼ਾ ਦੇ ਪ੍ਰਯੋਗ ਸਬੰਧੀ ਬਣਾਏ ਐਕਟ ਅਤੇ ਉਸ ਅਧੀਨ

ਜਾਰੀ ਹੋਈਆਂ ਹਦਾਇਤਾਂ ਦੀ ਉਲੰਘਣਾ ਕਰਦਾ ਫੜਿਆ ਗਿਆ ਤਾਂ ਸਰਕਾਰ ਉਸ ਦੇ ਵਿਰੁੱਧ ਗੰਭੀਰ ਅਨੁਸ਼ਾਸਨੀ ਕਾਰਵਾਈ ਕਰਨ ਤੇ ਮਜਬੂਰ ਹੋਵੇਗੀ ।

2. ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਫੈਸਲੇ ਨੂੰ ਦ੍ਰਿੜਤਾ ਸਹਿਤ ਸੰਪੂਰਨ ਰੂਪ ਵਿਚ ਲਾਗੂ ਕੀਤਾ ਜਾਵੇ ਅਤੇ ਆਪ ਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀਆਂ ਦੇ ਨੋਟਿਸ ਵਿਚ ਵਿਸ਼ੇਸ਼ ਤੌਰ ਤੇ ਇਹ ਗੱਲ ਫਿਰ ਲਿਆ ਦਿੱਤੀ ਜਾਵੇ ਕਿ ਪੰਜਾਬ ਸਰਕਾਰ ਵਲੋਂ ਇਸ ਸਬੰਧ ਵਿਚ ਬਣਾਏ ਗਏ ਐਕਟ ਅਤੇ ਜਾਰੀ ਕੀਤੀਆਂ ਹੋਈਆਂ ਹਦਾਇਤਾਂ ਅਨੁਸਾਰ ਸਰਕਾਰੀ ਪੱਤਰ ਵਿਹਾਰ ਕੇਵਲ ਪੰਜਾਬੀ ਭਾਸ਼ਾ ਵਿਚ ਹੀ ਕੀਤਾ ਜਾਵੇ । ਉਨ੍ਹਾਂ ਨੂੰ ਇਸ ਗੱਲ ਤੋਂ ਵੀ ਸੂਚਿਤ ਕਰ ਦਿੱਤਾ ਜਾਵੇ ਕਿ ਇਸ ਫੈਸਲੇ ਦੀ ਉਲੰਘਣਾ ਦੇ ਭਾਗੀ ਵਿਰੁੱਧ ਸਰਕਾਰ ਅਨੁਸ਼ਾਸਨੀ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕਰੇਗੀ ਅਤੇ ਆਪਣੇ ਮਤਾਹਿਤ ਕਰਮਚਾਰੀਆਂ ਦੀ ਪੱਧਰ ਤੇ ਹੋ ਰਹੀ ਅਣਗਹਿਲੀ ਨੂੰ ਕੁਸ਼ਲਤਾ ਪੂਰਵਕ ਨਾ ਰੋਕਣ ਦੇ ਭਾਗੀ ਅਫਸਰਾਂ ਨੂੰ ਵੀ ਅਜਿਹੀ ਕਾਰਵਾਈ ਤੋਂ ਰਹਿਤ ਨਹੀਂ ਕੀਤਾ ਜਾਵੇਗਾ ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਅਤੇ ਉਸ ਉਪਰੰਤ ਇਕ ਸਰਟੀਫਿਕੇਟ ਸਰਕਾਰ ਨੂੰ ਭੇਜਿਆ ਜਾਵੇ ਕਿ ਹਦਾਇਤਾਂ ਸਾਰੇ ਕਰਮਚਾਰੀਆਂ ਪਾਸੋਂ ਪਾਲਣਾ ਲਈ ਨੋਟ ਕਰਵਾ ਲਈਆਂ ਗਈਆਂ ਹਨ ।

ਵਿਸ਼ਵਾਸਪਾਤਰ,<br>
ਅਧੀਨ ਸਕੱਤਰ, ਪਰਸੋਨਲ,<br>
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ ।

ਇਕ ਕਾਪੀ ਸੂਚਨਾ ਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ।

ਅਧੀਨ ਸਕੱਤਰ, ਪਰਸੋਨਲ,<br>
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ ।

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ ਅਤੇ<br>
ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ।

ਗ:ਸ:ਪ: ਨੰ: 1965-5 ਜਸ II-77 ਮਿਤੀ, ਚੰਡੀਗੜ੍ਹ 14 ਜੁਲਾਈ, 1977.

ਨੰ: 8033-1 ਸਿ (5)-77/41747

ਵਲੋਂ

ਸਕੱਤਰ, ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ।

ਵੱਲ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਸੈਸ਼ਨ ਜੱਜ, ਉਪ-ਮੰਡਲ ਅਫਸਰ (ਸਿਵਲ) ਸਕੱਤਰ, ਵਿਧਾਨ ਸਭਾ ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ।

ਮਿਤੀ, ਚੰਡੀਗੜ੍ਹ 28 ਨਵੰਬਰ, 1977

ਵਿਸ਼ਾ : **ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ।**

ਸ਼੍ਰੀਮਾਨ ਜੀ,

ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਹੋਂਦ ਵਿਚ ਆਉਣ ਉਪਰੰਤ ਸਰਕਾਰ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਕਰਨ ਬਾਰੇ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਹੁੰਦੀਆਂ ਰਹੀਆਂ ਹਨ। ਰਾਜ ਭਾਸ਼ਾ ਐਕਟ, 1967 ਨੂੰ ਲਾਗੂ ਹੋਇਆਂ ਲਗਭਗ 10 ਸਾਲ ਦਾ ਸਮਾਂ ਹੋ ਚੁੱਕਾ ਹੈ, ਹੁਣ ਇਸ ਸਟੇਜ ਤੇ ਸਾਰੇ ਸਰਕਾਰੀ ਮਹਿਕਮੇ, ਬੋਰਡ ਅਤੇ ਕਾਰਪੋਰੇਸ਼ਨਾਂ ਆਦਿ ਚੰਗੀ ਤਰ੍ਹਾਂ ਆਪਣਾ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰ ਸਕਦੇ ਹਨ। ਜਦੋਂ ਰਾਜ ਭਾਸ਼ਾ ਕਾਨੂੰਨ ਲਾਗੂ ਹੋਇਆ ਸੀ ਤਾਂ ਕੁਝ ਮਹਿਕਮਿਆਂ ਨੇ ਆਪਣੀਆਂ ਤਕਲੀਫਾਂ ਦੱਸ ਕੇ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਸਤੇ ਛੋਟ ਮੰਗੀ ਸੀ, ਜੋ ਕਿ ਹੁਣ ਤੀਕ ਚਲੀ ਆ ਰਹੀ ਹੈ। ਹੁਣ ਭਵਿਖ ਵਿਚ ਸਾਰਾ ਹੀ ਕੰਮ-ਕਾਜ ਪੰਜਾਬੀ ਵਿਚ ਹੋਵੇਗਾ। ਜਿਸ ਮਹਿਕਮੇ, ਬੋਰਡ, ਕਾਰਪੋਰੇਸ਼ਨਾਂ ਨੂੰ ਰਾਜ ਭਾਸ਼ਾ ਵਿਚ ਕੰਮ ਕਰਨ ਵਾਸਤੇ ਕੋਈ ਦਿੱਕਤ ਹੈ, ਉਹ 1 ਦਸੰਬਰ, 1977 ਤੱਕ ਯੋਗ ਪ੍ਰਣਾਲੀ ਰਾਹੀਂ ਛੋਟ ਲਈ ਭਾਸ਼ਾ ਵਿਭਾਗ ਨੂੰ ਪਹੁੰਚ ਕਰਨ। ਜਿਨ੍ਹਾਂ ਮਹਿਕਮਿਆਂ ਪਾਸੋਂ ਇਸ ਬਾਰੇ ਮਿਤੀ 1ਦਸੰਬਰ, 1977 ਤਕ ਕੋਈ ਲਿਖਤੀ ਬੇਨਤੀ ਨਹੀਂ ਆਵੇਗੀ ਤਾਂ ਉਨ੍ਹਾਂ ਦੀ ਛੋਟ ਮਿਤੀ 1 ਦਸੰਬਰ, 1977 ਤੋਂ ਵਾਪਸ ਲਈ ਸਮਝੀ ਜਾਵੇਗੀ ਅਤੇ ਉਨ੍ਹਾਂ ਨੂੰ ਸਾਰਾ ਕੰਮ-ਕਾਜ ਪੰਜਾਬੀ ਵਿਚ ਕਰਨਾ ਪਵੇਗਾ।

ਵਿਸ਼ਵਾਸਪਾਤਰ,

**ਡੀ.ਕੇ.ਪੋਂਦਾਰ**

ਉਪ ਸਕੱਤਰ, ਪੰਜਾਬ ਸਰਕਾਰ,

ਸਿੱਖਿਆ ਤੇ ਭਾਸ਼ਾ ਵਿਭਾਗ।

ਵਲੋਂ

ਸਕੱਤਰ ਪੰਜਾਬ ਸਰਕਾਰ, ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ,
ਚੰਡੀਗੜ੍ਹ ।

ਯਾਦ ਪੱਤਰ ਨੰ: 8838-1 ਸਿ (5)-78/

ਮਿਤੀ, ਚੰਡੀਗੜ੍ਹ ਜਨਵਰੀ, 1978.

ਵਿਸ਼ਾ : **ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ ।**

ਹਵਾਲਾ ਉਪਰੋਕਤ ਵਿਸ਼ੇ ਤੇ ਆਪ ਦਾ ਪੱਤਰ ਨੰ: 7615-1/79-76-ਯਸ (1) / 15155 ਮਿਤੀ 1 ਦਸੰਬਰ, 1977

ਆਪ ਨੂੰ ਕੇਵਲ ਐਨ.ਐਮ.ਐਸ.ਪਲਾਨਿੰਗ ਫੋਰਮ, ਨਹਿਰੂ ਯੁਵਕ ਕੇਂਦਰਾਂ ਅਤੇ ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਨਾਲ ਪੱਤਰ ਵਿਹਾਰ, ਅੰਗਰੇਜ਼ੀ ਵਿਚ ਕਰਨ ਦੀ ਛੋਟ ਦਿੱਤੀ ਗਈ ਹੈ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਪਿੱਠ ਅੰਕਣ ਨੰ:8838-1 ਸਿ (5)-77/2586 ਮਿਤੀ, ਚੰਡੀਗੜ੍ਹ 24 ਜਨਵਰੀ, 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਸੇਵਾ ਵਿਖੇ,

ਡਾਇਰੈਕਟਰ, ਪੰਜਾਬ ਰਾਜ ਲਾਟਰੀ ਅਤੇ
ਉਪ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ।
ਯਾਦ ਪੱਤਰ ਨੰ: 9377-1 ਸਿ 5-77/
ਮਿਤੀ, ਚੰਡੀਗੜ੍ਹ ।

ਵਿਸ਼ਾ :- ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ ।

ਹਵਾਲਾ ਉਪਰੋਕਤ ਵਿਸ਼ੇ ਤੇ ਆਪ ਦਾ ਪੱਤਰ ਨੰ: ਪ.ਸ.ਲ.-ਐ-ਐਮ-77/20133, ਮਿਤੀ 27 ਦਸੰਬਰ, 1977

2. ਵਿਚਾਰ ਉਪਰੰਤ ਆਪ ਜੀ ਦੇ ਵਿਭਾਗ ਨੂੰ ਨਿਮਨ ਲਿਖਤ ਕੰਮ ਅੰਗਰੇਜ਼ੀ ਵਿਚ ਕਰਨ ਦੀ ਛੋਟ ਦਿੱਤੀ ਜਾਂਦੀ ਹੈ ।

(ੳ) ਗਜ਼ਟ
(ਅ) ਲਾਟਰੀ ਸਕੀਮ
(ੲ) ਏਜੰਟਾਂ ਨਾਲ ਪੱਤਰ ਵਿਹਾਰ

3. ਪੰਜਾਬ ਰਾਜ ਵਿਚ ਏਜੰਟਾਂ ਨਾਲ ਪੱਤਰ ਵਿਹਾਰ ਪੰਜਾਬੀ ਵਿਚ ਹੀ ਕੀਤਾ ਜਾਵੇ ।

ਸੁਪਰਡੰਟ, ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਪਿ:ਅ. ਨੰ: 93377-1 ਸਿ 5-77/4054 ਮਿਤੀ, ਚੰਡੀਗੜ੍ਹ, 3 ਫਰਵਰੀ, 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ।

ਵਿਸ਼ਾ:- ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ - ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ ।

ਸ੍ਰੀ ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਨਵੀਂ ਦਿੱਲੀ, ਉਪਰੋਕਤ ਵਿਸ਼ੇ ਤੇ ਆਪਣੇ ਅ.ਸ. ਪੱਤਰ ਨੰ: ਸ. ਵਿ. ਕ. / ਮਿਸ / 53, ਮਿਤੀ 17 ਜਨਵਰੀ, 1978 ਵੱਲ ਧਿਆਨ ਦੇਣ ਦੀ ਖੇਚਲ ਕਰਨਗੇ ?

2. ਆਮ ਤੌਰ ਤੇ ਪੰਜਾਬ ਵਿਚ ਸਥਿਤ ਦਫ਼ਤਰਾਂ ਨਾਲ ਪੱਤਰ ਵਿਹਾਰ ਪੰਜਾਬੀ ਵਿਚ ਅਤੇ ਦਫ਼ਤਰੀ ਰੁਟੀਨ ਦਾ ਕੰਮ ਭੀ ਪੰਜਾਬੀ ਵਿਚ ਹੀ ਕੀਤਾ ਜਾਵੇ । ਜਿਹੜਾ ਕੰਮ ਵਿੱਤੀ ਮਾਮਲੇ ਨਾਲ ਸਬੰਧ ਰਖਦਾ ਹੋਵੇ ਜਾਂ ਭਾਰਤ ਸਰਕਾਰ ਜਾਂ ਦੂਜੇ ਰਾਜਾਂ ਵਲੋਂ ਸੂਚਨਾ ਅੰਗਰੇਜ਼ੀ ਵਿਚ ਮੰਗੀ ਹੋਵੇ-ਸਬੰਧੀ ਕੰਮ ਹੀ ਅੰਗਰੇਜ਼ੀ ਵਿਚ ਕੀਤਾ ਜਾਵੇ । ਜਿਹੜਾ ਕੰਮ ਪੰਜਾਬੀ ਵਿਚ ਹੋ ਸਕਦਾ ਹੋਵੇ ਉਹ ਜ਼ਰੂਰੀ ਹੀ ਪੰਜਾਬੀ ਵਿਚ ਕੀਤਾ ਜਾਵੇ ।

ਸੁਪਰਡੰਟ, ਸਿੱਖਿਆ (5)
ਵਾ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਕਾਪਰਨੀਕਸ ਮਾਰਗ, ਨਵੀਂ ਦਿੱਲੀ -110001

ਰੀ.ਸ.ਪੱਤਰ ਨੰ: 608-1 ਸਿ (5) -78/ ਮਿਤੀ, ਚੰਡੀਗੜ੍ਹ, ਫਰਵਰੀ, 1978

ਪਿੱਠ ਅੰਕਣ ਨੰ: 608-1 ਸਿ (5)-78 / 4356 ਮਿਤੀ, ਚੰਡੀਗੜ੍ਹ, 9 ਫਰਵਰੀ, 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸੁਪਰਡੰਟ, ਸਿੱਖਿਆ (5)
ਵਾ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਦੁੱਧ ਕਮਿਸ਼ਨਰ, ਪੰਜਾਬ,
ਚੰਡੀਗੜ੍ਹ ।
ਯਾਦ ਪੱਤਰ ਨੰ:1090-1 ਸਿ (5) -78 /
ਮਿਤੀ , ਚੰਡੀਗੜ੍ਹ, ਫ਼ਰਵਰੀ, 1978

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ – ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਸਬੰਧੀ ।

ਹਵਾਲਾ ਉਪਰੋਕਤ ਵਿਸ਼ੇ ਤੇ ਆਪਦਾ ਪੱਤਰ ਨੰ: ਐਮ.ਸੀ/ਈ/10011, ਮਿਤੀ 28 ਦਸੰਬਰ, 1977

2. ਕੇਵਲ ਮਹਾਂ ਲੇਖਾਕਾਰ, ਪੰਜਾਬ, ਪੰਜਾਬ ਤੋਂ ਬਾਹਰ ਅਤੇ ਪੰਜਾਬ ਰਾਜ ਤੋਂ ਬਾਹਰ ਦੀਆਂ ਫਰਮਾਂ ਨਾਲ ਪੱਤਰ ਵਿਹਾਰ ਅੰਗਰੇਜ਼ੀ ਵਿਚ ਕਰਨ ਦੀ ਆਗਿਆ ਹੈ । ਪੰਜਾਬ ਰਾਜ ਵਿਚ ਅਤੇ ਦਫ਼ਤਰ ਦਾ ਸਾਰਾ ਪ੍ਰਬੰਧਕੀ ਕੰਮ-ਕਾਜ ਰਾਜ ਭਾਸ਼ਾ ਵਿਚ ਹੋਣਾ ਚਾਹੀਦਾ ਹੈ । ਕੇਵਲ ਐਨੀ ਛੋਟ ਦਿੱਤੀ ਜਾਂਦੀ ਹੈ ਕਿ ਟੈਕਨੀਕਲ ਨੋਟਿਸ ਭੀ ਅੰਗਰੇਜ਼ੀ ਵਿਚ ਲਿਖੇ ਜਾ ਸਕਦੇ ਹਨ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿਠ ਅੰਕਣ ਨੰ: 1090-1 ਸਿ (5)-78 /9862, ਮਿਤੀ ਚੰਡੀਗੜ੍ਹ 16 ਫ਼ਰਵਰੀ, 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਮੈਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਲਿਮਟਿਡ,
ਐਸ.ਸੀ.ਓ. 54-56, ਸੈਕਟਰ 17-ਏ,
ਚੰਡੀਗੜ੍ਹ ।

ਯਾਦ ਪੱਤਰ ਨੰ: 189-1 ਸਿ (5)-78/

ਮਿਤੀ, ਚੰਡੀਗੜ੍ਹ , ਫਰਵਰੀ, 1978.

**ਵਿਸ਼ਾ :-** ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ ।

ਹਵਾਲਾ ਉਪਰੋਕਤ ਵਿਸ਼ੇ ਤੇ ਆਪਦਾ ਪੱਤਰ ਨੰ: ਪੀ. ਐਸ. ਆਈ ਡੀ. ਸੀ./ 8899, ਮਿਤੀ 4 ਜਨਵਰੀ, 1978

ਇਸ ਦਫ਼ਤਰ ਦੇ ਗੈ. ਸ. ਪੱਤਰ ਨੰ: 2862-1 ਸਿ (5)-77, ਮਿਤੀ 10 ਮਈ, 1977 ਅਨੁਸਾਰ ਦਿੱਤੀ ਗਈ ਛੋਟ ਵਿਚ ਇਹ ਦਰੁਸਤੀ ਕੀਤੀ ਜਾਂਦੀ ਹੈ ਕਿ ਕਾਰਪੋਰੇਸ਼ਨ ਅਤੇ ਉਸ ਦੇ ਅਧੀਨ ਬਣੀਆਂ ਕੰਪਨੀਆਂ ਆਪਣਾ ਪ੍ਰਬੰਧਕੀ ਕੰਮ ਪੰਜਾਬੀ ਵਿਚ ਕਰਨ ਅਤੇ ਟੈਕਨੀਕਲ ਕੰਮ ਤੇ ਬਾਹਰ ਦੇ ਰਾਜਾਂ, ਭਾਰਤ ਸਰਕਾਰ ਅਤੇ ਫ਼ਰਮਾਂ ਨਾਲ ਲਿਖਾ ਪੜ੍ਹੀ ਆਦਿ ਅੰਗਰੇਜ਼ੀ ਵਿਚ ਜਾਰੀ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ । ਆਪ ਵਲੋਂ ਇਕ ਮਹੀਨੇ ਬਾਅਦ ਇਕ ਸਰਬ-ਪੂਰਣ ਰਿਪੋਰਟ ਭੇਜੀ ਜਾਵੇ ਕਿ ਆਪਦੀ ਕਾਰਪੋਰੇਸ਼ਨ ਅਤੇ ਇਸ ਅਧੀਨ ਕੰਪਨੀਆਂ ਦਾ ਕਿੰਨਾ ਕੰਮ ਪੰਜਾਬੀ ਵਿਚ ਹੋਣਾ ਸ਼ੁਰੂ ਹੋ ਗਿਆ ਹੈ ?

ਸੁਪਰਡੈਂਟ ਸਿੱਖਿਆ-5
ਵਾਸਤੇ: ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੱਠ ਅੰਕਣ ਨੰ:189-1 ਸਿ (5) -78/ 6371 ਮਿਤੀ, ਚੰਡੀਗੜ੍ਹ, 20 ਫਰਵਰੀ, 1978

ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਕਮਿਸ਼ਨਰ, ਉਦਯੋਗ ਅਤੇ ਸਕੱਤਰ, ਪੰਜਾਬ ਸਰਕਾਰ, ਉਦਯੋਗ ਵਿਭਾਗ- ਇਸ ਦਫ਼ਤਰ ਦੇ ਗ: ਸ: ਪੱਤਰ ਨੰ: 2862-1 / ਸਿ (5) 77, ਮਿਤੀ 10-5-1977 ਦੇ ਹਵਾਲੇ ਵਿਚ ।
2. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਸੁਪਰਡੰਟ ਸਿੱਖਿਆ-5
ਵਾਸਤੇ ਸਕੱਤਰ, ਪੰਜਾਬ ਸਰਕਾਰ ,
ਸਿੱਖਿਆ ਤੇ ਭਾਸ਼ਾ ਵਿਭਾਗ ।

ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ ।

ਯਾਦ ਪੱਤਰ ਨੰ: 1083-1 ਸਿ (5) -78 /

ਮਿਤੀ, ਚੰਡੀਗੜ੍ਹ,     ਫਰਵਰੀ, 1978.

ਵਿਸ਼ਾ :- ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ- ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਬਾਰੇ ।

ਹਵਾਲਾ ਉਪਰੋਕਤ ਵਿਸ਼ੇ ਤੇ ਆਪਦਾ ਪੱਤਰ ਨੰ: 1 (59)- ਜਿਲਦ 10/ 18157, ਮਿਤੀ 5-1-1978.

ਪਰੀਖਿਅਕ, ਸਥਾਨਕ ਫੰਡ ਲੇਖਾ, ਪੰਜਾਬ, ਪੰਜਾਬ ਸਰਕਾਰ ਦੇ ਅਧੀਨ ਹੈ ਅਤੇ ਇਸ ਨੂੰ ਮਹਾਂ ਲੇਖਾਕਾਰ ਦੇ ਕੰਮ ਨਾਲ ਨਹੀਂ ਮਿਲਾਇਆ ਜਾ ਸਕਦਾ । ਹੁਣ ਰਾਜ ਭਾਸ਼ਾ ਕਾਨੂੰਨ ਨੂੰ ਲਾਗੂ ਹੋਇਆਂ 10 ਸਾਲ ਦਾ ਸਮਾਂ ਹੋ ਚੁੱਕਿਆ ਹੈ ਅਤੇ ਇਹ ਸਮਾਂ ਇਸ ਦਫ਼ਤਰ ਲਈ ਆਪਣਾ ਕੰਮ ਪੰਜਾਬੀ ਵਿਚ ਕਰਨ ਲਈ ਕਾਫ਼ੀ ਵੱਡਾ ਸਮਾਂ ਹੈ । ਇਸ ਲਈ ਆਪਦਾ ਵਿਭਾਗ ਮਿਤੀ 1-4-1978 ਤੋਂ ਆਪਣਾ ਸਾਰਾ ਕੰਮ ਰਾਜ ਭਾਸ਼ਾ ਵਿਚ ਕਰਨਾ ਸ਼ੁਰੂ ਕਰੇ, ਜਿਸ ਮਿਤੀ ਤੋਂ ਪਹਿਲਾਂ ਦਿੱਤੀ ਗਈ ਛੋਟ ਖਤਮ ਹੁੰਦੀ ਹੈ ।

ਸੁਪਰਡੈਂਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪ. ਅੰਕ. ਨੰ: 1083-1 ਸਿ (5) 78 /6776 ਮਿਤੀ, ਚੰਡੀਗੜ੍ਹ, 24 ਫਰਵਰੀ, 1978.

ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਵਿੱਤ ਕਮਿਸ਼ਨਰ ਅਤੇ ਸਕੱਤਰ ਪੰਜਾਬ ਸਰਕਾਰ -ਪ੍ਰੀਖਕ ਸਥਾਨਕ ਫੰਡ ਲੇਖਾ ਦੇ ਪਿ.ਅੰ.ਨੰ: 1 (59)- ਜਿਲਦ 10/8158, ਮਿਤੀ 5-1-78 ਜੋ ਕਿ ਉਨ੍ਹਾਂ ਨੂੰ ਸੰਬੰਧਿਤ ਹੈ, ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਲਈ ।

2. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਸੁਪਰਡੰਟ ਸਿੱਖਿਆ-5
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਮੁੱਖ ਭੂਮੀ ਪਾਲ, ਪੰਜਾਬ,
ਚੰਡੀਗੜ੍ਹ ।

ਯਾਦ ਪੱਤਰ ਨੰ: 671-1 ਸਿ (5)-78 /

ਮਿਤੀ, ਚੰਡੀਗੜ੍ਹ ਫਰਵਰੀ 1978.

ਵਿਸ਼ਾ :- ਪ੍ਰਬਾਸਨ ਵਿਚ ਪੰਜਾਬੀ ਪ੍ਰਚਾਲਣ-ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਬਾਰੇ ।

ਹਵਾਲਾ ਉਪਰੋਕਤ ਵਿਸ਼ੇ ਤੇ ਆਪ ਦਾ ਪੱਤਰ ਨੰ; 2753-/ਸੀ-10/4-11, ਮਿਤੀ 25.1.1978.

ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: 302-1 ਐਲ.ਜੀ.-68/6224, ਮਿਤੀ 6.3.1968 ਅਨੁਸਾਰ ਲੇਖੇ ਸਬੰਧੀ ਮਹਾਂ ਲੇਖਾਕਾਰ, ਪੰਜਾਬ ਨਾਲ ਪੱਤਰ ਵਿਹਾਰ ਅੰਗਰੇਜ਼ੀ ਵਿਚ ਕੀਤਾ ਜਾ ਸਕਦਾ ਹੈ ।

ਸੁਪਰਡੈਂਟ, ਸਿੱਖਿਆ (5)
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਪਿ: ਅੰ: ਨੰ: 671- 1 ਸਿ (5) -78/6780 ਮਿਤੀ, ਚੰਡੀਗੜ੍ਹ, 24-2-1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ :

ਸੁਪਰਡੈਂਟ, ਸਿੱਖਿਆ (5)
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ।

ਵਿਸ਼ਾ :- ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ ।

----

ਸ੍ਰੀ ਕਮਿਸ਼ਨਰ ਵਿੱਤ ਤੇ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਖ਼ਜ਼ਾਨਾ ਤੇ ਲੇਖਾ ਸੰਗਠਨ ਵਿਚ) ਉਪਰੋਕਤ ਵਿਸ਼ੇ ਤੇ ਆਪਣੇ ਗੈ.ਸ. ਪੱਤਰ ਨੰ: 33570- (5 ਟੀ ਮਿਸ-20) 77, ਮਿਤੀ 29-12-1977 ਵੱਲ ਧਿਆਨ ਦੇਣ ਦੀ ਖੇਚਲ ਕਰਨਗੇ ?

ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਹੀ ਕੀਤਾ ਜਾਵੇ, ਜਿਸ ਬਾਰੇ ਕਿਸੇ ਕਿਸਮ ਦੀ ਛੋਟ ਨਹੀਂ ਦਿੱਤੀ ਜਾ ਸਕਦੀ ਪਰ ਜਿਥੇ ਕਿਤੇ ਕੋਈ ਕੁਟੇਸ਼ਨ ਦੇਣ ਦੀ ਲੋੜ ਹੋਵੇ, ਉਹ ਲੋੜ ਅਨੁਸਾਰ ਅੰਗਰੇਜ਼ੀ ਵਿਚ ਦਿੱਤੀ ਜਾ ਸਕਦੀ ਹੈ।

ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: 302-1 ਐਲ.ਜੀ.-68/6224, ਮਿਤੀ 6 ਮਾਰਚ, 1968 ਅਤੇ ਨੰ: 2647-1 ਐਲ.ਜੀ.-68/18908, ਮਿਤੀ 1 ਜੁਲਾਈ, 1968 ਅਨੁਸਾਰ ਦਿੱਤੀ ਛੋਟ ਅਨੁਸਾਰ ਮਹਾਂ ਲੇਖਾਕਾਰ, ਪੰਜਾਬ ਅਤੇ ਆਡੀਟਰ ਜਨਰਲ ਆਫ ਇੰਡੀਆ ਨੂੰ ਸੰਬੰਧਿਤ ਪੱਤਰ ਵਿਹਾਰ ਅੰਗਰੇਜ਼ੀ ਵਿਚ ਕਰਨ ਦੀ ਛੋਟ ਨੂੰ ਜਾਰੀ ਰੱਖਿਆ ਜਾਵੇ ।

ਸੁਪਰਡੰਟ, ਸਿੱਖਿਆ (5)
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਕਮਿਸ਼ਨਰ ਵਿੱਤ ਅਤੇ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ (ਖ਼ਜ਼ਾਨਾ ਤੇ ਲੇਖਾ ਸੰਗਠਨ ਵਿਚ )

ਗੈ:ਸ: ਪੱਤਰ ਨੰ: 1112-1 ਸਿ (5)-78/ ਮਿਤੀ, ਚੰਡੀਗੜ੍ਹ, ਫਰਵਰੀ 1978.

ਪਿੱਠ ਅੰਕਣ ਨੰ: 1112-1 ਸਿ (5)-78/71272 ਮਿਤੀ, ਚੰਡੀਗੜ੍ਹ, 1.3.1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸੁਪਰਡੰਟ, ਸਿੱਖਿਆ (5)
ਵਾਸਤੇ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 1172-1 ਸਿ (5) -78/8852

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਿਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ), ਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 13 ਮਾਰਚ, 1978

ਵਿਸ਼ਾ : ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ ।

ਸ੍ਰੀਮਾਨ ਜੀ,

ਪੰਜਾਬ ਰਾਜ ਵਿਚ ਸਾਰੇ ਦਫ਼ਤਰੀ ਕੰਮ-ਕਾਜ ਲਈ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਹੋਏ 10 ਸਾਲ ਦਾ ਸਮਾਂ ਹੋ ਚੁੱਕਾ ਹੈ ਅਤੇ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਹਦਾਇਤਾਂ ਵੀ ਜਾਰੀ ਹੁੰਦੀਆਂ ਰਹੀਆਂ ਹਨ । ਪਰ ਖੇਦ ਦੀ ਗੱਲ ਹੈ ਕਿ ਇਹ ਵੇਖਣ ਵਿਚ ਆਇਆ ਹੈ ਕਿ ਹੁਣ ਭੀ ਕਈ ਦਫ਼ਤਰਾਂ ਵਿਚ ਕਈ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਕੰਮ ਅੰਗਰੇਜ਼ੀ ਵਿਚ ਵੀ ਕੀਤਾ ਜਾਂਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਆਪ ਇਸ ਗੱਲ ਨੂੰ ਯਕੀਨੀ ਬਣਾਓ ਕਿ ਆਪ ਦੇ ਅਧੀਨ ਦਫ਼ਤਰ ਵਿਚ ਸਾਰੇ ਅਧਿਕਾਰੀਆਂ /ਕਰਮਚਾਰੀਆਂ ਵਲੋਂ ਕੰਮ ਪੰਜਾਬੀ ਵਿਚ ਹੋ ਰਿਹਾ ਹੈ ਅਤੇ ਕੁਤਾਹੀਕਾਰਾਂ ਵਿਰੁੱਧ ਮੁੱਖ ਸਕੱਤਰ ਜੀ ਦੇ ਅ.ਸ.ਪੱਤਰ ਨੰ: 4802-1 ਭਾਸ਼ਾ -74, ਮਿਤੀ 14 ਜਨਵਰੀ, 1975 ਅਨੁਸਾਰ ਕਾਰਵਾਈ ਹੋ ਰਹੀ ਹੈ, ਇਹ ਆਪਦੀ ਨਿੱਜੀ ਜ਼ਿੰਮੇਵਾਰੀ ਹੈ ।

2. ਇਸ ਤੋਂ ਇਲਾਵਾ ਇਹ ਭੀ ਵੇਖਣ ਵਿਚ ਆਇਆ ਹੈ ਕਿ ਮੁੱਖ ਦਫ਼ਤਰਾਂ ਵਲੋਂ ਆਪਣੇ ਅਧੀਨ ਦਫ਼ਤਰਾਂ ਨੂੰ ਜੋ ਗਸ਼ਤੀ ਪੱਤਰ /ਪਾਲਿਸੀ ਪੱਤਰ ਜਾਰੀ ਹੁੰਦੇ ਹਨ, ਉਹ ਬਹੁਤੇ ਅੰਗਰੇਜ਼ੀ ਵਿਚ ਹੀ ਹੁੰਦੇ ਹਨ, ਇਸਦੇ ਸਿੱਟੇ ਵਜੋਂ ਅਧੀਨ ਦਫ਼ਤਰਾਂ ਨੂੰ ਅੰਗਰੇਜ਼ੀ ਵਿਚ ਕੰਮ ਕਰਨ ਦਾ ਬਹਾਨਾ ਮਿਲਦਾ ਹੈ ਅਤੇ ਪੰਜਾਬੀ ਪ੍ਰਚਾਲਣ ਦੀ ਰਫ਼ਤਾਰ ਘੱਟ ਹੁੰਦੀ ਹੈ । ਇਸ ਲਈ ਭਵਿੱਖ ਵਿਚ ਜੋ ਭੀ ਕੋਈ ਅਜਿਹਾ ਪੱਤਰ ਜਾਰੀ ਕੀਤਾ ਜਾਵੇ, ਉਹ ਪੰਜਾਬੀ ਵਿਚ ਹੀ ਹੋਵੇ ।

3. ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,
ਉਪ ਸਕੱਤਰ, ਸਿੱਖਿਆ,
ਵਾ : ਸਕੱਤਰ ਪੰਜਾਬ ਸਰਕਾਰ
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੱਠ ਅੰ: ਨੰ: 1172 -1 ਸਿ (5) -78/8853 ਮਿਤੀ, ਚੰਡੀਗੜ੍ਹ, 13 ਮਾਰਚ, 1978

ਇਸ ਦੀ ਕਾਪੀ ਇਕ ਜ਼ਰੂਰੀ ਕਾਰਵਾਈ ਲਈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ ਪੰਜਾਬ ਸਰਕਾਰ
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੱਠ ਅੰ: ਨੰ: 1172 -1 ਸਿ (5) -78/8854 ਮਿਤੀ, ਚੰਡੀਗੜ੍ਹ, 13 ਮਾਰਚ, 1978

2. ਇਸ ਦੀ ਇਕ ਕਾਪੀ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤ ਕਮਿਸ਼ਨਰਾਂ ਅਤੇ ਪ੍ਰਸ਼ਾਸਕੀ ਸਕੱਤਰਾਂ, ਪੰਜਾਬ ਸਰਕਾਰ, ਨੂੰ ਭੇਜੀ ਜਾਂਦੀ ਹੈ ।

ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਆਪ ਵਲੋਂ ਸਾਰੇ ਗਸ਼ਤੀ ਪੱਤਰ/ਪਾਲਿਸੀ ਪੱਤਰ ਪੰਜਾਬੀ ਵਿਚ ਜਾਰੀ ਕੀਤੇ ਜਾਣ ਅਤੇ ਆਪ ਦੇ ਅਧੀਨ ਦਫ਼ਤਰਾਂ / ਵਿਭਾਗਾਂ / ਬੋਰਡਾਂ/ਕਾਰਪੋਰੇਸ਼ਨਾਂ ਵਿਚ ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਹੋਵੇ ਅਤੇ ਕੁਤਾਹੀਕਾਰਾਂ ਦੇ ਵਿਰੁੱਧ ਮੁੱਖ ਸਕੱਤਰ ਜੀ ਦੇ ਅ.ਸ.ਪੱਤਰ ਨ: 4802-1 ਭਾਸ਼ਾ-74 ਮਿਤੀ 14-1-75 ਅਨੁਸਾਰ ਕਾਰਵਾਈ ਹੋਵੇ ।
ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ।

ਉਪ ਸਕੱਤਰ, ਸਿੱਖਿਆ,
ਵਾ : ਸਕੱਤਰ ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵਿਸ਼ਾ :- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ ।

ਸ੍ਰੀ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਉਪਰੋਕਤ ਵਿਸ਼ੇ ਤੇ ਆਪਣੇ ਪੱਤਰ ਨੰ: 478-ਪੀ. ਵੇ. ਐਸ. ਐਲ.ਯੂ.ਜ਼ੀ./78, ਮਿਤੀ 10-3-1978 ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨਗੇ ?

2. ਪੰਜਾਬੀ ਵਿਚ ਕੰਮ ਕਰਨ ਤੋਂ ਛੋਟ ਇਸ ਸਟੇਜ ਤੇ ਨਹੀਂ ਦਿੱਤੀ ਜਾ ਸਕਦੀ । ਸਥਾਨਕ ਸਰਕਾਰ ਵਿਭਾਗ ਦਾ ਸਾਰਾ ਕੰਮ-ਕਾਜ ਪੰਜਾਬੀ ਵਿਚ ਹੋਣਾ ਚਾਹੀਦਾ ਹੈ ਅਤੇ ਰੂਲਜ਼, ਕਾਨੂੰਨ ਅਤੇ ਨੋਟੀਫਿਕੇਸ਼ਨ ਆਦਿ ਬਨਾਉਣ ਦਾ ਕੰਮ ਵੀ ਪੰਜਾਬੀ ਵਿਚ ਹੀ ਹੋਣਾ ਚਾਹੀਦਾ ਹੈ ਅਤੇ ਜੇ ਕਿਤੇ ਅਦਾਲਤ ਆਦਿ ਵਿਚ ਇਨ੍ਹਾਂ ਨੂੰ ਪੇਸ਼ ਕਰਨ ਦੀ ਕਦੇ ਲੋੜ ਪਵੇ ਤਾਂ ਜ਼ਰੂਰਤ ਅਨੁਸਾਰ ਅੰਗਰੇਜ਼ੀ ਵਿਚ ਤਰਜਮਾ ਕੀਤਾ ਜਾ ਸਕਦਾ ਹੈ । ਉਪਰੋਕਤ ਹਵਾਲੇ ਨਾਲ ਪ੍ਰਾਪਤ ਹੋਏ ਪੱਤਰ ਨਾਲ ਨੱਥੀ ਕਰਕੇ ਵਾਪਿਸ ਕੀਤੇ ਜਾਂਦੇ ਹਨ ।

ਸੁਪਰਡੰਟ, ਸਿੱਖਿਆ (5)
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ ।

ਗੈ: ਸ: ਪੱਤਰ ਨੰ: 1912-8/25/78-1 ਸਿ (5) / ਮਿਤੀ ਚੰਡੀਗੜ੍ਹ, ਅਪ੍ਰੈਲ 1978

ਪਿੱਠ ਅੰਕਣ ਨੰ: 1912 -8/25/73-1 ਸਿ (5) / ਮਿਤੀ ਚੰਡੀਗੜ੍ਹ, 20 ਅਪ੍ਰੈਲ 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਸੁਪਰਡੰਟ, ਸਿੱਖਿਆ (5)
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵਿਸ਼ਾ :- ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ- ਪੰਜਾਬ ਸਟੇਟ ਹੌਜ਼ਰੀ ਤੇ ਨਿਟਵੇਅਰ ਡਿਵੈਲਪਮੈਂਟ ਕਰਪੋਰੇਸ਼ਨ ਲਿਮਟਿਡ ਨੂੰ ਪੰਜਾਬੀ ਵਿਚ ਕੰਮ ਕਰਨ ਤੋਂ ਛੋਟ ਦੇਣ ਸਬੰਧੀ ।

ਕੀ ਵਿੱਤ ਕਮਿਸ਼ਨਰ, ਸਿੰਚਾਈ ਤੇ ਬਿਜਲੀ ਤੇ ਸਕੱਤਰ, ਪੰਜਾਬ ਸਰਕਾਰ ਉਦਯੋਗ ਵਿਭਾਗ ਉਪਰੋਕਤ ਵਿਸ਼ੇ ਤੇ ਆਪਣੇ ਪਿੱਠ ਅੰਕਣ ਨੰ: 1578-24/3/78/1ਉਸ (1) -4566, ਮਿਤੀ 17-2-1978 ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨਗੇ ?

ਪੰਜਾਬ ਸਟੇਟ ਹੌਜ਼ਰੀ ਤੇ ਨਿਟਵੇਅਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ ਵਿਚ ਸਾਰਾ ਪ੍ਰਸ਼ਾਸਕੀ ਕੰਮ-ਕਾਜ ਪੰਜਾਬੀ ਵਿਚ ਹੋਣਾ ਚਾਹੀਦਾ ਹੈ ਅਤੇ ਇਸ ਕਾਰਪੋਰੇਸ਼ਨ ਵਲੋਂ ਪੰਜਾਬ ਵਿਚ ਸਥਿਤ ਸੰਸਥਾਵਾਂ ਨਾਲ ਭੀ ਪੱਤਰ-ਵਿਹਾਰ ਪੰਜਾਬੀ ਵਿਚ ਕੀਤਾ ਜਾਣਾ ਚਾਹੀਦਾ ਹੈ। ਕੇਵਲ ਖ਼ਾਲਿਸ ਤਕਨੀਕੀ ਕਿਸਮ ਦਾ ਕੰਮ ਅਤੇ ਇਸ ਕਾਰਪੋਰੇਸ਼ਨ ਵੱਲੋਂ ਦੱਸੀਆਂ ਪੰਜਾਬ ਤੋਂ ਬਾਹਰ ਸੰਸਥਾਵਾਂ ਨਾਲ ਪੱਤਰ-ਵਿਹਾਰ ਅੰਗਰੇਜ਼ੀ ਵਿਚ ਕਰਨ ਦੀ ਛੋਟ ਦਿੱਤੀ ਜਾਂਦੀ ਹੈ । ਇਸ ਸਬੰਧ ਵਿਚ ਇਸ ਸੰਸਥਾ ਨੂੰ ਆਪ ਵਲੋਂ ਹਦਾਇਤ ਕਰ ਦਿੱਤੀ ਜਾਵੇ।

ਸੁਪਰਡੈਂਟ, ਸਿੱਖਿਆ (5)<br>
ਵਾ: ਸਕੱਤਰ, ਪੰਜਾਬ ਸਰਕਾਰ,<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਵਿੱਤੀ ਕਮਿਸ਼ਨਰ, ਸਿੰਚਾਈ ਤੇ ਬਿਜਲੀ ਤੇ ਸਕੱਤਰ, ਪੰਜਾਬ ਸਰਕਾਰ, ਉਦਯੋਗ ਵਿਭਾਗ ।

ਗੈ:ਸ:ਪ: ਨੰ: 1388-8/21/78-1 ਸਿ (5) ਮਿਤੀ ਚੰਡੀਗੜ੍ਹ 1978

ਪਿ : ਅੰ : ਨੰ: 1338-8/21/78-1 ਸਿ (5) ਮਿਤੀ, ਚੰਡੀਗੜ੍ਹ, 27 ਅਪ੍ਰੈਲ, 1978

ਇਸ ਦੀ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ ।

ਸੁਪਰਡੈਂਟ, ਸਿੱਖਿਆ (5)<br>
ਵਾ: ਸਕੱਤਰ, ਪੰਜਾਬ ਸਰਕਾਰ,<br>
ਸਿੱਖਿਆ ਤੇ ਭਾਸ਼ਾ ਵਿਭਾਗ ।

ਪੰਜਾਬ ਸਰਕਾਰ

ਪਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ

ਨੰ: 14 (5) - 5 ਜਅ -78/16747

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰਾਂ (ਸਿਵਲ), ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 25 ਮਈ, 1978.

ਵਿਸ਼ਾ :- **ਰਾਜ ਪ੍ਰਬਾਸਨ ਵਿਚ ਪੰਜਾਬੀ ਦੀ ਵਰਤੋਂ ਬਾਰੇ ।**

ਸ੍ਰੀਮਾਨ ਜੀ,

ਸਰਕਾਰ ਦੇ ਧਿਆਨ ਵਿਚ ਇਹ ਗੱਲ ਆਈ ਹੈ ਕਿ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7432-ਸ II -(6)-73/34637, ਮਿਤੀ 13 ਨਵੰਬਰ, 1973 ਅਤੇ ਪੱਤਰ ਨੰ: 1965-ਜਸ II -77/30509, ਮਿਤੀ 14 ਜੁਲਾਈ, 1977 ਵਿਚ ਦਰਸਾਈ ਪਾਲਿਸੀ ਦੇ ਅਨੁਸਾਰ ਕਈ ਦਫ਼ਤਰਾਂ/ਵਿਭਾਗਾਂ ਵਿਚ ਸਰਕਾਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਸੰਪੂਰਨ ਰੂਪ ਵਿੱਚ ਨਹੀਂ ਹੋ ਰਿਹਾ । ਸਰਕਾਰ ਮਹਿਸੂਸ ਕਰਦੀ ਹੈ ਕਿ ਸਰਕਾਰੀ ਪੱਤਰ-ਵਿਹਾਰ ਕੇਵਲ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਣਾ ਚਾਹੀਦਾ ਹੈ ਤੇ ਪੰਜਾਬੀ ਭਾਸ਼ਾ ਐਕਟ, 1967 ਅਤੇ ਉਸ ਐਕਟ ਦੀ ਪਾਲਣਾ ਵਜੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ ਸਰਾਸਰ ਅਨੁਸ਼ਾਸਨਹੀਨ ਕਾਰਵਾਈ ਹੈ ਤੇ ਇਸ ਦੇ ਭਾਗੀ ਕਰਮਚਾਰੀ/ਅਧਿਕਾਰੀ ਪ੍ਰਤੀ ਕੋਈ ਨਰਮ ਵਰਤਾਰਾ ਨਹੀਂ ਕੀਤਾ ਜਾਣਾ ਚਾਹੀਦਾ । ਇਸ ਸਾਰੇ ਮਾਮਲੇ ਨੂੰ ਬੜੇ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਵਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਅਤੇ ਅੱਧ-ਸਰਕਾਰੀ ਸੰਸਥਾਵਾਂ ਦੇ ਸਮੂਹ ਕਰਮਚਾਰੀਆਂ ਦਾ ਧਿਆਨ ਇਕ ਵਾਰੀ ਫਿਰ ਇਨ੍ਹਾਂ ਹਦਾਇਤਾਂ ਵੱਲ ਦਿਲਾਇਆ ਜਾਵੇ ।

2. ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਫੈਸਲੇ ਨੂੰ ਦ੍ਰਿੜਤਾ ਸਹਿਤ ਸੰਪੂਰਨ ਰੂਪ ਵਿਚ ਲਾਗੂ ਕੀਤਾ ਜਾਵੇ ਅਤੇ ਆਪ ਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀਆਂ ਦੇ ਨੋਟਿਸ ਵਿਚ ਵਿਸ਼ੇਸ਼ ਤੌਰ ਤੇ ਇਹ ਗੱਲ ਫਿਰ ਲਿਆ ਦਿੱਤੀ ਜਾਵੇ ਕਿ ਪੰਜਾਬ ਸਰਕਾਰ ਵੱਲੋਂ ਇਸ ਸਬੰਧ ਵਿਚ ਬਣਾਏ ਗਏ ਐਕਟ ਅਤੇ ਜਾਰੀ ਕੀਤੀਆਂ ਹੋਈਆਂ ਹਦਾਇਤਾਂ ਅਨੁਸਾਰ ਸਰਕਾਰੀ ਪੱਤਰ-ਵਿਹਾਰ ਕੇਵਲ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ।

ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ ਇਸ ਸਬੰਧੀ ਪ੍ਰਚਾਰ ਕਰਨ ਲਈ ਪ੍ਰਬੰਧ ਕਰਨ ।

ਵਿਸ਼ਵਾਸਪਾਤਰ,
**(ਰੇਸ਼ਮ ਸਿੰਘ)**
ਅਧੀਨ ਸਕੱਤਰ, ਪਰਸੋਨਲ,
ਵਾ: ਮੁੱਖ ਸਕੱਤਰ, ਪੰਜਬ ਸਰਕਾਰ ।

1. ਇਕ ਕਾਪੀ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਸਕੱਤਰਾਂ ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਕ ਕਾਪੀ ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਨੂੰ ਭੇਜੀ ਜਾਂਦੀ ਹੈ ।

**(ਰੇਸ਼ਮ ਸਿੰਘ)**
ਅਧੀਨ ਸਕੱਤਰ, ਪਰਸੋਨਲ,
ਵਾ: ਮੁੱਖ ਸਕੱਤਰ, ਪੰਜਾਬ ਸਰਕਾਰ ।

ਗ:ਸ:ਪ੍ਰੰ: ਨੰ: 14 (5)-5 ਜਅ-78 ਮਿਤੀ, ਚੰਡੀਗੜ੍ਹ, 25 ਮਈ, 1978

ਨੰ: 7152-4/17/77-1 ਸ (5)

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰ (ਸਿਵਲ) ਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 27 ਅਕਤੂਬਰ, 1978

ਵਿਸ਼ਾ :- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ- ਪੰਜਾਬੀ ਵਿਚ ਦਫ਼ਤਰੀ ਕੰਮ ਕਾਜ ਨਾ ਕਰਨ ਵਾਲੇ ਕਰਮਚਾਰੀਆਂ / ਅਧਿਕਾਰੀਆਂ ਨੂੰ ਸਜ਼ਾ ਦੇਣ ਸਬੰਧੀ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਵਲੋਂ ਜਾਰੀ ਹੋਏ ਗਸ਼ਤੀ ਪੱਤਰ ਨੰ: 1172-ਸਿ (5) 78/8852, ਮਿਤੀ 13 ਮਾਰਚ, 1978 ਰਾਹੀਂ ਆਪ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਗੱਲ ਨੂੰ ਯਕੀਨੀ ਬਣਾਉ ਕਿ ਆਪ ਦੇ ਅਧੀਨ ਦਫ਼ਤਰਾਂ ਵਿਚ ਸਾਰੇ ਅਧਿਕਾਰੀਆਂ /ਕਰਮਚਾਰੀਆਂ ਵਲੋਂ ਕੰਮ ਪੰਜਾਬੀ ਵਿਚ ਹੋ ਰਿਹਾ ਹੈ ਅਤੇ ਕੁਤਾਹੀਕਾਰਾਂ ਵਿਰੁੱਧ ਮੁੱਖ ਸਕੱਤਰ ਜੀ ਦੇ ਅ.ਸ.ਪੱਤਰ ਨੰਬਰ 4802-1 ਭਾਸ਼ਾ-74, ਮਿਤੀ 14 ਜਨਵਰੀ, 1975 ਅਨੁਸਾਰ ਕਾਰਵਾਈ ਹੋ ਰਹੀ ਹੈ ਜੋ ਕਿ ਆਪ ਜੀ ਦੀ ਨਿੱਜੀ ਜ਼ਿੰਮੇਵਾਰੀ ਹੈ । ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਸੀ ਕਿ ਸਾਰੇ ਦੇ ਸਾਰੇ ਗਸ਼ਤੀ ਪੱਤਰ/ ਪਾਲਿਸੀ ਪੱਤਰ ਕੇਵਲ ਪੰਜਾਬੀ ਵਿਚ ਹੀ ਜਾਰੀ ਕੀਤੇ ਜਾਣ । ਪਰ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਨਹੀਂ ਕੀਤੀ ਜਾਂਦੀ, ਜਿਸ ਦਾ ਸਰਕਾਰ ਨੇ ਗੰਭੀਰ ਨੋਟਿਸ ਲਿਆ ਹੈ । ਇਸ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਪੰਜਾਬੀ ਪ੍ਰਚਾਲਣ ਬਾਰੇ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਕੇ ਪੂਰੀ ਤਰ੍ਹਾਂ ਅਮਲ ਕੀਤਾ ਜਾਂਦਾ ਹੈ ।

2. ਪੰਜਾਬ ਭਾਸ਼ਾ ਐਕਟ, 1967 ਦੀ ਪਾਲਣਾ ਵਜੋਂ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਨਾ ਕਰਨਾ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ 1966, ਦੇ ਨਿਯਮ 3 ਦੇ ਅਧਿਕਾਰ ਖੇਤਰ ਵਿਚ ਆਉਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸਰਵਿਸਿਜ਼ (ਦੰਡ ਤੇ ਅਪੀਲ) ਰੂਲਜ਼, 1970 ਦੇ ਰੂਲ 5 ਅਧੀਨ ਕਰਨ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾ ਸਕਦਾ ਹੈ । ਇਸ ਲਈ ਭਵਿਖ ਵਿਚ ਰਾਜ ਭਾਸ਼ਾ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕਰਮਚਾਰੀਆਂ /ਅਧਿਕਾਰੀਆਂ ਵਿਰੁੱਧ ਇਨ੍ਹਾਂ ਰੂਲਾਂ ਅਧੀਨ ਅਨੁਸ਼ਾਸਨੀ ਕਾਰਵਾਈ ਕੀਤੀ ਜਾਇਆ ਕਰੇ ।

3. ਇਸ ਸਬੰਧ ਵਿਚ ਪਹਿਲਾਂ ਵਾਂਗ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਚੈਕਿੰਗ ਕੀਤੀ ਜਾਇਆ ਕਰੇਗੀ । ਉਨ੍ਹਾਂ ਵਲੋਂ ਸਰਕਾਰ ਦੀ ਪੰਜਾਬੀ ਪ੍ਰਚਾਲਣ ਸਬੰਧੀ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਕਿਸੇ ਅਫ਼ਸਰ /ਕਰਮਚਾਰੀ ਬਾਰੇ ਸੂਚਨਾ ਆਪਦੇ ਨੋਟਿਸ ਵਿਚ ਲਿਆਂਦੀ ਜਾਵੇ ਤਾਂ ਉਸ ਵਿਰੁੱਧ ਵੀ ਉਪਰੋਕਤ ਦਸੇ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਸੂਚਿਤ ਵੀ ਕਰਵਾਇਆ ਜਾਇਆ ਕਰੇ । ਭਾਸ਼ਾ ਵਿਭਾਗ ਦੇ ਚੈਕਿੰਗ ਕਰਨ ਵਾਲੇ ਅਧਿਕਾਰੀਆਂ ਨੂੰ ਚੈਕਿੰਗ ਸਬੰਧੀ ਕੋਈ ਔਕੜ ਪੇਸ਼ ਨਾ ਆਉਣ ਦਿੱਤੀ ਜਾਵੇ ਅਤੇ ਕਿਰਪਾ ਕਰਕੇ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ । ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਅਮਲ ਵਿਚ ਲਿਆਉਣਾ ਅਤੇ ਅਸਰਦਾਰ ਬਣਾਉਣਾ ਆਪ ਜੀ ਦੀ ਨਿੱਜੀ ਜ਼ੁਮੇਵਾਰੀ ਹੈ ਅਤੇ ਜੇਕਰ ਇਸ ਵਿਚ ਕੋਈ ਅਣਗਹਿਲੀ ਪਾਈ ਗਈ ਤਾਂ ਸਰਕਾਰ ਉਸਦਾ ਗੰਭੀਰ ਨੋਟਿਸ ਲਵੇਗੀ । ਕਿਰਪਾ ਕਰਕੇ ਇਹ ਹਦਾਇਤਾਂ ਆਪਦੇ ਅਧੀਨ ਦਫ਼ਤਰਾਂ ਦੇ ਸਮੂਹ ਕਰਮਚਾਰੀਆਂ /ਅਧਿਕਾਰੀਆਂ ਦੇ ਨੋਟਿਸ ਵਿਚ ਦ੍ਰਿੜਤਾ ਸਹਿਤ ਲਾਗੂ ਕਰਨ ਅਤੇ ਅਗਵਾਈ ਹਿੱਤ ਲਿਆ ਦਿੱਤੀਆਂ ਜਾਣ।

ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,
ਉਪ-ਸਕੱਤਰ ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੰ ਐ ਨੰ: 7152-4-17-77/1 ਸਿ (5) /          ਮਿਤੀ, ਚੰਡੀਗੜ੍ਹ 1978

ਇਸ ਦੀ ਇਕ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ ।

2. ਕਿਰਪਾ ਕਰਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਹਦਾਇਤਾਂ ਆਪ ਜੀ ਦੇ ਅਧੀਨ ਦਫ਼ਤਰਾਂ, ਕਾਰਪੋਰੇਸ਼ਨਾਂ, ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਵਿਚ ਪੂਰੀ ਤਰ੍ਹਾਂ ਲਾਗੂ ਹੁੰਦੀਆਂ ਹਨ ਅਤੇ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕੁਤਾਹੀਕਾਰ ਕਰਮਚਾਰੀਆਂ ਵਿਰੁੱਧ ਉਪਰੋਕਤ ਦਸੇ ਰੂਲਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਹੋ ਰਹੀ ਹੈ ।

3. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।

ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ, ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੰ ਐ ਨੰ: 7152-4-17-77 ਸਿ (5) /   ਮਿਤੀ, ਚੰਡੀਗੜ੍ਹ 1978

ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ।

(ਡੀ.ਕੇ.ਪੋਦਾਰ)
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ, ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ ।

ਨੰ: 7581-4/2;/77-1 ਸਿ (5) /

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ।

ਮਿਤੀ, ਚੰਡੀਗੜ੍ਹ 28 ਨਵੰਬਰ, 1978

ਵਿਸ਼ਾ :- ਪੰਜਾਬੀ ਪ੍ਰਚਾਲਣ-ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਵਲੋਂ ਜਾਰੀ ਹੋਏ ਪੱਤਰ ਨੰ: 3114-1 ਭਾਸ਼ਾ-70/26818, ਮਿਤੀ 12 ਅਕਤੂਬਰ, 1970 ਅਤੇ ਨੰ: 3803-1 ਭਾਸ਼ਾ - 72 / 37127, ਮਿਤੀ 4 ਅਕਤੂਬਰ , 1972 ਅਨੁਸਾਰ ਮੁੱਢਲਾ ਰਿਕਾਰਡ (Initial record), ਕੈਸ਼ ਬੁੱਕ ਅਤੇ ਰਸੀਦ ਬੁੱਕ ਆਦਿ ਪੰਜਾਬੀ ਭਾਸ਼ਾ ਵਿਚ ਰਖਣ ਅਤੇ ਹੇਠ ਲਿਖੇ ਕਾਰਜ ਸਬੰਧੀ ਸਰਕਾਰੀ ਹੁਕਮ ਪੰਜਾਬੀ ਵਿਚ ਜਾਰੀ ਕੀਤੇ ਜਾਣ ਲਈ ਕਿਹਾ ਗਿਆ ਸੀ:

1. ਨਿਯੁਕਤੀ ਪੱਤਰ
2. ਹਾਜ਼ਰੀ ਰਿਪੋਰਟ
3. ਰਵਾਨਗੀ ਰਿਪੋਰਟ
4. ਛੁੱਟੀ ਮਨਜ਼ੂਰ ਕਰਨ ਦਾ ਹੁਕਮ
5. ਬਦਲੀ ਦੇ ਹੁਕਮ
6. ਤਰੱਕੀ ਦੇ ਹੁਕਮ
7. ਮੁਅੱਤਲੀ, ਬਹਾਲੀ ਤੇ ਸਜ਼ਾ ਦੇਣ ਦੇ ਹੁਕਮ
8. ਲੋਕ ਨਿਰਮਾਣ ਵਿਭਾਗ ਵਲੋਂ ਪ੍ਰਾਪਤ ਹੋਏ ਕਿਰਾਏ ਦੀ ਸੂਚੀ
9. ਸਾਲਾਨਾ ਤਰੱਕੀ ਦੇਣ ਦਾ ਹੁਕਮ (ਸਿਵਾਏ ਨਿਪੁੰਨਤਾ ਰੋਕ ਪਾਰ ਕਰਨ ਦੇ)

ਪਰ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਨਹੀਂ ਹੋ ਰਹੀ, ਜਿਸ ਦਾ ਸਰਕਾਰ ਨੇ ਅਤਿ ਗੰਭੀਰ ਨੋਟਿਸ ਲਿਆ ਹੈ ਇਸ ਲਈ ਇਸ ਗੱਲ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਹਦਾਇਤਾਂ ਤੇ ਪੂਰੀ ਤਰ੍ਹਾਂ ਅਮਲ ਹੋ ਰਿਹਾ ਹੈ ਅਤੇ ਸਰਕਾਰ ਵਲੋਂ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਜਾ ਚੁੱਕਾ ਹੈ ।

ਵਿਸ਼ਵਾਸਪਾਤਰ,

**(ਡੀ.ਕੇ.ਪੋਦਾਰ)**
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿ.ਐ. 7581-4/27/77-1 ਸਿ (5) / ਮਿਤੀ, ਚੰਡੀਗੜ੍ਹ, 28 ਨਵੰਬਰ, 1978

ਇਸ ਦੀ ਇਕ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ ।

2. ਕਿਰਪਾ ਕਰਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਹਦਾਇਤਾਂ ਆਪ ਜੀ ਦੇ ਅਧੀਨ ਦਫ਼ਤਰਾਂ, ਕਾਰਪੋਰੇਸ਼ਨਾਂ, ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਵਿਚ ਪੂਰੀ ਤਰ੍ਹਾਂ ਲਾਗੂ ਹੁੰਦੀਆਂ ਹਨ ਅਤੇ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕੁਤਾਹੀਕਾਰ ਅਫ਼ਸਰਾਂ/ਕਰਮਚਾਰੀਆਂ ਵਿਰੁੱਧ ਸਰਕਾਰ ਦੇ ਪੱਤਰ ਨੰਬਰ 7152-4/77-1 ਸਿ (5), ਮਿਤੀ 27 ਅਕਤੂਬਰ, 1978, 4 ਨਵੰਬਰ 1978 ਅਨੁਸਾਰ ਅਨੁਸ਼ਾਸਨੀ ਕਾਰਵਾਈ ਹੋ ਰਹੀ ਹੈ ।

**(ਡੀ.ਕੇ.ਪੋਦਾਰ)**
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿ.ਅੰ. 7581-4/27/77-1 ਸਿ (5) / ਮਿਤੀ, ਚੰਡੀਗੜ੍ਹ, 28 ਨਵੰਬਰ, 1978

ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ।

(ਡੀ.ਕੇ.ਪੋਦਾਰ)
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ, ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿ.ਅੰਕਣ. ਨੰ: 7581-4/27/77-1 ਸਿ (5)/ ਮਿਤੀ, ਚੰਡੀਗੜ੍ਹ, 28 ਨਵੰਬਰ, 1978

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਨੂੰ ਉਨ੍ਹਾਂ ਦੇ ਪੱਤਰ ਨੰ: ਪ੍ਰਚਾਲਣ (ਸਪੈਸ਼ਲ ਚੈਕਿੰਗ-77)-78/914, ਮਿਤੀ 6 ਅਕਤੂਬਰ, 1978 ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ । ਪੰਜਾਬੀ ਪ੍ਰਚਾਲਣ ਬਾਰੇ ਰੀ: ਸ.: ਪੱਤਰ ਨੰ: 74121-8/1/78, ਮਿਤੀ 3 ਨਵੰਬਰ 1978, ਨੰ: 7196-10/66/77-1 ਸਿ (5), ਮਿਤੀ 4 ਨਵੰਬਰ , 1978; ਨੰਬਰ 7152-4 / 17/77-1 ਸਿ (5), ਮਿਤੀ 27 ਅਕਤੂਬਰ, 1978/4 ਨਵੰਬਰ, 1978 ਅਤੇ ਉਪਰੋਕਤ ਅਨੁਸਾਰ ਜਾਰੀ ਹੋਏ ਪੱਤਰਾਂ ਦੇ ਸਨਮੁੱਖ ਹਾਲ ਦੀ ਘੜੀ ਸਮੂਹ ਪ੍ਰਸ਼ਾਸਕੀ ਸਕੱਤਰਾਂ/ਵਿੱਤੀ ਕਮਿਸ਼ਨਰਾਂ ਦੀ ਮੀਟਿੰਗ ਬੁਲਾਉਣ ਦੀ ਲੋੜ ਨਹੀਂ ਹੈ ।

(ਡੀ.ਕੇ.ਪੋਦਾਰ)
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: 8385-4/10/78-1 ਸਿ (5)

ਵੱਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਵੱਲ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲਾ ਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ, ਚੰਡੀਗੜ੍ਹ ।
ਮਿਤੀ , ਚੰਡੀਗੜ੍ਹ, 28 ਨਵੰਬਰ, 1978

ਵਿਸ਼ਾ : ਭਾਰਤ ਸਰਕਾਰ ਅਤੇ ਹੋਰ ਹਿੰਦੀ ਬੋਲਦੇ ਪ੍ਰਾਂਤਾਂ ਨਾਲ ਹਿੰਦੀ ਭਾਸ਼ਾ ਵਿਚ ਪੱਤਰ ਵਿਹਾਰ ਕਰਨ ਸਬੰਧੀ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 411-1 ਭਾਸ਼ਾ -70/4404, ਮਿਤੀ 18 ਫ਼ਰਵਰੀ, 1970, ਨੰ: 80- (ਮੰ)-1 ਭਾਸ਼ਾ 70 , ਮਿਤੀ 30 ਅਕਤੂਬਰ, 1970 ਨੰ: 2388-1 ਭਾਸ਼ਾ 68/11095, ਮਿਤੀ 15 ਅਪ੍ਰੈਲ, 1968 ਅਤੇ ਅ.ਸ. ਪੱਤਰ ਨੰ: 2138-1 ਭਾਸ਼ਾ -75/ਭਾਸ਼ਾ, ਮਿਤੀ 6 ਅਗਸਤ, 1975 ਵੱਲ ਦਿਵਾਉਂਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਸਰਕਾਰ ਦੇ ਅਧੀਨ ਰਾਜ ਪ੍ਰਬੰਧ ਦੇ ਹਰ ਪੱਧਰ ਉਤੇ ਸਾਰਾ ਕੰਮ ਪੰਜਾਬੀ ਵਿਚ ਕੀਤਾ ਜਾਣਾ ਲੋੜੀਂਦਾ ਹੈ ਪਰੰਤੂ ਭਾਰਤ ਸਰਕਾਰ ਅਤੇ ਦੂਜੇ ਹਿੰਦੀ ਭਾਸ਼ਾ ਰਾਜਾਂ ਨਾਲ ਪੱਤਰ ਵਿਹਾਰ ਹਿੰਦੀ ਵਿਚ ਹੀ ਹੋਣਾ ਚਾਹੀਦਾ ਹੈ ।

2. ਮਹਾਂ ਲੇਖਾਕਾਰ, ਪੰਜਾਬ, ਦਾ ਦਫ਼ਤਰ ਭਾਰਤ ਸਰਕਾਰ ਦਾ ਇਕ ਅਦਾਰਾ ਹੈ ਅਤੇ ਉਨ੍ਹਾਂ ਵਲੋਂ ਹਿੰਦੀ ਭਾਸ਼ਾ ਵਿਚ ਪ੍ਰਾਪਤ ਹੋਏ ਪੱਤਰਾਂ ਦਾ ਉੱਤਰ ਹਿੰਦੀ ਭਾਸ਼ਾ ਵਿਚ ਹੀ ਦਿੱਤਾ ਜਾਣਾ ਹੈ । ਇਸ ਨੀਤੀ ਅਨੁਸਾਰ ਜੋ ਵੀ ਪੱਤਰ-ਵਿਹਾਰ ਕੇਂਦਰੀ ਸਰਕਾਰ, ਕੇਂਦਰੀ ਅਦਾਰੇ ਅਤੇ ਦੂਜੇ ਹਿੰਦੀ ਬੋਲਦੇ ਪ੍ਰਾਂਤਾਂ ਨਾਲ ਕੀਤਾ ਜਾਣਾ ਹੈ, ਉਸਦਾ ਪੰਜਾਬੀ ਦਾ ਪ੍ਰਵਾਨਿਤ ਖਰੜਾ ਇੰਚਾਰਜ ਹਿੰਦੀ ਸੈਲ (ਪੰਜਾਬ ਸਿਵਲ ਸਕੱਤਰੇਤ ਵਿਚ ਸਥਿਤ) ਨੂੰ ਭੇਜਕੇ ਹਿੰਦੀ ਵਿਚ ਅਨੁਵਾਦ ਕਰਵਾ ਲਿਆ ਜਾਵੇ ਅਤੇ ਇਸੇ ਪ੍ਰਕਾਰ ਹਿੰਦੀ ਵਿਚ ਪ੍ਰਾਪਤ ਹੋਈਆਂ ਚਿੱਠੀਆਂ, ਜਿਨ੍ਹਾਂ ਦਾ ਪੰਜਾਬੀ ਵਿਚ ਅਨੁਵਾਦ ਹੋਣਾ ਲੋੜੀਂਦਾ ਹੈ, ਸੈੱਲ ਦੇ ਇੰਚਾਰਜ ਪਾਸ ਭੇਜਕੇ ਅਨੁਵਾਦ ਕਰਵਾ ਲਈਆਂ ਜਾਣ ।

3. ਕਿਰਪਾ ਕਰਕੇ ਇਸ ਪਾਲਿਸੀ ਦੀ ਪੂਰੀ ਪਾਲਣਾ ਕੀਤੀ ਜਾਵੇ ਅਤੇ ਅਗੋ ਲਈ ਭਾਰਤ ਸਰਕਾਰ, ਕੇਂਦਰੀ ਸਰਕਾਰ ਦੇ ਅਦਾਰੇ ਅਤੇ ਦੂਜੇ ਹਿੰਦੀ ਬੋਲਦੇ ਰਾਜਾਂ ਨਾਲ ਪੱਤਰ-ਵਿਹਾਰ ਉਪਰੋਕਤ ਪੱਤਰਾਂ ਵਿਚ ਦੱਸੇ ਢੰਗ ਅਨੁਸਾਰ ਹਿੰਦੀ ਵਿਚ ਹੀ ਕੀਤਾ ਜਾਵੇ ਅਤੇ ਉਨ੍ਹਾਂ ਵਲੋਂ ਹਿੰਦੀ ਵਿਚ ਪ੍ਰਾਪਤ ਹੋਏ ਪੱਤਰਾਂ ਦਾ ਉੱਤਰ ਹਿੰਦੀ ਵਿਚ ਹੀ ਦੇਣ ਦਾ ਯਤਨ ਕੀਤਾ ਜਾਵੇ ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ।

ਵਿਸ਼ਵਾਸਪਾਤਰ,

**(ਡੀ.ਕੇ.ਪੋਦਾਰ)**
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੱਠ ਅੰ.ਨੰ: 8385-4/10/78-1 ਸਿ (5) / ਮਿਤੀ, ਚੰਡੀਗੜ੍ਹ, 28 ਨਵੰਬਰ, 1978

ਇਸ ਦੀ ਇਕ ਕਾਪੀ ਸਮੂਹ ਵਿੱਤ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ ।

2. ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਹਦਾਇਤਾਂ ਆਪ ਜੀ ਦੇ ਅਧੀਨ ਦਫ਼ਤਰਾਂ, ਕਾਰਪੋਰੇਸ਼ਨਾਂ, ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਵਿਚ ਪੂਰੀ ਤਰ੍ਹਾਂ ਲਾਗੂ ਹੁੰਦੀਆਂ ਹਨ ।

**(ਡੀ.ਕੇ.ਪੋਦਾਰ)**
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਪਿੱਠ ਅੰ.ਨੰ: 8385-4/10/78-1 ਸਿ(5)/ ਮਿਤੀ, ਚੰਡੀਗੜ੍ਹ, 28 ਨਵੰਬਰ, 1978

ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।

2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।

3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ।

**(ਡੀ.ਕੇ.ਪੋਦਾਰ)**
ਉਪ-ਸਕੱਤਰ, ਸਿੱਖਿਆ,
ਵਾ: ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਨੰ: 4/2/79-1 ਸਿ (5) / 1679

ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ,
(ਸਿੱਖਿਆ 5 ਸ਼ਾਖਾ)

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ, ਚੰਡੀਗੜ੍ਹ 12 ਅਪ੍ਰੈਲ, 1979

ਵਿਸ਼ਾ :- ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ- ਪੰਜਾਬੀ ਵਿਚ ਦਫ਼ਤਰੀ ਕੰਮ ਕਾਜ ਨਾ ਕਰਨ ਵਾਲੇ ਕਰਮਚਾਰੀਆਂ/ਅਧਿਕਾਰੀਆਂ ਨੂੰ ਸਜ਼ਾ ਦੇਣ ਬਾਰੇ ।

ਸ਼੍ਰੀਮਾਨ ਜੀ,

ਪੰਜਾਬ ਰਾਜ ਵਿਚ ਸਾਰੇ ਦਫ਼ਤਰੀ ਕੰਮ ਕਾਜ ਲਈ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਹੋਇਆਂ 11 ਸਾਲ ਦਾ ਸਮਾਂ ਹੋ ਚੁੱਕਾ ਹੈ ਅਤੇ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਹੋਣ ਉਪਰੰਤ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਹੁਣ ਵੀ ਕਈ ਦਫ਼ਤਰਾਂ ਵਿਚ ਅਧਿਕਾਰੀਆਂ /ਕਰਮਚਾਰੀਆਂ ਵਲੋਂ ਕੰਮ ਅੰਗਰੇਜ਼ੀ ਵਿਚ ਹੀ ਕੀਤਾ ਜਾਂਦਾ ਹੈ , ਜਿਸ ਦਾ ਸਰਕਾਰ ਗੰਭੀਰ ਨੋਟਿਸ ਲੈਂਦੀ ਹੈ । ਸਰਕਾਰ ਦੇ ਪੱਤਰ ਨੰ: 8033-1 ਸਿ 5-77/41747, ਮਿਤੀ 28 ਨਵੰਬਰ, 1977 ਅਨੁਸਾਰ ਪੰਜਾਬੀ ਵਿਚ ਕੰਮ ਕਰਨ ਤੋਂ ਪਹਿਲਾਂ ਦਿੱਤੀਆਂ ਛੋਟਾਂ ਵਾਪਸ ਲਈਆਂ ਸਮਝੀਆਂ ਗਈਆਂ ਹਨ ਅਤੇ ਸਰਕਾਰ ਦੇ ਪੱਤਰ ਨੰਬਰ 1172-1 ਸਿ 5-78/8852, ਮਿਤੀ 13 ਮਾਰਚ, 1978 ਅਨੁਸਾਰ ਪੰਜਾਬੀ ਵਿਚ ਪ੍ਰਚਾਲਣ ਨੂੰ ਪੂਰੀ ਤਰ੍ਹਾਂ ਅਸਰਦਾਰ ਬਣਾਉਣ ਲਈ ਹਦਾਇਤ ਕੀਤੀ ਗਈ ਸੀ । ਇਹ ਵੀ ਕਿਹਾ ਗਿਆ ਸੀ ਕਿ ਜੋ ਭੀ ਗਸ਼ਤੀ ਪੱਤਰ/ਪਾਲਿਸੀ ਪੱਤਰ, ਜਾਰੀ ਹੁੰਦੇ ਹਨ, ਉਹ ਪੰਜਾਬੀ ਵਿਚ ਜਾਰੀ ਹੋਣ । ਇਨ੍ਹਾਂ ਹਦਾਇਤਾਂ ਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਵੇ ।

2. ਸਰਕਾਰ ਦੇ ਪੱਤਰ ਨੰਬਰ 7152-4/17/77- ਸਿ (5) ਮਿਤੀ 27-10 -78, 4 ਨਵੰਬਰ, 1978 ਅਨੁਸਾਰ ਸਪੱਸ਼ਟ ਕੀਤਾ ਗਿਆ ਸੀ ਕਿ ਪੰਜਾਬ ਭਾਸ਼ਾ ਐਕਟ, 1967 ਦੀ ਪਾਲਣਾ ਵਜੋਂ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਨਾ ਕਰਨਾ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ

ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ, 1966 ਦੇ ਨਿਯਮ 3 ਦੇ ਅਧਿਕਾਰ ਖੇਤਰ ਵਿਚ ਆਉਣ ਵਾਲੀ ਕਾਰਵਾਈ ਮਿੱਥਦੇ ਹੋਏ ਪੰਜਾਬ ਸਿਵਲ ਸਰਵਸਿਜ਼ (ਦੰਡ ਤੇ ਅਪੀਲ) ਰੂਲਜ਼, 1970 ਦੇ ਰੂਲ 5 ਅਧੀਨ ਕਰਨ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾ ਸਕਦਾ ਹੈ। ਇਸ ਲਈ ਭਵਿੱਖ ਵਿਚ ਰਾਜ ਭਾਸ਼ਾ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕਰਮਚਾਰੀਆਂ /ਅਧਿਕਾਰੀਆਂ ਵਿਰੁੱਧ ਇਨ੍ਹਾਂ ਰੂਲਾਂ ਅਧੀਨ ਅਨੁਸ਼ਾਸਨੀ ਕਾਰਵਾਈ ਕੀਤੀ ਜਾਇਆ ਕਰੇ ਤੇ ਇਨ੍ਹਾਂ ਹਦਾਇਤਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ ।

3. ਇਸ ਸਬੰਧ ਵਿਚ ਪਹਿਲਾਂ ਵਾਂਗ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਚੈਕਿੰਗ ਕੀਤੀ ਜਾਇਆ ਕਰੇਗੀ । ਉਨ੍ਹਾਂ ਵਲੋਂ ਸਰਕਾਰ ਦੀ ਪੰਜਾਬੀ ਪ੍ਰਚਾਲਣ ਸਬੰਧੀ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਕਿਸੇ ਅਫ਼ਸਰ/ਕਰਮਚਾਰੀ ਬਾਰੇ ਸੂਚਨਾ ਜੋ ਆਪ ਦੇ ਨੋਟਿਸ ਵਿਚ ਲਿਆਂਦੀ ਜਾਵੇ ਤਾਂ ਉਸ ਵਿਰੁੱਧ ਭੀ ਉਪਰੋਕਤ ਦੱਸੇ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੂੰ ਭੀ ਸੂਚਿਤ ਕੀਤਾ ਜਾਇਆ ਕਰੇ । ਭਾਸ਼ਾ ਵਿਭਾਗ ਦੇ ਚੈਕਿੰਗ ਕਰਨ ਵਾਲੇ ਅਧਿਕਾਰੀਆਂ ਨੂੰ ਚੈਕਿੰਗ ਸਬੰਧੀ ਕੋਈ ਔਕੜ ਪੇਸ਼ ਨਾ ਆਉਣ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇ । ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਅਮਲ ਵਿਚ ਲਿਆਉਣਾ ਅਤੇ ਅਸਰਦਾਰ ਬਣਾਉਂਦੇ ਹੋਏ ਕੁਤਾਹੀਕਾਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨਾ ਆਪ ਜੀ ਦੀ ਨਿੱਜੀ ਜ਼ੁੰਮੇਵਾਰੀ ਹੈ ਅਤੇ ਜੇਕਰ ਇਸ ਵਿਚ ਕੋਈ ਅਣਗਹਿਲੀ ਪਾਈ ਜਾਂਦੀ ਹੈ ਤਾਂ ਸਰਕਾਰ ਉਸਦਾ ਗੰਭੀਰ ਨੋਟਿਸ ਲਵੇਗੀ । ਇਹ ਹਦਾਇਤਾਂ ਆਪ ਦੇ ਅਧੀਨ ਦਫ਼ਤਰਾਂ ਦੇ ਸਮੂਹ ਕਰਮਚਾਰੀਆਂ / ਅਧਿਕਾਰੀਆਂ ਦੇ ਨੋਟਿਸ ਵਿਚ ਦ੍ਰਿੜਤਾ ਸਹਿਤ ਲਾਗੂ ਕਰਨ ਅਤੇ ਅਗਵਾਈ ਹਿੱਤ ਲਿਆ ਦਿੱਤੀਆਂ ਜਾਣ ।

4. ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,

**(ਡੀ.ਕੇ ਪੋਦਾਰ)**

ਉਪ ਸਕੱਤਰ , ਸਿੱਖਿਆ

ਪਿੱ ਅੰ ਨੰ: 4-2/79-1 ਸਿ (5) / ਮਿਤੀ ਚੰਡੀਗੜ੍ਹ, ਅਪ੍ਰੈਲ, 1975

1. ਇਸ ਦੀ ਇਕ ਕਾਪੀ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਭੇਜੀ ਜਾਂਦੀ ਹੈ ।

2. ਕਿਰਪਾ ਕਰਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਹਦਾਇਤਾਂ ਆਪ ਜੀ ਦੇ ਅਧੀਨ ਸਮੂਹ ਵਿਭਾਗਾਂ, ਕਾਰਪੋਰੇਸ਼ਨਾਂ, ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਵਿਚ ਪੂਰੀ ਤਰ੍ਹਾਂ ਲਾਗੂ ਹੁੰਦੀਆਂ ਹਨ ਅਤੇ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਉਪਰੋਕਤ ਦੱਸੇ ਰੂਲਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਹੋ ਰਹੀ ਹੈ ।

3. ਇਸ ਪੱਤਰ ਦੀ ਪਹੁੰਚ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।

(ਡੀ.ਕੇ.ਪੌਦਾਰ)
ਉਪ ਸਕੱਤਰ , ਸਿੱਖਿਆ ।

ਪਿੱ ਅੰ ਨੰ: 42/79- ਸਿ (5) / ਮਿਤੀ, ਚੰਡੀਗੜ੍ਹ, ਅਪ੍ਰੈਲ, 1979

1. ਇਸ ਦੀ ਇਕ ਕਾਪੀ ਨਿਮਨ ਲਿਖਤ ਨੂੰ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ।

ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

(ਡੀ.ਕੇ.ਪੌਦਾਰ)
ਉਪ ਸਕੱਤਰ , ਸਿੱਖਿਆ ।

ਨੰ: 4/1/79-1 ਸਿ (5) /1057

ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ,
(ਸਿੱਖਿਆ 5 ਸ਼ਾਖਾ)
ਮਿਤੀ, ਚੰਡੀਗੜ੍ਹ, 1 ਅਪ੍ਰੈਲ, 1980

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਪ੍ਰਚਾਲਣ-ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 3107-ਭਾਸ਼ਾ 1-68 /21805 ਮਿਤੀ 29 ਜੁਲਾਈ, 1968 ਅਤੇ ਨੰ: 1588-1 ਭਾਸ਼ਾ 78, ਮਿਤੀ 7 ਮਈ, 1970 ਵੱਲ ਦਿਵਾਇਆ ਜਾਂਦਾ ਹੈ । ਇਨ੍ਹਾਂ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿਚ ਸਾਰੀਆਂ ਨੌਕਰੀਆਂ ਦੀ ਭਰਤੀ ਲਈ ਹਰ ਉਮੀਦਵਾਰ ਨੂੰ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰ ਸਟੈਂਡਰਡ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਣੀ ਲਾਜ਼ਮੀ ਹੋਵੇਗੀ । ਜੇ ਕਿਸੇ ਉਮੀਦਵਾਰ ਪਾਸ ਅਜਿਹਾ ਕੋਈ ਸਰਟੀਫਿਕੇਟ (ਜਿਵੇਂ ਮੈਟਰੀਕੁਲੇਸ਼ਨ ਜਾਂ ਇਸਦੇ ਤੁਲ ਜਾਂ ਇਸ ਦੇ ਉਪਰ ਦੇ ) ਨਾ ਹੋਵੇ ਜਿਸ ਤੋਂ ਇਹ ਸਿੱਧ ਹੋਵੇ ਕਿ ਉਸ ਨੇ ਪੰਜਾਬੀ ਪੜ੍ਹੀ ਅਤੇ ਇਸ ਵਿਚ ਇਮਤਿਹਾਨ ਪਾਸ ਕੀਤਾ ਹੈ ਤਾਂ ਇਸ ਗੱਲ ਦੀ ਤਸੱਲੀ ਕਰਨ ਲਈ ਕਿ ਕੀ ਉਮੀਦਵਾਰ ਨੂੰ ਮੈਟਰਿਕ ਪੱਧਰ ਤਕ ਜਾਂ ਇਸ ਦੇ ਤੁਲ ਪੰਜਾਬੀ ਦਾ ਗਿਆਨ ਹੈ, ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਕੋਈ ਹੋਰ ਸੰਸਥਾ ਉਮੀਦਵਾਰ ਦੀ ਯੋਗਤਾ ਦਾ ਪਤਾ ਲਾਉਣ ਲਈ ਆਪਣੇ ਵਲੋਂ ਇਕ ਯੋਗਤਾ ਟੈਸਟ ਲਵੇਗੀ।

2. ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਹੁਣ ਵੀ ਕਈ ਵਿਭਾਗਾਂ ਵਿਚ ਕਦੇ ਕਦੇ ਕਲਾਸ 4 ਕਰਮਚਾਰੀਆਂ ਨੂੰ ਕਲਰਕ ਦੀ ਆਸਾਮੀ ਤੇ ਤਰੱਕੀ ਦਿੱਤੀ ਜਾਂਦੀ ਹੈ। ਉਸਦੇ ਨਿਯੁਕਤੀ ਪੱਤਰ ਵਿਚ ਇਹ ਸ਼ਰਤ ਲਗਾ ਦਿੱਤੀ ਜਾਂਦੀ ਹੈ ਕਿ ਉਹ ਨਿਯੁਕਤੀ ਦੇ ਛੇ ਮਹੀਨੇ ਦੇ ਅੰਦਰ ਅੰਦਰ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਕਰੇ। ਇਸ ਤਰ੍ਹਾਂ ਦੀ ਸ਼ਰਤ ਲਗਾਉਣੀ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਦੇ ਉਲਟ ਹੈ, ਅਜਿਹੀ

ਸ਼ਰਤ ਕੇਵਲ ਤਕਨੀਕੀ ਆਸਾਮੀਆਂ ਤੇ ਨਿਯੁਕਤੀ ਲਈ ਹੀ ਲਾਈ ਜਾ ਸਕੀਦ ਹੈ । ਕਲਾਸ 4 ਤੋਂ ਕਲਰਕ ਦੀ ਆਸਾਮੀ ਤੇ ਤਰੱਕੀ ਲਈ ਉਮੀਦਵਾਰ ਨੂੰ ਪਹਿਲਾਂ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੋਣੀ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਹੀ ਅਜਿਹਾ ਕਰਮਚਾਰੀ ਕਲਰਕ ਦੀ ਆਸਾਮੀ ਤੇ ਤਰੱਕੀ ਉਪਰੰਤ ਆਪਣਾ ਦਫ਼ਤਰੀ ਕੰਮ ਰਾਜ ਭਾਸ਼ਾ (ਪੰਜਾਬੀ) ਵਿਚ ਨਿਪੁੰਨਤਾ ਤੇ ਕੁਸ਼ਲਤਾ ਨਾਲ ਨਿਭਾ ਸਕਣ ਦੇ ਯੋਗ ਹੋ ਸਕਦਾ ਹੈ। ਇਸ ਸਬੰਧੀ ਕਲਾਸ 4 ਤੋਂ ਕਲਰਕ ਦੀ ਆਸਾਮੀ ਤੇ ਨਿਯੁਕਤੀ ਕਰਨ ਤੋਂ ਪਹਿਲਾਂ ਇਸ ਗੱਲ ਦੀ ਤਸੱਲੀ ਕਰ ਲਈ ਜਾਇਆ ਕਰੇ ਕਿ ਸਬੰਧਤ ਕਰਮਚਾਰੀ ਨੇ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਕੀਤੀ ਹੋਈ ਹੈ । ਇਸ ਤੋਂ ਇਲਾਵਾ ਤਦ ਅਰਥ ਨਿਯੁਕਤੀਆਂ ਸਮੇਂ (ਨਾਨ-ਤਕਨੀਕੀ ਆਸਾਮੀਆਂ ਦੇ ਕੇਸਾਂ ਵਿਚ) ਇਸ ਗੱਲ ਦੀ ਪੁਸ਼ਟੀ ਕਰ ਲਈ ਜਾਇਆ ਕਰੇ ਕਿ ਉਮੀਦਵਾਰ ਨੇ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਕੀਤੀ ਹੋਈ ਹੈ ।

3. ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸ਼ਵਾਸਪਾਤਰ,

(ਆਰ.ਕੇ.ਜੈਨ)
ਉਪ-ਸਕੱਤਰ, ਸਿਖਿਆ ।

ਪਿੱਠ ਅੰਕਣ ਨੰ: 4/1/79-1 ਸਿ (95) /1057 ਮਿਤੀ, ਚੰਡੀਗੜ੍ਹ, 1ਅਪ੍ਰੈਲ 1980

ਇਸ ਦੀ ਇਕ ਕਾਪੀ ਸੂਚਨਾ ਅਤੇ ਯੋਗ ਕਾਰਵਾਈ ਲਈ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਸਕੱਤਰਾਂ, ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ।

2. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

(ਆਰ.ਕੇ.ਜੈਨ)
ਉਪ-ਸਕੱਤਰ, ਸਿਖਿਆ ।

ਪਿੱਠ ਅੰਕਣ ਨੰ: 4/1/79-1 ਸਿ (95) /1057 ਮਿਤੀ, ਚੰਡੀਗੜ੍ਹ, 1ਅਪ੍ਰੈਲ 1980

ਇਸ ਦੀ ਇਕ ਕਾਪੀ ਸੂਚਨਾ ਤੇ ਜ਼ਰੂਰੀ ਕਾਰਵਾਈ ਲਈ ਨਿਮਨ ਲਿਖਤ ਨੂੰ ਭੇਜੀ ਜਾਂਦੀ ਹੈ :-

1. ਸਕੱਤਰ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਰੋਜ਼ਗਾਰ ਵਿਭਾਗ, ਪੰਜਾਬ, ਚੰਡੀਗੜ੍ਹ ।

(ਆਰ.ਕੇ.ਜੈਨ)
ਉਪ-ਸਕੱਤਰ, ਸਿਖਿਆ ।

ਪਿੱਠ ਅੰਕਣ ਨੰ: 4/1/79-1 ਸਿ (95) /1057 ਮਿਤੀ, 1ਅਪ੍ਰੈਲ 1980

ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: ਪ੍ਰਚਾਲਣ 80/1455, ਮਿਤੀ 12 ਫਰਵਰੀ, 1980 ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ । ਸ੍ਰੀ ਹੁਕਮ ਸਿੰਘ, ਕਲਰਕ, ਪੰਜਾਬ ਸਿਵਲ ਸਕੱਤਰੇਤ ਅਤੇ ਸ੍ਰੀ ਗਿਆਨ ਚੰਦ ਵਰਮਾ, ਕਲਰਕ ਨਗਰ ਸੁਧਾਰ ਟਰੱਸਟ, ਅਬੋਹਰ ਦੀ ਪੰਜਾਬੀ ਪ੍ਰਬੋਧ ਦੀ ਪ੍ਰੀਖਿਆ ਦਾ ਨਤੀਜਾ ਕਢ ਦਿੱਤਾ ਜਾਵੇ ਜੀ।

(ਆਰ.ਕੇ.ਜੈਨ)
ਉਪ-ਸਕੱਤਰ, ਸਿਖਿਆ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

(TO BE PUBLISHED IN THE PUNJAB GOVERNMENT GAZETTE )

**GOVERNMENT OF PUNJAB**

**DEPARTMENT OF EDUCATION**

**NOTIFICATION**

Dated Chandigarh, the 18Oct. 1980

No. 4224-4/1/78-1Ed. (5) /3490 In exercise of the powers conferred by section 6-A of Punjab Official Language Act, 1967, (Punjab Act No. 5 of 1967), The Governor of Punjab is pleased to specify the First November, 1980, as the date for the purpose of the aforesaid section.

Mohan Singh

Commissioner & Secretary to Govt., Pb.

Department of Education .

No. 4224-4/1/78-1Ed. (5) /3491 Dated Chandigarh, the 18Oct., 1980.

A copy is forwarded for information and necessary action to all Heads of Departments, Commissioners of Divisions, Deputy Commissioners, District & Session Judges, Sub-Divisional Officers (Civil) in the State and the Registrar, Punjab High court, Chandigarh.

2. Kindly acknowledge receipt.

Sd/-

Deputy Secretary Education,

For Commissioner & Secretary to Govt., Pb.

Department of Education.

A copy is forwarded for information and necessary action to :-

1. All Financial Commissioners, Punjab.
2. All Administrative Secretaries to Govt. Punjab.

Kindly acknowledge receipt.

Deputy Secretary Education,

For Commissioner & Secretary to Govt., Pb.

Department of Education.

1. All Financial Commissioners, Punjab.
2. All Administrative Secretaries to Govt. Punjab.

U.O. No. 4224-4/1/78-1Ed. (5) / 3492 dated Chandigarh,25 Oct. 1981.

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਆਈ ਸੀ ਪੁਰੀ,

ਆਈ ਏ ਐਸ.

ਅ.ਸ.ਪੱਤਰ ਨੰ: 3/12/80-1 ਸਿ (5)2186

ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

ਮਿਤੀ ਅਗਸਤ 10, 1981

ਵਿਸ਼ਾ : ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ ।

ਸ੍ਰੀਮਾਨ ਜੀ,

ਪੰਜਾਬ ਰਾਜ ਵਿਚ ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਹੋਂਦ ਵਿਚ ਆਉਣ ਉਪਰੰਤ ਰਾਜ ਵਿਚ ਸਾਰੇ ਦਫ਼ਤਰੀ ਕੰਮ-ਕਾਜ ਲਈ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਹੋਇਆਂ 13 ਸਾਲ ਦਾ ਸਮਾਂ ਪੂਰਾ ਹੋ ਚੁੱਕਾ ਹੈ ਅਤੇ ਪੰਜਾਬੀ ਪ੍ਰਚਾਲਣ ਦੇ ਸਬੰਧ ਵਿਚ ਸਮੇਂ ਸਮੇਂ ਸਿਰ ਯੋਗ ਹਦਾਇਤਾਂ ਜਾਰੀ ਹੋਣ ਉਪਰੰਤ ਭੀ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਹੁਣ ਭੀ ਕਈ ਦਫ਼ਤਰਾਂ ਵਿਚ ਅਧਿਕਾਰੀਆਂ/ਕਰਮਚਾਰੀਆਂ ਵਲੋਂ ਆਪਣਾ ਦਫ਼ਤਰੀ ਕੰਮ ਕਾਜ ਅੰਗਰੇਜ਼ੀ ਵਿਚ ਹੀ ਕੀਤਾ ਜਾਂਦਾ ਹੈ, ਜਿਸ ਦਾ ਸਰਕਾਰ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ । ਸਰਕਾਰ ਦੇ ਗਸ਼ਤੀ ਪੱਤਰ ਨੰ: 4/2/79-1 ਸਿ. (5) / 1678, ਮਿਤੀ 12 ਅਪ੍ਰੈਲ, 1979 ਅਨੁਸਾਰ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਪਾਲਣਾ ਵਜੋਂ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ, 1966 ਦੇ ਨਿਯਮ 3, ਦੇ ਅਧਿਕਾਰ ਖੇਤਰ ਵਿਚ ਆਉਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸਰਵਿਸਜ਼ (ਦੰਡ ਤੇ ਅਪੀਲ ) ਰੂਲਜ਼, 1970 ਦੇ ਰੂਲ 5 ਅਧੀਨ ਕਰਨ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾ ਸਕਦਾ ਹੈ । ਇਸ ਲਈ ਭਵਿੱਖ ਵਿਚ ਰਾਜ ਭਾਸ਼ਾ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਇਨ੍ਹਾਂ ਰੂਲਾਂ ਅਧੀਨ ਅਨੁਸ਼ਾਸਨੀ ਕਾਰਵਾਈ ਕੀਤੀ ਜਾਇਆ ਕਰੇ ਤੇ ਇਨ੍ਹਾ ਹਦਾਇਤਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ । ਇਨ੍ਹਾਂ ਹਦਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਆਪ ਜੀ ਦੇ ਪ੍ਰਸ਼ਾਸਕੀ ਅਧਿਕਾਰ, ਹੇਠ ਸਮੂਹ ਵਿਭਾਗਾਂ, ਕਾਰਪੋਰੇਸ਼ਨਾਂ, ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਵਿਚ. ਸਾਰਾ ਕੰਮ ਕਾਜ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਪੰਜਾਬੀ ਵਿਚ ਹੋ ਰਿਹਾ ਹੈ ।

2. ਇਸ ਸਬੰਧ ਵਿਚ ਪਹਿਲਾਂ ਵਾਂਗ ਭਾਸ਼ਾ ਵਿਭਾਗ ਅਧਿਕਾਰੀਆਂ ਵਲੋਂ ਚੈਕਿੰਗ ਕੀਤੀ ਜਾਇਆ ਕਰੇਗੀ । ਉਨ੍ਹਾਂ ਵਲੋਂ ਸਰਕਾਰ ਦੀ ਪੰਜਾਬੀ ਪ੍ਰਚਾਲਣ ਸੰਬਧੀ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਕਿਸੇ ਅਧਿਕਾਰੀ / ਕਰਮਚਾਰੀ ਬਾਰੇ ਸੂਚਨਾ, ਜੋ ਆਪ ਜੀ ਦੇ ਨੋਟਿਸ ਵਿਚ ਲਿਆਂਦੀ ਜਾਵੇ, ਤਾਂ ਉਸ ਵਿਰੁੱਧ ਵੀ ਉਪਰੋਕਤ ਦੱਸੇ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਵੀ ਸੂਚਿਤ ਕੀਤਾ ਜਾਇਆ ਕਰੇ । ਭਾਸ਼ਾ ਵਿਭਾਗ ਦੇ ਚੈਕਿੰਗ ਕਰਨ ਵਾਲੇ ਅਧਿਕਾਰੀਆਂ ਨੂੰ ਚੈਕਿੰਗ ਸੰਬਧੀ ਕੋਈ ਔਕੜ ਪੇਸ਼ ਨਾ ਆਉਣ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇ । ਇਥੇ ਇਕ ਵਾਰ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਅਮਲ ਵਿਚ ਲਿਆਉਣਾ ਅਤੇ ਅਸਰਦਾਰ ਬਣਾਉਂਦੇ ਹੋਏ ਅਤੇ ਕੁਤਾਹੀਕਾਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨਾ ਆਪ ਜੀ ਦੀ ਨਿੱਜੀ ਜ਼ਿੰਮੇਵਾਰੀ ਹੈ ਅਤੇ ਜੇਕਰ ਇਸ ਸਬੰਧ ਵਿਚ ਕੋਈ ਅਣਗਹਿਲੀ ਪਾਈ ਗਈ ਤਾਂ ਸਰਕਾਰ ਉਸਦਾ ਗੰਭੀਰ ਨੋਟਿਸ ਲਵੇਗੀ । ਇਹ ਹਦਾਇਤਾਂ ਆਪ ਦੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ /ਕਰਮਚਾਰੀਆਂ ਦੇ ਨੋਟਿਸ ਵਿਚ ਦ੍ਰਿੜਤਾ ਸਹਿਤ ਲਾਗੂ ਕਰਨ ਅਤੇ ਅਗਾਂਵਾਈ ਹਿੱਤ ਲਿਆ ਦਿੱਤੀਆਂ ਜਾਣ ਜੀ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ਜੀ ।

ਹਿੱਤੂ

( ਆਈ . ਸੀ. ਪੁਰੀ )

1. ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ
2. ਸਮੂਹ ਵਿਭਾਗਾ ਦੇ ਮੁੱਖ ਅਧਿਕਾਰੀ ।

ਜੇ.ਪੀ. ਗੁਪਤਾ,
ਆਈ.ਏ.ਐਸ.

ਅ.ਸ.ਪੱਤਰ ਨੰ: 3/12/80- ਸਿ (5)
ਵਿੱਤੀ ਕਮਿਸ਼ਨਰ ਅਤੇ ਸਕੱਤਰ, ਪੰਜਾਬ
ਸਰਕਾਰ, ਸਿੱਖਿਆ ਵਿਭਾਗ ।
ਮਿਤੀ ਚੰਡੀਗੜ੍ਹ, ਨਵੰਬਰ 1981

ਵਿਸ਼ਾ : ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸ਼੍ਰੀ ਆਈ. ਸੀ. ਪੁਰੀ, ਆਈ. ਏ. ਐਸ. ਮੁੱਖ ਸਕੱਤਰ ਪੰਜਾਬ ਦੇ ਅ.ਸ.ਪ. ਨੰਬਰ 3/12/80- ਸਿ (5), 2186 ਮਿਤੀ 10-8-81 ਦੇ ਹਵਾਲੇ ਵਿਚ ।

ਸਰਕਾਰ ਵਲੋਂ ਸਮੇਂ ਸਮੇਂ ਤੇ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਪਾਲਣਾ ਕਰਨ ਵਾਸਤੇ ਹਦਾਇਤਾਂ ਜਾਰੀ ਹੁੰਦੀਆਂ ਰਹੀਆਂ ਹਨ ਕਿ ਪੰਜਾਬ ਦੇ ਦਫ਼ਤਰਾਂ ਵਿਚ ਅਤੇ ਕਾਰਪੋਰੇਸ਼ਨਾਂ ਆਦਿ ਵਿਚ ਸਾਰਾ ਦਫ਼ਤਰੀ ਕੰਮ ਪੰਜਾਬੀ ਵਿਚ ਕੀਤਾ ਜਾਵੇ । ਡਾਇਰੈਕਟਰ, ਭਾਸ਼ਾ ਵਿਭਾਗ ਦੀ ਚੈਕਿੰਗ ਦੀ ਰਿਪੋਰਟ ਹੈ ਕਿ ਅਜੇ ਤਕ ਸਾਰਾ ਕੰਮ ਪੰਜਾਬੀ ਵਿਚ ਨਹੀਂ ਹੋ ਰਿਹਾ । ਇਹ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਉਲੰਘਣਾ ਹੈ । ਇਸ ਬਾਰੇ ਆਪ ਨੂੰ ਮੁੱਖ ਸਕੱਤਰ ਜੀ ਵਲੋਂ ਆਪਣੇ ਅੱਧ ਸਰਕਾਰੀ ਪੱਤਰ ਮਿਤੀ 10 ਅਗਸਤ, 1981 ਜਿਸ ਦਾ ਕਿ ਹਵਾਲਾ ਇਸ ਪੱਤਰ ਵਿਚ ਦਿੱਤਾ ਹੋਇਆ ਹੈ ਵਿਚ ਵਿਸਥਾਰ ਪੂਰਵਕ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਬਾਰੇ ਅਤੇ ਜੋ ਕਰਮਚਾਰੀ ਇਸ ਦੀ ਉਲੰਘਣਾ ਕਰਦਾ ਹੈ, ਦੇ ਖਿਲਾਫ਼ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਰੂਲ 5 ਅਧੀਨ ਯੋਗ ਕਾਰਵਾਈ ਕਰਨ ਵਾਸਤੇ ਲਿਖਿਆ ਗਿਆ ਹੈ । ਮੈਂ ਆਪ ਦਾ ਅਤਿ ਧੰਨਵਾਦੀ ਹੋਵਾਂਗਾ ਜੇਕਰ ਆਪ ਇਸ ਕੰਮ ਵਿਚ ਨਿੱਜੀ ਧਿਆਨ ਦੇ ਕੇ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਵਾਉਣ ਬਾਰੇ ਉਚਿਤ ਕਦਮ ਉਠਾਉਣ ਅਤੇ ਕੀਤੀ ਕਾਰਵਾਈ ਤੋਂ ਇਸ ਵਿਭਾਗ ਨੂੰ ਸੂਚਿਤ ਕਰੋ ।

ਹਿੱਤੂ

( ਜੇ. ਪੀ . ਗੁਪਤਾ )

1. ਸਮੂਹ ਵਿੱਤ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ
2. ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ ।

ਨੰ: 4/1/79-1 ਸਿ (5) /313

ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸਿੱਖਿਆ ਸ਼ਾਖਾ-5

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ, ਜਨਵਰੀ 29, 1982

ਵਿਸ਼ਾ: ਪ੍ਰਸਾਸ਼ਨ ਵਿਚ ਪੰਜਾਬੀ ਦਾ ਪ੍ਰਚਾਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 3107- ਭਾਸ਼ਾ-1-68/21805, ਮਿਤੀ 29/7/68, ਵੱਲ ਦਿਵਾਉਣ ਦੀ ਹਦਾਇਤ ਹੋਈ ਹੈ । ਇਨ੍ਹਾਂ ਹਦਾਇਤਾਂ ਦੇ ਪੈਰਾ ੳ (1) ਵਿਚ ਸਾਰੀਆਂ ਨੌਕਰੀਆਂ ਲਈ ਹਰ ਉਮੀਦਵਾਰ ਨੂੰ ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰ ਵਿਦਿਅਕ ਯੋਗਤਾਵਾਂ ਪ੍ਰਾਪਤ ਕੀਤੀ ਹੋਣੀ ਜ਼ਰੂਰੀ ਹੈ । ਪੈਰਾ ੳ (2) ਵਿਚ ਇਸ ਗੱਲ ਦਾ ਸੰਕੇਤ ਕੀਤਾ ਹੈ ਕਿ ਜੇਕਰ ਕਿਸੇ ਉਮੀਦਵਾਰ ਪਾਸ ੳ (1) ਅਨੁਸਾਰ ਯੋਗਤਾ ਦਾ ਸਰਟੀਫਿਕੇਟ ਨਹੀਂ ਤਾਂ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਹੋਰ ਕੋਈ ਸੰਸਥਾ ਉਸ ਉਮੀਦਵਾਰ ਦੀ ਨਿਸ਼ਚਿਤ ਕੀਤੀ (ਪੰਜਾਬੀ ਮੈਟ੍ਰਿਕ) ਯੋਗਤਾ ਦਾ ਟੈਸਟ ਲਵੇਗੀ ।

2. ਸਰਕਾਰ ਨੌਕਰੀਆਂ ਵਿਚ ਕੰਮ ਕਰਦੇ ਕਰਮਚਾਰੀਆਂ ਦੀਆਂ ਪੰਜਾਬੀ ਦੀਆਂ ਯੋਗਤਾਵਾਂ ਬਾਰੇ ਅਤੇ ਅਗਾਂਹ ਲਈ ਸਰਕਾਰੀ ਨੌਕਰੀਆਂ ਵਿਚ ਭਰਤੀ ਹੋਣ ਵਾਲੇ ਕਰਮਚਾਰੀਆਂ ਬਾਰੇ ਵਿਚਾਰ ਕਰਦੀ ਰਹੀ ਹੈ । ਇਸ ਬਾਰੇ ਮੁੜ ਵਿਚਾਰ ਕਰਨ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਿਨ੍ਹਾਂ ਨੌਕਰੀਆਂ ਵਿਚ ਭਰਤੀ ਹੋਏ ਕਰਮਚਾਰੀਆਂ ਨੇ ਜਾਂ ਨੌਕਰੀਆਂ ਵਿਚ ਭਰਤੀ ਹੋਣ ਵਾਲੇ ਉਮੀਦਵਾਰ ਨੇ ਹਾਇਰ ਸੈਕੰਡਰੀ ਪਾਰਟ-2 ਦੀ ਪ੍ਰੀਖਿਆ ਵਿਚ ਪੰਜਾਬੀ ਵਿਸ਼ਾ ਪਾਸ ਕੀਤਾ ਹੋਇਆ ਹੈ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਲਈ ਮੈਟ੍ਰਿਕ ਪੱਧਰ ਦੀ ਪੰਜਾਬੀ ਵਿਸ਼ੇ ਵਿਚ ਪ੍ਰੀਖਿਆ ਪਾਸ ਸਮਝਿਆ ਜਾਵੇਗਾ ।

3. ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,

ਸਹੀ/-

**( ਰ.ਕ.ਜੈਨ)**

ਉਪ-ਸਕੱਤਰ, ਸਿੱਖਿਆ

ਨੰ: 4/1/79-1 ਸਿ (5) /314 ਮਿਤੀ, ਚੰਡੀਗੜ੍ਹ 29/1/1982

ਇਸ ਦੀ ਇਕ ਨਕਲ ਕਾਰਵਾਈ ਲਈ ਹੇਠ ਅਨੁਸਾਰ ਭੇਜੀ ਜਾਂਦੀ ਹੈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ।
2. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ।
4. ਚੇਅਰਮੈਨ, ਪੰਜਾਬ ਰਾਜ ਬਿਜਲੀ ਬੋਰਡ, ਪੰਜਾਬ, ਚੰਡੀਗੜ੍ਹ ।
5. ਪੰਜਾਬ ਸਰਕਾਰ ਅਧੀਨ ਸਮੂਹ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰ ।

ਸਹੀ/-

**( ਰ.ਕ.ਜੈਨ)**

ਉਪ-ਸਕੱਤਰ, ਸਿੱਖਿਆ

ਨੰ: 4/1/79-1 ਸਿ (5) /315 ਮਿਤੀ, ਚੰਡੀਗੜ੍ਹ 29/1/1982

ਇਸ ਦੀ ਇਕ ਨਕਲ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿਤ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਹਿਤ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

2. ਇਸ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਸਹੀ/-

**( ਰ.ਕ.ਜੈਨ)**

ਉਪ-ਸਕੱਤਰ, ਸਿੱਖਿਆ

# THE PUNJAB OFFICIAL LANGUAGE (AMENDMENT) ACT 1982

## PUNJAB ACT NO. 12 OF 1982

[Received the assent of the Governor of Punjab on the 12th April, 1982 and was fist published in the *Punjab Government gazette (Extraordinary)* dated the 23rd April, 1982.]*

*An Act to amend the Punjab Official Language Act, 1967.*

Be it enacted by the Legislature of the State of Punjab in Thirty-third Year of the Republic of India as follows :-

1. This Act may be called the Punjab official Language (Amendment) Act, 1982 — Short title

2. In the Punjab Official Language Act, 1967, In Section 6-A, after clause (a), the following clauses shall be inserted namely :- — Amendment of section-6A Punjab Act 5 of 1967

"(aa) of any Central Act enacted before the commencement of the Constitution, with respect to any of the matters enumerated in List II of the Seventh Schedule to the Constitution;

(aaa) of any Central Act passed under Article 252 of the Constitution."

* For Statement of Objects and Reasons see Punjab Government Gazette (Extraordinary), 1982 page 208.

ਨੰ: ਪ੍ਰਚਾਲਣ-82/18671-18771

ਵਲੋਂ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ।

ਸੇਵਾ ਵਿਚ,

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ / ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਉਪ-ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ਪਟਿਆਲਾ,9-8-82

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ, ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ- ਸਰਵਿਸ ਰੂਲਾਂ ਵਿਚ ਉਪਬੰਧ ਕਰਨ ਬਾਰੇ ।

ਸ੍ਰੀਮਾਨ ਜੀ ,

(1) ਨੰ: 5800/1 / ਭਾਸ਼ਾ 69/1766 ਮਿਤੀ 21-7-82, 2- ਨੰ: 94 /ਭਾਸ਼ਾ 70/140 ਮਿਤੀ 6-1-71 3- ਨੰ: 1946/1-74/29/98 ਮਿਤੀ 24-10-74

ਉਪਰੋਕਤ ਵਿਸ਼ੇ ਉੱਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 801-ਭਾਸ਼ਾ-69/7199 ਮਿਤੀ 12-3-69 (ਤੁਰੰਤ ਹਵਾਲੇ ਲਈ ਉਤਾਰਾ ਨੱਥੀ ਹੈ) ਅਤੇ ਮਾਰਜਨ ਵਿਚ ਦਰਜ ਚਿਤਾਵਨੀ ਪੱਤਰਾਂ ਵੱਲ ਦਿਵਾਇਆ ਜਾਂਦਾ ਹੈ । ਇਨ੍ਹਾਂ ਪੱਤਰਾਂ ਰਾਹੀਂ ਲਿਖਿਆ ਗਿਆ ਸੀ ਕਿ ਸਮੂਹ ਵਿਭਾਗਾਂ ਦੇ ਮੁੱਖੀ ਸਰਕਾਰ ਦੇ ਗਸ਼ਤੀ ਪੱਤਰ ਨੰ: 3107-1 ਭਾਸ਼ਾ-69/21805 ਮਿਤੀ 29-7-68 ਅਨੁਸਾਰ ਆਪਣੇ ਆਪਣੇ ਵਿਭਾਗਾਂ ਦੇ ਅਮਲੇ ਦੇ ਸਰਵਿਸ ਰੂਲਾਂ ਵਿਚ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਦੀ ਸ਼ਰਤ ਦਾ ਉਪਬੰਧ ਕਰਨ ।

2. ਪਰ ਇਹ ਵੇਖਣ ਵਿਚ ਆਇਆ ਹੈ ਕਿ ਕਈ ਵਿਭਾਗਾਂ/ਕਾਰਪੋਰੇਸ਼ਨਾਂ/ਬੋਰਡਾਂ/ਫੈਡਰੇਸ਼ਨਾਂ ਆਦਿ ਨੇ ਅਜੇ ਤਕ ਆਪਣੇ ਸੇਵਾ ਨਿਯਮਾਂ ਵਿਚ ਲੋੜੀਂਦਾ ਦਾ ਉਪਬੰਧ ਨਹੀਂ ਕਰਵਾਇਆ ਅਤੇ ਅਜਿਹੇ ਵਿਅਕਤੀਆਂ ਨੂੰ ਸੇਵਾ ਵਿਚ ਭਰਤੀ ਕਰ ਲਿਆ ਜਾਂਦਾ ਹੈ, ਜਿਨ੍ਹਾਂ ਪਾਸ ਸਰਕਾਰੀ ਹਦਾਇਤਾਂ ਅਨੁਸਾਰ ਪੰਜਾਬੀ ਦੀ ਯੋਗਤਾ ਨਹੀਂ ਹੁੰਦੀ ।

3. ਕਿਰਪਾ ਕਰਕੇ ਇਸ ਪੱਤਰ ਦੀ ਪ੍ਰਾਪਤੀ ਤੋਂ ਦਸ ਦਿਨਾਂ ਦੇ ਅੰਦਰ ਅੰਦਰ ਇਸ ਵਿਭਾਗ ਨੂੰ ਸੂਚਿਤ ਕੀਤਾ ਜਾਵੇ ਕਿ ਆਪ ਦੇ ਵਿਭਾਗ ਦੇ ਸੇਵਾ ਨਿਯਮਾਂ ਵਿਚ ਉਕਤ ਅਨੁਸਾਰ ਉਪਬੰਧ ਕਰਵਾਇਆ ਜਾ ਚੁੱਕਾ ਹੈ ਜਾਂ ਨਹੀਂ ਜੇ ਅਜੇ ਤਕ ਆਪ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦਾ ਕਾਰਣ ਦੱਸਦੇ ਹੋਏ ਵਿਸਤ੍ਰਿਤ ਉਤਰ ਭੇਜਣ ਦੀ ਖੇਚਲ ਕਰਨੀ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ।

ਪਿੱਠ ਅੰਕਣ ਨੰ: ਪ੍ਰਚਾਲਣ -82/..............ਮਿਤੀ, ਪਟਿਆਲਾ, ਜੁਲਾਈ, 1982

ਉਤਾਰਾ :-1. ਸਮੂਹ ਕਮਿਸ਼ਨਰਾਂ/ਵਿੱਤੀ ਕਮਿਸ਼ਨਰਾਂ, ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ, ਚੰਡੀਗੜ੍ਹ ।

2. ਚੇਅਰਮੈਨ/ਮੈਨੇਜਿੰਗ ਡਾਇਰੈਕਟਰ ......................
.........ਨੂੰ ਲੋੜੀਂਦੀ ਸੂਚਨਾ ਭੇਜਣ ਹਿੱਤ ।

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ ।

ਕੇ. ਡੀ. ਵਾਸੁਦੇਵਾ,
ਆਈ.ਏ.ਐਸ. ਅ.ਸ.ਪੱਤਰ ਨੰ: 3/12/80-1 ਸਿ (5) /3280

ਮੁੱਖ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ, ਅਗਸਤ, 25, 1982

ਵਿਸ਼ਾ : ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਸਬੰਧੀ ।

ਸ੍ਰੀਮਾਨ ਜੀ,

ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਹੋਂਦ ਵਿਚ ਆਉਣ ਉਪਰੰਤ ਪੰਜਾਬ ਰਾਜ ਦੇ ਸਾਰੇ ਦਫ਼ਤਰਾਂ ਵਿਚ ਕੰਮ ਕਾਜ ਕਰਨ ਲਈ ਪੰਜਾਬੀ ਭਾਸ਼ਾ ਨੂੰ ਅਪਣਾਇਆ ਗਿਆ ਹੈ । ਇਸ ਐਕਟ ਨੂੰ ਲਾਗੂ ਹੋਏ 13 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਅਤੇ ਪੰਜਾਬੀ ਪ੍ਰਚਾਲਣ ਦੇ ਸਬੰਧ ਵਿਚ ਸਮੇਂ ਸਿਮੇਂ ਸਿਰ ਯੋਗ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਇਸ ਤੋਂ ਇਲਾਵਾ ਸਰਕਾਰ ਦੇ ਗਸ਼ਤੀ ਪੱਤਰ ਨੰ: 4/2/79-1 ਸਿ 5/1678, ਮਿਤੀ 12 ਅਪ੍ਰੈਲ, 1979, ਤੇ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਪਾਲਣਾ ਵਜੋਂ ਪੰਜਾਬੀ ਪ੍ਰਚਾਲਣ ਬਾਰੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ 1966 ਦੇ ਨਿਯਮ-3 ਦੇ ਅਧਿਕਾਰ ਖੇਤਰ ਵਿਚ ਹੋਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸਰਵਿਸਿਜ਼ (ਦੰਡ ਅਤੇ ਅਪੀਲ) ਰੂਲਜ਼, 1970 ਦੇ ਰੂਲਜ਼ ਅਧੀਨ ਕਰਨ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾ ਸਕਦਾ ਹੈ । ਇਸ ਦੇ ਬਾਵਜੂਦ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਪੰਜਾਬ ਦੇ ਦਫ਼ਤਰਾਂ ਵਿਚ ਕੰਮ-ਕਾਜ ਪੰਜਾਬੀ ਵਿਚ ਨਹੀਂ ਕੀਤਾ ਜਾਂਦਾ ਹੈ ਸਰਕਾਰ ਇਸ ਦਾ ਗੰਭੀਰ ਨੋਟਿਸ ਲੈਂਦੀ ਹੈ ਅਤੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਪੰਜਾਬ ਦੇ ਦਫ਼ਤਰਾਂ ਵਿਚ ਸਾਰਾ ਕੰਮ ਪੰਜਾਬੀ ਵਿਚ ਕੀਤਾ ਜਾਵੇ ਤੇ ਅਤੇ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਦੇ ਖ਼ਿਲਾਫ਼ ਜ਼ਰੂਰੀ ਰੂਲਾਂ ਅਤੇ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ । ਇਹ ਹਦਾਇਤਾਂ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ /ਕਰਮਚਾਰੀਆਂ ਦੇ ਨੋਟਿਸ ਵਿਚ ਦਰਿੜਤਾ ਨਾਲ ਲਾਗੂ ਕਰਨ ਅਤੇ ਅਗਵਾਈ ਹਿਤ ਲਿਆ ਦਿੱਤੀਆਂ ਜਾਣ ।

2. ਉਪਰੋਕਤ ਤੋਂ ਇਲਾਵਾ ਆਪ ਜੀ ਦੇ ਪ੍ਰਸ਼ਾਸਕੀ ਅਧਿਕਾਰੀ ਹੇਠ ਕਾਰਪੋਰੇਸ਼ਨਾਂ ਅਤੇ ਬੋਰਡਾਂ ਅਤੇ ਗੈਰ ਅਧ ਸਰਕਾਰੀ ਸੰਸਥਾਵਾਂ ਨੂੰ ਵੀ ਇਹ ਹਦਾਇਤ ਕੀਤੀ ਜਾਵੇ ਕਿ ਉਨ੍ਹਾਂ ਦਫ਼ਤਰਾਂ ਵਿਚ ਵੀ ਪੰਜਾਬ ਸਰਕਾਰ ਦੇ ਦਫ਼ਤਰਾਂ ਵਾਂਗ ਪੰਜਾਬੀ ਵਿਚ ਕੰਮ-ਕਾਜ ਕੀਤਾ ਜਾਵੇ ।

3. ਇਸ ਸਬੰਧ ਵਿਚ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਚੈਕਿੰਗ ਕੀਤੀ ਜਾਇਆ ਕਰੇਗੀ । ਉਨ੍ਹਾਂ ਵਲੋਂ ਸਰਕਾਰ ਦੀ ਪੰਜਾਬੀ ਪ੍ਰਚਲਣ ਸਬੰਧੀ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਕਿਸੇ ਅਧਿਕਾਰੀ / ਕਰਮਚਾਰੀ ਦੀ ਸੂਚਨਾ ਜੋ ਆਪ ਜੀ ਦੇ ਨੋਟਿਸ ਵਿਚ ਲਿਆਂਦੀ ਜਾਵੇ ਤਾਂ ਉਸ ਵਿਰੁੱਧ ਵੀ ਉਪਰੋਕਤ ਦੱਸੇ ਅਨੁਸਾਰ ਕਾਰਵਾਈ ਕੀਤੀ ਜਾਵੇ । ਭਾਸ਼ਾ ਵਿਭਾਗ ਦੇ ਚੈਕਿੰਗ ਕਰਨ ਵਾਲੇ ਅਧਿਕਾਰੀਆਂ ਨੂੰ ਚੈਕਿੰਗ ਸਬੰਧੀ ਜੋ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਉਸ ਦੇ ਬਾਰੇ ਉਨ੍ਹਾਂ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇ ।

4. ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜਣ ਦੀ ਖੇਚਲ ਕੀਤੀ ਜਾਵੇ ।

ਹਿੱਤੂ,

( ਕੇ . ਡੀ. ਵਾਸੁਦੇਵਾ)

ਸੇਵਾ ਵਿਖੇ

ਸ੍ਰੀ ਪ੍ਰਤਾਪ ਸਿੰਘ ਕੈਂਥਲ,
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ।
ਪਟਿਆਲਾ ।

ਨੰ: 4/1/79- 1 ਸਿ (5) / 3291

ਪੰਜਾਬ ਸਰਕਾਰ,
ਸਿੱਖਿਆ ਵਿਭਾਗ,
ਸਿੱਖਿਆ ਸ਼ਾਖਾ-5

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਖੇ,

ਪੰਜਾਬ ਦੇ ਸਮੂਹ ਵਿਭਾਗਾ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ 26 ਅਗਸਤ, 1982

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਲਣ-ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

*********

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 3107-1 ਭਾਸ਼ਾ - 68/21805, ਮਿਤੀ 29/7/68 ਅਤੇ ਪੱਤਰ ਨੰ: 1588-1 ਭਾਸ਼ਾ 70/11557 ਮਿਤੀ 7-5-1970 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ । ਮਿਤੀ 29-7-68 ਦੀਆਂ ਹਦਾਇਤਾਂ ਦੇ ਪੈਰਾ ੳ (1) ਵਿਚ ਸਾਰੀਆਂ ਨੌਕਰੀਆਂ ਲਈ ਹਰ ਉਮੀਦਵਾਰ ਨੂੰ ਪੰਜਾਬੀ ਵਿਚ  ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਸਟੈਂਡਰਡ ਦੀ ਵਿਦਿਅਕ ਯੋਗਤਾ ਪ੍ਰਾਪਤ ਹੋਣੀ ਜ਼ਰੂਰੀ ਹੈ । ਪੈਰਾ ੳ (2) ਵਿਚ ਇਸ ਗੱਲ ਦਾ ਸੰਕੇਤ ਹੈ ਕਿ ਜੇਕਰ ਉਮੀਦਵਾਰ ਪਾਸ ੳ (1) ਅਨੁਸਾਰ ਯੋਗਤਾ ਦਾ ਸਰਟੀਫਿਕੇਟ ਨਹੀਂ ਤਾਂ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਹੋਰ ਕੋਈ ਸੰਸਥਾ ਉਸ ਉਮੀਦਵਾਰ ਦਾ ਨਿਸ਼ਚਿਤ (ਪੰਜਾਬੀ ਮੈਟ੍ਰਿਕ) ਯੋਗਤਾ ਦਾ ਟੈਸਟ ਲਵੇਗੀ । ਮਿਤੀ 7-5-1970 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੇਵਲ  ਤਕਨੀਕੀ ਆਸਾਮੀ ਦਾ ਭਰਤੀ ਦੀ ਚੋਣ ਸਮੇਂ ਪੰਜਾਬੀ

ਯੋਗਤਾ ਦੀ ਸ਼ਰਤ ਨੂੰ ਇਸ ਹੱਦ ਤਕ ਨਰਮ ਕਰ ਦਿੱਤਾ ਗਿਆ ਸੀ ਕਿ ਚੁਣੇ ਹੋਏ ਉਮੀਦਵਾਰ ਛੇ ਮਹੀਨੇ ਦੇ ਅੰਦਰ ਅੰਦਰ ਨਿਸ਼ਚਿਤ ਕੀਤੀ ਯੋਗਤਾ ਦਾ ਟੈਸਟ ਪਾਸ ਕਰਨਗੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਸੇਵਾ ਮੁਕਤ ਕਰ ਦਿੱਤਾ ਜਾਵੇਗਾ ।

2. ਸਰਕਾਰ ਦੇ ਨੋਟਿਸ ਵਿਚ ਲੋਕ ਸੇਵਾ ਕਮਿਸ਼ਨ ਪੰਜਾਬ ਨੇ ਇਹ ਲਿਆਂਦਾ ਹੈ ਕਿ ਇਨ੍ਹਾਂ ਹਦਾਇਤਾਂ ਦੀ ਇਨ ਬਿਨ ਪਾਲਣਾ ਨਹੀਂ ਕੀਤੀ ਜਾ ਰਹੀ । ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਸਖਤੀ ਨਾਲ ਕਰਨ ਦੀ ਮੁੜ ਹਦਾਇਤ ਕੀਤੀ ਜਾਂਦੀ ਹੈ ਅਤੇ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਵਲੋਂ ਇਸ ਸ਼ਰਤ ਤੇ ਕੀਤੀ ਗਈ ਸੀ ਕਿ ਤਕਨੀਕੀ ਆਸਾਮੀਆਂ ਤੇ ਨਿਯੁਕਤੀ ਹੋਣ ਉਪਰੰਤ 6 ਮਹੀਨੇ ਦੇ ਅੰਦਰ ਅੰਦਰ ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਕਰਨਗੇ ਅਤੇ ਇਹ ਸ਼ਰਤ ਪੂਰੀ ਨਹੀਂ ਕੀਤੀ ਗਈ। ਉਨ੍ਹਾਂ ਦਾ ਪੂਰਾ ਪੂਰਾ ਵੇਰਵਾ ਅਤੇ ਕਾਰਨ ਦੱਸੇ ਜਾਣ, ਜਿਸ ਕਰਕੇ ਉਨ੍ਹਾਂ ਨੂੰ ਸੇਵਾ ਮੁਕਤ ਨਹੀਂ ਕੀਤਾ ਗਿਆ । ਇਸ ਸਬੰਧ ਵਿਚ ਜਿਹੜੇ ਅਧਿਕਾਰੀ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੋਂ ਅਸਮਰਥ ਰਹੇ ਹਨ, ਉਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੇ ਖਿਲਾਫ ਕੀਤੀ ਕਾਰਵਾਈ ਦੀ ਸੂਚੀ ਦਿੱਤੀ ਜਾਵੇ ।

ਵਿਸ਼ਵਾਸਪਾਤਰ,

(ਰ.ਕ.ਜੈਨ)

ਉਪ ਸਕੱਤਰ ਸਿੱਖਿਆ-1

25-8-1982

ਪਿੱਠ ਅੰਕਣ ਨੰ: 4/1/79-1 ਸਿ (5) / 3292 ਮਿਤੀ ਅਗਸਤ, 26, 1982

ਉਤਾਰਾ ਹੇਠ ਅਨੁਸਾਰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਸੈਕਸ਼ਨ ਅਫਸਰ, ਜਨਰਲ ਅਮਲਾ ਸ਼ਾਖਾ ਨੂੰ ਉਨ੍ਹਾਂ ਦੇ ਗ.ਸ.ਪ. ਨੰ: 10/43/81-ਜੀ ਈ., ਮਿਤੀ 2-3-1982 ਦੇ ਹਵਾਲੇ ਵਿਚ ।

(2) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: ਪ੍ਰੀਖਿਆ -81/107, ਮਿਤੀ 25-5-1982 ਦੇ ਹਵਾਲੇ ਵਿਚ ।

ਸੁਪਰਡੈਂਟ ਸਿੱਖਿਆ-5

**ਨੰ: ਪਰੀਖਿਆ-83/ 2593-2692, 2721-2735**

ਵਲੋਂ

ਡਾਇਰੈਕਟਰ , ਭਾਸ਼ਾ ਵਿਭਾਗ, ਪੰਜਾਬ ।

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਮੰਡਲਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਸੈਸ਼ਨ ਜੱਜ ਅਤੇ ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ।

ਮਿਤੀ, ਪਟਿਆਲਾ 10 ਫਰਵਰੀ, 1983

ਵਿਸ਼ਾ : **ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਨ- ਪੰਜਾਬੀ ਦੀ ਦਸਵੀਂ ਪੱਧਰ ਦੀ ਵਿਭਾਗੀ ਪਰੀਖਿਆ ਬਾਰੇ ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਉੱਤੇ ਪੰਜਾਬ ਦੇ ਗਸ਼ਤੀ ਪੱਤਰ ਨੰ: 1588-ਭਾਸ਼ਾ-1 70/11557 ਮਿਤੀ 7 ਮਈ, 1970 ਨੂੰ ਧਿਆਨ ਵਿਚ ਰਖਦਿਆਂ ਇਸ ਵਿਭਾਗ ਵਲੋਂ ਪੰਜਾਬ ਸਰਕਾਰ ਦੇ ਉਨ੍ਹਾਂ ਮੁਲਾਜ਼ਮਾਂ ਦੀ ਦਸਵੀਂ ਪੱਧਰ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ ਲਈ ਜਾਂਦੀ ਹੈ ਜੋ ਖ਼ਾਲਸ ਤਕਨੀਕੀ ਆਸਾਮੀਆਂ ਉੱਤੇ ਨਿਯੁਕਤ ਕੀਤੇ ਜਾਂਦੇ ਹਨ ਅਤੇ ਚੋਣ ਸਮੇਂ ਜਿਨ੍ਹਾਂ ਪਾਸ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਨਹੀਂ ਹੁੰਦੀ ਅਜਿਹੇ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਵਿਚ ਨਿਯੁਕਤੀ ਤੋਂ 6 ਮਹੀਨੇ ਦੇ ਅੰਦਰ ਅੰਦਰ ਦਸਵੀਂ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਲਾਜ਼ਮੀ ਤੌਰ ਤੇ ਪਾਸ ਕਰਨ ਦੀ ਸ਼ਰਤ ਲਾਈ ਜਾਂਦੀ ਹੈ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦੀ ਦੀਆਂ ਸੇਵਾਵਾਂ ਮੁਕਤ ਕੀਤੀਆਂ ਜਾਣੀਆਂ ਹੁੰਦੀਆਂ ਹਨ। ਇਹ ਵੇਖਣਾ ਸਬੰਧਤ ਦਫਤਰ/ਵਿਭਾਗ ਦੇ ਮੁੱਖੀ ਦੀ ਜ਼ਿੰਮੇਵਾਰੀ ਹੈ ਕਿ ਜਿਨ੍ਹਾਂ ਤਕਨੀਕੀ ਕਰਮਚਾਰੀਆਂ ਉੱਤੇ ਨਿਯੁਕਤੀ ਤੋਂ 6 ਮਹੀਨਿਆਂ ਦੇ ਅੰਦਰ ਅੰਦਰ ਦਸਵੀਂ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਦੀ ਸ਼ਰਤ ਹੈ, ਉਹ ਸਮੇਂ ਸਿਰ ਯੋਗਤਾ ਪ੍ਰਾਪਤ ਕਰ ਲੈਣ । ਖ਼ਾਲਸ ਤਕਨੀਕੀ ਆਸਾਮੀਆਂ ਉੱਤੇ ਨਿਯੁਕਤ ਕਰਮਚਾਰੀਆਂ ਤੋਂ ਬਿਨਾਂ ਵਰਗ ਚਾਰ ਦੇ ਕਰਮਚਾਰੀਆਂ ਅਤੇ ਦੂਜੇ ਅਜਿਹੇ ਨਾਨ- ਕਲੈਰੀਕਲ ਕਰਮਚਾਰੀਆਂ ਨੂੰ ਵੀ ਇਸ ਪ੍ਰੀਖਿਆ ਵਿਚ ਬੈਠਣ ਦੀ ਆਗਿਆ ਦਿੱਤੀ ਜਾਂਦੀ ਹੈ ਜਿਨ੍ਹਾਂ ਲਈ ਨੌਕਰੀ ਦੇ ਦੌਰਾਨ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਜ਼ਰੂਰੀ ਹੈ । ਪਹਿਲਾਂ ਇਹ ਪ੍ਰੀਖਿਆਵਾਂ ਹਰ ਤਿਮਾਹੀ 5 ਜਨਵਰੀ, 5 ਅਪ੍ਰੈਲ, 5 ਜੁਲਾਈ ਅਤੇ 5 ਅਕਤੂਬਰ ਨੂੰ ਪਟਿਆਲਾ ਵਿਖੇ ਲਈਆਂ ਜਾਂਦੀਆਂ ਸਨ ।

ਹੁਣ ਵਿਭਾਗ ਨੇ ਇਹ ਪ੍ਰੀਖਿਆਵਾਂ ਉਕਤ ਮਿਤੀਆਂ ਦੀ ਬਜਾਏ ਹਰ ਸਾਲ 15 ਮਾਰਚ, 15 ਜੂਨ, 15 ਸਤੰਬਰ ਅਤੇ 15 ਦਸੰਬਰ ਨੂੰ ਲੈਣ ਦਾ ਫ਼ੈਸਲਾ ਕੀਤਾ ਹੈ । ਇਸ ਪ੍ਰੀਖਿਆ ਲਈ ਨਿਸ਼ਚਿਤ ਬਿਨੈ ਪੱਤਰ ਨਿਮਨ ਹਤਸਤਾਖਰਤ ਦੇ ਦਫ਼ਤਰ ਵਿਚੋਂ ਮੁਫ਼ਤ ਪ੍ਰਾਪਤ ਕੀਤਾ ਜਾ ਸਕਦਾ ਹੈ । ਇਹ ਬਿਨੈ-ਪੱਤਰ ਪਹਿਲੀ ਮਾਰਚ, ਪਹਿਲੀ ਜੂਨ, ਪਹਿਲੀ ਸਤੰਬਰ ਅਤੇ ਪਹਿਲੀ ਦਸੰਬਰ ਤੱਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਦਫ਼ਤਰ ਵਿਚ ਪੁੱਜਣੇ ਚਾਹੀਦੇ ਹਨ ।

ਕਿਰਪਾ ਕਰਕੇ ਇਹ ਹਦਾਇਤਾਂ ਸਮੂਹ ਅਮਲੇ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ ਅਤੇ ਇਸ ਪੱਤਰ ਦੀ ਪਹੁੰਚ ਭੇਜੀ ਜਾਵੇ ।

ਵਿਸ਼ਵਾਸਪਾਤਰ,

**(ਕਪੂਰ ਸਿੰਘ ਘੁੰਮਣ)**

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਕੇ.ਸ਼੍ਰੀ. ਵਾਸੁਦੇਵਾ

ਆਈ.ਏ.ਐਸ — ਅ.ਸ.ਪ. ਨੰ: 3/12/80- ਸਿ (5)/692

ਮੁੱਖ ਸਕੱਤਰ, ਪੰਜਾਬ ਸਰਕਾਰ। — ਮਿਤੀ, ਚੰਡੀਗੜ੍ਹ 3 ਮਾਰਚ, 1983

**ਵਿਸ਼ਾ : ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਬਾਰੇ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੇਰੇ ਅ.ਸ. ਪੱਤਰ ਨੰ: 3/12/80-1 ਸਿ (5)/3280 ਮਿਤੀ 25 ਅਗਸਤ, 1982 ਵੱਲ ਧਿਆਨ ਦੇਣ ਦੀ ਖੇਚਲ ਕਰਨਾ।

2. ਉਪਰੋਕਤ ਦਰਸਾਏ ਅੱਧ ਸਰਕਾਰੀ ਪੱਤਰ ਵਿਚ ਆਪ ਜੀ ਨੂੰ ਪੰਜਾਬੀ ਭਾਸ਼ਾ ਦੀ ਪੰਜਾਬ ਦੇ ਦਫ਼ਤਰਾਂ ਵਿਚ ਵਰਤੋਂ ਸਬੰਧੀ ਪੰਜਾਬ ਰਾਜ ਭਾਸ਼ਾ ਐਕਟ, 1967 ਦਾ ਉਪਬੰਧ ਅਤੇ ਇਸ ਦੀ ਨਾ ਪਾਲਣਾ ਕਰਨ ਵਾਲੇ ਕਰਮਚਾਰੀਆਂ ਨੂੰ ਆਚਰਨ ਨਿਯਮ 1966 ਨਿਯਮ 3 ਦੇ ਅਧਿਕਾਰ ਖੇਤਰ ਵਿਚ ਲਿਆਉਂਦੇ ਹੋਏ ਰੂਲ 5 ਅਧੀਨ ਕਾਰਵਾਈ ਕਰਨ ਬਾਰੇ ਸਪਸ਼ਟੀਕਰਨ ਦਿੱਤਾ ਗਿਆ ਸੀ। ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਅਨੁਸਾਰ ਪਹਿਲੀ ਜਨਵਰੀ, 1968 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਪੰਜਾਬੀ ਦਫ਼ਤਰੀ ਭਾਸ਼ਾ ਲਾਗੂ ਕੀਤੀ ਗਈ ਸੀ ਅਤੇ 13 ਅਪ੍ਰੈਲ, 1968 ਤੋਂ ਪੰਜਾਬ ਦੇ ਰਾਜ ਪੱਧਰ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ ਗਈ ਸੀ। ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਵਾਸਤੇ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਅਤੇ ਭਾਸ਼ਾ ਵਿਭਾਗ ਦੇ ਅਫ਼ਸਰਾਂ ਵਲੋਂ ਸਮੇਂ ਸਮੇਂ ਸਿਰ ਦਫ਼ਤਰਾਂ ਦੀ ਪੜਤਾਲ ਕਰਕੇ ਵਿਭਾਗਾਂ ਦੇ ਮੁਖੀਆਂ ਦੇ ਨੋਟਿਸ ਵਿਚ ਇਹੋ ਜਿਹੇ ਕਰਮਚਾਰੀਆਂ ਦੇ ਨਾਮ ਲਿਆਂਦੇ ਗਏ, ਜੋ ਦਫ਼ਤਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਸਨ ਅਤੇ ਕੀਤੀ ਗਈ ਕਾਰਵਾਈ ਦੀ ਪੁੱਛੀ ਗਈ।

3. ਉਪਰ ਦੱਸੀਆਂ ਹਦਾਇਤਾਂ ਅਤੇ ਉਪਰਾਲੇ ਦੇ ਬਾਵਜੂਦ ਵੀ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਇਸ ਵੇਲੇ ਵੀ ਸਰਕਾਰੀ ਦਫ਼ਤਰਾਂ ਵਿਚ ਇਸ ਤਰ੍ਹਾਂ ਦੇ ਕਰਮਚਾਰੀ ਹਨ, ਜਿਹੜੇ ਕਿ ਪੰਜਾਬੀ ਭਾਸ਼ਾ ਸਰਕਾਰੀ ਕੰਮ ਵਿਚ ਨਹੀਂ ਵਰਤਦੇ ਅਤੇ ਉਨ੍ਹਾਂ ਦਾ ਧਿਆਨ ਉਪਰ ਲਿਖੀਆਂ ਹਦਾਇਤਾਂ ਵੱਲ ਦਿਵਾਉਣਾ ਬਹੁਤ ਜ਼ਰੂਰੀ ਹੈ। ਜੇਕਰ ਇਸ ਦੇ ਬਾਵਜੂਦ ਵੀ ਇਹ ਅਧਿਕਾਰੀ ਸਰਕਾਰੀ ਭਾਸ਼ਾ ਦਾ ਇਸਤੇਮਾਲ ਨਾ ਕਰਨ ਤਾਂ ਉਨ੍ਹਾਂ ਦੇ ਖ਼ਿਲਾਫ਼ ਆਚਰਨ ਨਿਯਮਾਂ ਦੇ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ।

4. ਮੈਂ ਇਕ ਵਾਰ ਫਿਰ ਆਪ ਨੂੰ ਇਸ ਬਾਰੇ ਸਪੱਸ਼ਟ ਤੌਰ ਤੇ ਲਿਖ ਰਿਹਾ ਹਾਂ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ ਅਤੇ ਪੰਜਾਬ ਸਰਕਾਰ ਦੇ ਅਧਿਕਾਰ ਵਿਚ ਜਿਹੜੀਆਂ ਕਾਰਪੋਰੇਸ਼ਨਾਂ ਬੋਰਡਾਂ ਅਤੇ ਹੋਰ ਅੱਧ ਸਰਕਾਰੀ ਸੰਸਥਾਵਾਂ ਹਨ,

ਉਨ੍ਹਾਂ ਵਿਚ ਵੀ ਕੰਮ ਕਾਜ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ । ਇਸ ਤੋਂ ਇਲਾਵਾ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਜਿਹੜੇ ਗਸ਼ਤੀ ਪੱਤਰ ਜ਼ਿਲ੍ਹਾ ਪੱਧਰ ਦੇ ਦਫ਼ਤਰਾਂ ਨੂੰ ਸਰਕਾਰ ਵਲੋਂ ਭੇਜੇ ਜਾਣ, ਉਹ ਪੰਜਾਬੀ ਵਿਚ ਹੋਣ ਅਤੇ ਪੰਜਾਬੀ ਦੇ ਪੱਤਰਾਂ ਦਾ ਉੱਤਰ ਅਵੱਸ਼ ਪੰਜਾਬੀ ਵਿਚ ਦਿੱਤਾ ਜਾਵੇ ।

5. ਇਸ ਸਬੰਧ ਵਿਚ ਭਾਸ਼ਾ ਵਿਭਾਗ ਦੇ ਅਧਿਕਾਰੀ ਪਹਿਲਾਂ ਦੀ ਤਰ੍ਹਾਂ ਚੈਕਿੰਗ ਕਰਨ, ਜੋ ਰਪੋਟਾਂ ਆਪ ਦੇ ਦਫ਼ਤਰ ਵਿਚ ਇਸ ਬਾਰੇ ਹੁਣ ਤਕ ਆਈਆਂ ਹਨ, ਉਨ੍ਹਾਂ ਉਤੇ ਜੋ ਕਾਰਵਾਈ ਕੀਤੀ ਗਈ ਹੈ, ਉਸ ਬਾਰੇ ਵਿੱਤ ਕਮਿਸ਼ਨਰ ਸਿੱਖਿਆ ਨੂੰ ਜਾਣੂ ਕਰਵਾਇਆ ਜਾਵੇ ਅਤੇ ਇਸ ਦੀ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਵੀ ਭੇਜੀ ਜਾਵੇ । ਇਸ ਤੋਂ ਉਪਰੰਤ ਅੱਗੋਂ ਤੋਂ ਵੀ ਜੋ ਪੜਤਾਲ ਰਿਪੋਰਟਾਂ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਆਪ ਦੇ ਦਫ਼ਤਰ ਵਿਚ ਪ੍ਰਾਪਤ ਹੋਣ, ਉਨ੍ਹਾਂ ਉਤੇ ਇਸੇ ਤਰ੍ਹਾਂ ਯੋਗ ਕਾਰਵਾਈ ਕਰਕੇ ਵਿੱਤ ਕਮਿਸ਼ਨਰ ਸਿੱਖਿਆ ਨੂੰ ਦੱਸਿਆ ਜਾਵੇ ਅਤੇ ਇਕ ਕਾਪੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਵੀ ਭੇਜੀ ਜਾਵੇ । ਇਸ ਤੋਂ ਇਲਾਵਾ ਭਾਸ਼ਾ ਦੇ ਚੈਕਿੰਗ ਕਰਨ ਵਾਲੇ ਸਟਾਫ਼ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇ ।

6. ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ ।

ਹਿਤੂ,

**( ਕੇ.ਡੀ. ਵਾਸੂਦੇਵਾ )**

ਪੀ.ਐਚ.ਵੈਸ਼ਨਵ,

ਆਈ.ਏ.ਐਸ. ਅ.ਸ.ਪ. ਨੰ: 16/3/85-1 ਸਿ (5) /2519

ਮੁੱਖ ਸਕੱਤਰ, ਪੰਜਾਬ ਸਰਕਾਰ ਮਿਤੀ 3 ਜੂਨ, 1985

ਚੰਡੀਗੜ੍ਹ ।

ਵਿਸ਼ਾ : ਦਫ਼ਤਰੀ ਕੰਮ ਕਾਰ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ।

ਸ਼੍ਰੀਮਾਨ ਜੀ,

1. ਅ.ਸ.ਪ. ਨੰ: 4802-1 ਭਾਸ਼ਾ-74 ਮਿਤੀ 14-1-1975

ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਅ.ਸ.ਪ. ਨੰ: 3/12, 80-ਸਿ (5)/692 ਮਿਤੀ 3-3-83 ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ ।

2. ਅ.ਸ.ਪ. ਨੰ: 3/12/80-1 ਸਿ- (5) 2186 ਮਿਤੀ 10-8-1981

2. ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਅਨੁਸਾਰ ਪੰਜਾਬੀ ਭਾਸ਼ਾ ਪਹਿਲੀ ਜਨਵਰੀ 1968 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਅਤੇ 13 ਅਪ੍ਰੈਲ, 1968 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਦਫ਼ਤਰੀ ਭਾਸ਼ਾ ਵਜੋਂ ਲਾਗੂ ਕੀਤੀ ਗਈ ਸੀ । ਇਨ੍ਹਾ ਹੁਕਮਾਂ ਦੀ ਪਾਲਣਾ ਕਰਨ ਵਾਸਤੇ ਹਾਸ਼ੀਏ ਵਿਚ ਦਰਜ ਅੱਧ ਸਰਕਾਰੀ ਪੱਤਰਾਂ ਰਾਹੀਂ ਸਮੇਂ ਸਮੇਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਭਾਸ਼ਾ ਵਿਭਾਗ ਦੇ ਅਫ਼ਸਰਾਂ ਵਲੋਂ ਵੀ ਦਫ਼ਤਰਾਂ ਦੀ ਪੜਤਾਲ ਕਰਕੇ ਵਿਭਾਗਾਂ ਦੇ ਮੁੱਖੀਆਂ ਦੇ ਨੋਟਿਸ ਵਿਚ ਅਜਿਹੇ ਕਰਮਚਾਰੀਆਂ ਦੇ ਨਾਂ ਲਿਆਂਦੇ ਗਏ ਜੋ ਦਫ਼ਤਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਸਨ ਅਤੇ ਉਨ੍ਹਾਂ ਦੇ ਵਿਰੁਧ ਕੀਤੀ ਗਈ ਕਾਰਵਾਈ ਬਾਰੇ ਵੀ ਪੁਛਿਆ ਜਾਂਦਾ ਰਿਹਾ ਹੈ। ਅੱਧ ਸਰਕਾਰੀ ਪੱਤਰ ਨੰ: 3/12/80-1ਸਿ (5) /3280, ਮਿਤੀ25 ਅਗਸਤ, 1*82 ਰਾਹੀਂ ਦਫ਼ਤਰੀ ਕਾਰ-ਵਿਹਾਰ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਪੰਜਾਬ ਸਰਕਾਰ ਕਰਮਚਾਰੀ ਆਚਰਨ ਨਿਯਮ, 1966 ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 5 ਅਧੀਨ ਕਾਰਵਾਈ ਕੀਤੀ ਜਾਣ ਬਾਰੇ ਵੀ ਪੋਜ਼ੀਸ਼ਨ ਸਪੱਸ਼ਟ ਕੀਤੀ ਜਾ ਚੁੱਕੀ ਹੈ ।

3. ਅ.ਸ.ਪ.ਨੰ: 3/12/80-1 ਸਿ-(5)/3280 ਮਿਤੀ 25-8-1982

3. ਐਪਰ, ਉਪਰ ਦੱਸੀਆਂ ਹਦਾਇਤਾਂ ਦੇ ਬਾਵਜੂਦ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਇਸ ਸਮੇਂ ਵੀ ਸਰਕਾਰੀ ਦਫ਼ਤਰਾਂ ਵਿਚ ਇਸ ਤਰ੍ਹਾਂ ਦੇ ਅਧਿਕਾਰੀ /ਕਰਮਚਾਰੀ ਹਨ ਜੋ ਰਾਜ ਭਾਸ਼ਾ ਪੰਜਾਬੀ ਦੀ ਦਫ਼ਤਰੀ ਕਾਰ-ਵਿਹਾਰ ਵਿਚ ਵਰਤੋਂ ਨਹੀਂ ਕਰਦੇ ਅਤੇ ਉਨ੍ਹਾਂ ਦਾ ਧਿਆਨ ਉਪਰ ਲਿਖੀਆਂ ਹਦਾਇਤਾਂ ਵਲ ਦਿਵਾਉਣਾ ਬਹੁਤ ਜ਼ਰੂਰੀ ਹੈ ਅਜਿਹੇ ਅਧਿਕਾਰੀ/ਕਰਮਚਾਰੀ ਦਫ਼ਤਰੀ ਕਾਰ-ਵਿਹਾਰ ਵਿਚ ਜੇ ਇਸ ਉਪਰੰਤ ਵੀ ਪੰਜਾਬੀ ਦੀ ਵਰਤੋਂ ਨਾ ਕਰਨ ਤਾਂ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨ ਬਣਦੀ ਹੈ।

4. ਅ.ਸ.ਪ.ਨੰ: 3/12/80-1 ਸਿ-(5)/3279 ਮਿਤੀ 16-12-1982

4. ਮੈਂ ਇਸ ਪੱਤਰ ਰਾਹੀਂ ਸਪੱਸ਼ਟ ਰੂਪ ਵਿਚ ਲਿਖ ਰਿਹਾ ਹਾਂ ਕਿ ਦਫ਼ਤਰੀ ਕਾਰ-ਵਿਹਾਰ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਬਣਾਈ ਜਾਵੇ । ਮਾਤਹਿਤ ਦਫ਼ਤਰਾਂ ਨਾਲ ਪੱਤਰ ਵਿਹਾਰ ਹਰ ਹਾਲਤ ਵਿਚ ਪੰਜਾਬੀ ਵਿਚ ਕੀਤਾ ਜਾਵੇ । ਦਫ਼ਤਰੀ ਕਾਰ ਵਿਹਾਰ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਦਫ਼ਤਰਾਂ ਦੀ ਪੜਤਾਲ ਜਾਰੀ ਰੱਖਣ ਲਈ ਕਿਹਾ ਜਾ ਰਿਹਾ ਹੈ । ਪੜਤਾਲ ਰਿਪੋਟਾਂ ਜੋ ਆਪ ਜੀ ਦੇ ਦਫ਼ਤਰ ਵਿਚ ਪ੍ਰਾਪਤ ਹੋਣ ਉਨ੍ਹਾਂ ਤੇ ਯੋਗ ਕਾਰਵਾਈ ਕਰਕੇ ਵਿੱਤੀ ਕਮਿਸ਼ਨਰ ਸਿੱਖਿਆ ਨੂੰ ਸੂਚਿਤ ਕੀਤਾ ਜਾਵੇ ਅਤੇ ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਵੀ ਭੇਜਿਆ ਜਾਵੇ। ਭਾਸ਼ਾ ਵਿਭਾਗ ਦੇ ਪੜਤਾਲ ਕਰਨ ਵਾਲੇ ਅਮਲੇ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇ ।

5. ਵੱਖ ਵੱਖ ਦਫ਼ਤਰਾਂ ਨੂੰ ਪੰਜਾਬੀ ਵਿਚ ਕੰਮ ਕਰਨ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਦੂਰ ਕਰਨ ਲਈ ਭਾਸ਼ਾ ਵਿਭਾਗ ਦੇ ਚੰਡੀਗੜ੍ਹ ਵਿਖੇ ਸੈਲ ਨੂੰ ਹੋਰ ਮਜ਼ਬੂਤ ਕਰ ਦਿੱਤਾ ਗਿਆ ਹੈ । ਇਹ ਸੈਲ ਸਿਵਲ ਸਕੱਤਰੇਤ ਦੀ ਇਮਾਰਤ ਵਿਚ ਮੰਜ਼ਲ ਨੰ: 9 ਵਿਖੇ ਸਥਿਤ ਹੈ ਅਤੇ ਪੰਜਾਬੀ ਪ੍ਰਚਾਲਣ ਦੇ ਕਿਸੇ ਵੀ ਕੰਮ ਵਿਚ ਸਹਾਇਤਾ ਦੇ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ ਅਤੇ ਮੈਂ ਆਪ ਸਭ ਨੂੰ ਸਲਾਹ ਦੇਵਾਂਗਾ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਪੂਰਾ ਪੂਰਾ ਲਾਭ ਉਠਾਇਆ ਜਾਵੇ ।

ਇਸ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾ ਕੀਤੀ ਜਾਵੇ।

ਹਿੰਤੂ

(ਪੀ.ਐਚ.ਵੈਸ਼ਨਵ)

(1) ਸਮੂਹ ਵਿੱਤੀ ਕਮਿਸ਼ਨਰ /ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

(2) ਸਮੂਹ ਵਿਭਾਗਾਂ ਦੇ ਮੁੱਖੀ ।

(3) ਕਮਿਸ਼ਨਰ, ਜਲੰਧਰ, ਪਟਿਆਲਾ ਫਿਰੋਜਪੁਰ ਡਵੀਜ਼ਨ ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਪੀ.ਐਚ.ਵੈਸ਼ਨਵ, ਆਈ.ਏ.ਐਸ.

ਅ.ਸ.ਪ. ਨੰ: 3/16/85-1 ਸਿ (5) /3967

ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
ਮਿਤੀ 4.10.1985

ਵਿਸ਼ਾ : ਦਫ਼ਤਰੀ ਕੰਮ ਕਾਰ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ।

ਸ੍ਰੀਮਾਨ ਜੀ,

1. ਅ.ਸ.ਪ. ਨੰ: 4802-1 (ਭਾਸ਼ਾ-74) ਮਿਤੀ 14-1-1975

2. ਅ.ਸ.ਪ. ਨੰ: 3/12/80 1 ਸਿ (5) / 2180 ਮਿਤੀ 10.8.81

3. ਅ.ਸ.ਪ. ਨੰ: 3/12/80-1 ਸਿ (5) / 3280 ਮਿਤੀ 25.8.82

4. . ਅ.ਸ.ਪ. ਨੰ: 3/12/80-1 ਸਿ (5) / 692 ਮਿਤੀ 3.3.83

ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਅਨੁਸਾਰ ਪੰਜਾਬੀ ਭਾਸ਼ਾ ਪਹਿਲੀ ਜਨਵਰੀ, 1968 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਅਤੇ 13 ਅਪ੍ਰੈਲ 1968 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਦਫ਼ਤਰੀ ਭਾਸ਼ਾ ਵਜੋਂ ਲਾਗੂ ਕੀਤੀ ਗਈ ਸੀ । ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਵਾਸਤੇ ਹਾਸ਼ੀਏ ਵਿਚ ਦਰਜ ਅੱਧ-ਸਰਕਾਰੀ ਪੱਤਰਾਂ ਰਾਹੀਂ ਸਮੇਂ ਸਮੇਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਸ਼ਾ ਵਿਭਾਗ ਦੇ ਅਫ਼ਸਰਾਂ ਵਲੋਂ ਵੀ ਦਫ਼ਤਰਾਂ ਦੀ ਪੜਤਾਲ ਕਰਕੇ ਵਿਭਾਗਾਂ ਦੇ ਮੁੱਖੀਆਂ ਦੇ ਨੋਟਿਸ ਵਿਚ ਅਜਿਹੇ ਅਧਿਕਾਰੀਆਂ / ਕਰਮਚਾਰੀਆਂ ਦੇ ਨਾਂ ਲਿਆਂਦੇ ਗਏ ਜੋ ਦਫ਼ਤਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਸਨ ਅਤੇ ਉਨ੍ਹਾਂ ਦੇ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਵੀ ਪੁਛਿਆ ਜਾਂਦਾ ਰਿਹਾ ਹੈ । ਅੱਧ ਸਰਕਾਰੀ ਪੱਤਰ ਨੰ: 3/12/80-1ਸਿ (5)/3280 ਮਿਤੀ 25.8.82 ਰਾਹੀਂ ਦਫ਼ਤਰੀ ਕਾਰ ਵਿਹਾਰ ਵਿਚ ਪੰਜਾਬੀ ਵਿਚ ਵਰਤੋਂ ਨਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਪੰਜਾਬ ਸਰਕਾਰ ਕਰਮਚਾਰੀ ਆਚਰਨ ਨਿਯਮ, 1966 ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 5 ਅਧੀਨ ਕਾਰਵਾਈ ਕੀਤੀ ਜਾਣ ਬਾਰੇ ਵੀ ਪੋਜੀਸ਼ਨ ਸਪਸ਼ਟ ਕੀਤੀ ਜਾ ਚੁੱਕੀ ਹੈ ।

5. ਅ.ਸ.ਪ. ਨੰ: 12/80-1 ਸਿ (5) / 3479ਮਿਤੀ 16.12.83

6. ਅ.ਸ.ਪ. ਨੰ:

2. ਮੈਂ ਇਸ ਰਾਹੀਂ ਸਪੱਸ਼ਟ ਰੂਪ ਵਿਚ ਲਿਖ ਰਿਹਾ ਹਾਂ ਕਿ ਦਫ਼ਤਰੀ ਕਾਰ ਵਿਹਾਰ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਬਣਾਈ ਜਾਵੇ । ਮਾਤਹਿਤ ਦਫ਼ਤਰਾਂ ਨਾਲ ਪੱਤਰ-ਵਿਹਾਰ ਹਰ ਹਾਲਤ ਵਿਚ ਪੰਜਾਬੀ ਵਿਚ ਕੀਤਾ ਜਾਵੇ ਅਤੇ ਸਕੱਤਰੇਤ ਤੇ ਡਾਇਰੈਕਟੋਰੇਟਾਂ ਤੋਂ

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

16/3/85-1 ਸਿ (5) /2519 ਮਿਤੀ 3.6.85

ਜਾਰੀ ਹੋਣ ਵਾਲੇ ਸਾਰੇ ਗਸ਼ਤੀ ਪੱਤਰ ਪੰਜਾਬੀ ਵਿਚ ਹੀ ਹੋਣ ਤਾਂ ਕਿ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦੀ ਆਪਣੀ ਭਾਸ਼ਾ ਵਿਚ ਹੀ ਹੋਵੇ । ਦਫ਼ਤਰੀ ਕਾਰ ਵਿਹਾਰ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਦਫ਼ਤਰਾਂ ਦੀ ਪੜਤਾਲ ਜਾਰੀ ਰੱਖਣ ਲਈ ਕਿਹਾ ਜਾ ਰਿਹਾ ਹੈ। ਪੜਤਾਲ ਰਪੋਟਾਂ ਜੋ ਆਪ ਜੀ ਦੇ ਦਫ਼ਤਰ ਵਿਚ ਪ੍ਰਾਪਤ ਹੋਣ ਉਨ੍ਹਾਂ ਤੇ ਯੋਗ ਕਾਰਵਾਈ ਕਰਕੇ ਸਕੱਤਰ, ਸਿੱਖਿਆ ਨੂੰ ਸੂਚਿਤ ਕੀਤਾ ਜਾਵੇ ਅਤੇ ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਵੀ ਭੇਜਿਆ ਜਾਵੇ । ਭਾਸ਼ਾ ਵਿਭਾਗ ਨੇ ਪੜਤਾਲ ਕਰਨ ਵਾਲੇ ਅਮਲੇ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇ ।

3. ਵੱਖ ਵੱਖ ਦਫ਼ਤਰਾਂ ਨੂੰ ਪੰਜਾਬੀ ਵਿਚ ਕੰਮ ਕਰਨ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਦੂਰ ਕਰਨ ਲਈ ਪੰਜਾਬ ਸਿਵਲ ਸਕੱਤਰੇਤ (ਮੰਜ਼ਲ-9) ਵਿਖੇ ਭਾਸ਼ਾ ਵਿਭਾਗ ਦਾ ਇਕ ਸੈੱਲ ਖੋਲ੍ਹਿਆ ਹੋਇਆ ਹੈ । ਪੰਜਾਬੀ ਪ੍ਰਚਾਲਣ ਦੇ ਕਿਸੇ ਵੀ ਕੰਮ ਵਿਚ ਸਹਾਇਤਾ ਦੇ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ ਅਤੇ ਮੈਂ ਆਪ ਸਭ ਨੂੰ ਸਲਾਹ ਦੇਵਾਂਗਾ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਪੂਰਾ ਪੂਰਾ ਲਾਭ ਉਠਾਇਆ ਜਾਵੇ ।

ਇਸ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾ ਕੀਤੀ ਜਾਵੇ ।

ਹਿੱਤੂ

ਸਹੀ/-

**(ਪੀ.ਐਚ.ਵੈਸ਼ਨਵ)**

(1) ਸਮੂਹ ਵਿੱਤੀ ਕਮਿਸ਼ਨਰ /ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

(2) ਸਮੂਹ ਵਿਭਾਗਾਂ ਦੇ ਮੁੱਖੀ ।

(3) ਕਮਿਸ਼ਨਰ, ਜਲੰਧਰ, ਪਟਿਆਲਾ ਫਿਰੋਜ਼ਪੁਰ ਡਵੀਜ਼ਨ ।

(4) ਸਮੂਹ ਡਿਪਟੀ ਕਮਿਸ਼ਨਰਜ਼

ਨੰ: 3/13/86-1 ਸਿ (5) /290

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ - 5 ਸ਼ਾਖਾ)

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ ਡਵੀਜ਼ਨਾਂ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰ, ਜ਼ਿਲਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਹਾਈ ਕੋਰਟ ।

ਮਿਤੀ, ਚੰਡੀਗੜ੍ਹ, 30 ਜਨਵਰੀ, 1986

ਵਿਸ਼ਾ : ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ -ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ-ਪ੍ਰਵਾਸੀ ਸਿੱਖਾਂ ਲਈ ਸਰਕਾਰੀ ਨੌਕਰੀ ਵਿਚ ਮੈਟ੍ਰਿਕ ਪੱਧਰ ਦੀ ਯੋਗਤਾ ਪ੍ਰਾਪਤ ਕਰਨ ਲਈ ਢਿੱਲ ਦੇਣ ਬਾਰੇ ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਤੇ ਤੁਹਾਡਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 3107-1-68/21805 ਮਿਤੀ 29 ਜੁਲਾਈ, 1968 ਵਲ ਦਿਵਾਂਦੇ ਹੋਏ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਪੈਰਾ ੳ (1) ਅਨੁਸਾਰ ਸਾਰੀਆਂ ਸਰਕਾਰੀ ਨੌਕਰੀਆਂ ਲਈ ਭਰਤੀ ਵਾਸਤੇ ਹਰ ਉਮੀਦਵਾਰ ਲਈ ਮੈਟ੍ਰਿਕ ਪੱਧਰ ਦੀ, ਜਾਂ ਇਸ ਦੇ ਅਨੁਸਾਰੀ ਪੰਜਾਬੀ ਭਾਸ਼ਾ ਵਿਚ ਵਿਦਿਅਕ ਯੋਗਤਾ ਨੂੰ ਲਾਜ਼ਮੀ ਰਖਿਆ ਗਿਆ ਹੈ । ਦੱਸੀਆਂ ਹਦਾਇਤਾਂ ਦੇ ਪੈਰਾ ੳ (2) ਵਿਚ ਇਹ ਵੀ ਸੰਕੇਤ ਕੀਤਾ ਗਿਆ ਹੈ ਕਿ ਜੇਕਰ ਕਿਸੇ ਉਮੀਦਵਾਰ ਪਾਸ ੳ (1) ਅਨੁਸਾਰ ਯੋਗਤਾ ਦਾ ਸਰਟੀਫਿਕੇਟ ਨਹੀਂ ਤਾਂ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਕੋਈ ਸੰਸਥਾ ਉਮੀਦਵਾਰ ਦੀ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਯੋਗਤਾ ਦਾ ਅੰਦਾਜ਼ਾ ਲਾਉਣ ਲਈ ਇਕ ਟੈਸਟ ਲਵੇਗੀ ।

2. ਬਹੁਤ ਸਾਰੇ ਪ੍ਰਵਾਸੀ ਸਿਖਾਂ ਨੂੰ ਪੰਜਾਬ ਸਰਕਾਰ ਦੀਆਂ ਨੌਕਰੀਆਂ ਵਿਚ ਭਰਤੀ ਹੋਣ ਲਈ ਉਪਰ ਵਰਣਨ ਕੀਤੀਆਂ ਹਦਾਇਤਾਂ ਕਾਰਨ ਔਕੜਾਂ ਪੇਸ਼ ਆ ਰਹੀਆਂ ਹਨ । ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪ੍ਰਵਾਸੀ ਸਿੱਖਾਂ ਨੂੰ ਭਰਤੀ ਕਰਨ ਸਮੇਂ ਇਨ੍ਹਾਂ ਹਦਾਇਤਾਂ ਵਿਚ ਇਸ ਹੱਦ ਤਕ ਛੋਟ ਹੋਵੇਗੀ ਕਿ ਉਹ ਭਰਤੀ ਹੋਣ ਉਪਰੰਤ 2 ਸਾਲ ਦੇ ਸਮੇਂ ਦੇ ਅੰਦਰ ਅੰਦਰ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਸਰਕਾਰੀ ਨੌਕਰੀਆਂ ਵਾਸਤੇ

ਨਿਸ਼ਚਿਤ ਕੀਤੀ ਯੋਗਤਾ ਦਾ ਟੈਸਟ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਰਾਹੀਂ ਜਾਂ ਕਿਸੇ ਯੂਨੀਵਰਸਿਟੀ ਦਾ ਮੈਟ੍ਰਿਕ ਪੱਧਰ ਦਾ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਦਾ ਟੈਸਟ ਪਾਸ ਕਰਨ । ਜੇਕਰ ਉਹ ਇਸ ਦੋ ਸਾਲ ਦੇ ਮਿਥੇ ਸਮੇਂ ਦੇ ਅੰਦਰ ਅੰਦਰ ਇਹ ਯੋਗਤਾ ਪ੍ਰਾਪਤ ਨਹੀਂ ਕਰ ਸਕਣਗੇ ਤਾਂ ਉਨ੍ਹਾਂ ਨੂੰ ਹਰ ਹਾਲਤ ਵਿਚ ਸੇਵਾ ਮੁਕਤ ਕਰ ਦਿੱਤਾ ਜਾਵੇਗਾ ।

3. ਇਨ੍ਹਾਂ ਹਦਾਇਤਾਂ ਦੀ ਪੂਰਨ ਰੂਪ ਵਿਚ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,
**(ਹਰਮਿੰਦਰ ਸਿੰਘ ਗਰੇਵਾਲ)**
ਉਪ-ਸਕੱਤਰ, ਸਿੱਖਿਆ।

ਨੰ: 3/31/86-1 ਸਿ 5/291 ਮਿਤੀ 30 ਜਨਵਰੀ, 1986

ਇਕ ਉਤਾਰਾ :-

1. ਸਮੂਹ ਵਿੱਤ ਕਮਿਸ਼ਨਰ, ਪੰਜਾਬ, ਚੰਡੀਗੜ੍ਹ ।
2. ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

**(ਹਰਮਿੰਦਰ ਸਿੰਘ ਗਰੇਵਾਲ)**
ਉਪ-ਸਕੱਤਰ, ਸਿੱਖਿਆ।

## ਵਿਸ਼ੇਸ਼ ਧਿਆਨ ਯੋਗ

ਨੰ: 3/31/85- ਸਿ (5) /1387

ਪੰਜਾਬ ਸਰਕਾਰ,
ਸਿੱਖਿਆ ਵਿਭਾਗ,
(ਸਿੱਖਿਆ ਸ਼ਾਖਾ -5) ।

ਸੇਵਾ ਵਿਖੇ,

ਸਮੂਹ ਕਾਰਪੋਰੇਸ਼ਨਾਂ/ਬੋਰਡਾਂ/
ਅਰਧ ਸਰਕਾਰੀ ਸੰਸਥਾਵਾਂ ਦੇ ਮੁੱਖੀ

ਮਿਤੀ 16 ਅਪ੍ਰੈਲ, 1986 ਚੰਡੀਗੜ੍ਹ ।

ਵਿਸ਼ਾ :- ਪ੍ਰਸ਼ਾਸਨ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ।

ਸ੍ਰੀਮਾਨ ਜੀ ,

ਰਾਜ ਭਾਸ਼ਾ ਪੰਜਾਬੀ ਦੇ ਪ੍ਰਚਾਲਣ ਸੰਬੰਧੀ ਕੁਝ ਅਰਧ ਸਰਕਾਰੀ ਅਦਾਰਿਆਂ, ਕਾਰਪੋਰੇਸ਼ਨਾਂ/ਬੋਰਡਾਂ ਦੇ ਦਫ਼ਤਰਾਂ ਦੇ ਕੰਮ ਕਾਜ ਦੀ ਪੜਤਾਲ ਤੋਂ ਪਤਾ ਲਗਿਆ ਹੈ ਕਿ ਇਨ੍ਹਾਂ ਵਿਚ ਰਾਜ ਭਾਸ਼ਾ ਦੀ ਵਰਤੋਂ ਦੀ ਸਥਿਤੀ ਨਿਰਾਸ਼ਾਜਨਕ ਪਾਈ ਗਈ, ਇਹ ਅਦਾਰੇ ਸਰਕਾਰ ਦੀਆਂ ਇਸ ਵਿਸ਼ੇ ਸਬੰਧੀ ਹਦਾਇਤਾਂ ਦਾ ਖਿਆਲ ਨਹੀਂ ਰਖਦੇ । ਕਈ ਕਾਰਪੋਰੇਸ਼ਨਾਂ ਨੇ ਆਪਣੇ ਦਫ਼ਤਰਾਂ ਦੇ ਨਾਵਾਂ ਦੇ ਬੋਰਡ ਤਕ ਵੀ ਪੰਜਾਬੀ ਵਿਚ ਨਹੀਂ ਲਿਖਵਾਏ । ਕਾਫ਼ੀ ਅਮਲਾ ਅਜਿਹਾ ਹੈ ਜਿਸ ਪਾਸ ਦਸਵੀਂ ਜਮਾਤ ਪਾਸ ਜਾਂ ਇਸਦੇ ਬਰਾਬਰ ਪੱਧਰ ਅਤੇ ਲੋੜ ਅਨੁਸਾਰ ਨਿਸ਼ਚਿਤ ਪੰਜਾਬੀ ਦੀ ਯੋਗਤਾ /ਗਿਆਨ ਵੀ ਨਹੀਂ । ਇਨ੍ਹਾਂ ਦਫ਼ਤਰਾਂ ਵਿਚ ਪੰਜਾਬੀ ਟਾਈਪ ਮਸ਼ੀਨਾਂ ਜਾਂ ਤਾਂ ਹੈ ਹੀ ਨਹੀਂ, ਜੇ ਹਨ ਵੀ ਤਾਂ ਖਰਾਬ ਪਈਆਂ ਹਨ । ਇਸ ਦੇ ਫਲਸਰੂਪ ਦਫ਼ਤਰ ਦਾ ਸਾਰਾ ਕਾਰ ਵਿਹਾਰ ਅੰਗਰੇਜ਼ੀ ਵਿਚ ਹੀ ਹੁੰਦਾ ਹੈ ।

2. ਉਕਤ ਦਰਸਾਈ ਸਥਿਤੀ ਵਿਚ ਸੁਧਾਰ ਲਿਆਉਣ ਹਿਤ ਇਨ੍ਹਾਂ ਅਦਾਰਿਆਂ ਦੇ ਸਮੂਹ ਮੁੱਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਲੋੜ ਅਨੁਸਾਰ ਹੀ ਉਪਰੋਕਤ ਪੈਰਾ 1 ਵਿਚ ਉਪਰੋਕਤ ਊਣਤਾਈਆਂ ਨੂੰ ਦੂਰ ਕਰਾਉਣ ਦਾ ਹਰ ਉਪਰਾਲਾ ਕਰਨ ਅਤੇ ਪੰਜਾਬੀ ਭਾਸ਼ਾ ਦੀ ਵਰਤੋਂ ਸਬੰਧੀ ਸਰਕਾਰ ਦੀ ਨੀਤੀ ਨੂੰ ਲਾਗੂ ਕਰਨਾ ਯਕੀਨੀ ਬਣਾਉਣ । ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਅੰਗ੍ਰੇਜ਼ੀ ਦੀਆਂ ਟਾਈਪ ਮਸ਼ੀਨਾਂ ਘੱਟੋ ਘੱਟ ਲੋੜ ਅਨੁਸਾਰ ਖਰੀਦੀਆਂ ਜਾਣ ।

3. ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ । ਇਸ ਪੱਤਰ ਦੀ ਪਹੁੰਚ ਰਸੀਦ ਵੀ ਸਰਕਾਰ ਨੂੰ ਭੇਜੀ ਜਾਵੇ ।

ਵਿਸ਼ਵਾਸਪਾਤਰ
(ਜੀ.ਐਲ.ਸਦਾਨਾ)
ਉਪ ਸਕੱਤਰ ਸਿੱਖਿਆ ।

ਨੰ: 3/3185-1 ਸਿ (5) / 1388-89 ਮਿਤੀ, 16 ਅਪ੍ਰੈਲ, 1986

ਉਤਾਰਾ (i) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ਅਤੇ
(ii) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕਾਰਪੋਰੇਸ਼ਨਾਂ/ਬੋਰਡਾਂ/ਅਰਧ ਸਰਕਾਰੀ ਸੰਸਥਾਵਾਂ, ਵਿਚ ਪੰਜਾਬੀ ਭਾਸ਼ਾ ਦੇ ਪੂਰੀ ਤਰ੍ਹਾਂ ਪ੍ਰਚਾਲਣ ਲਈ ਉਕਤ ਦਰਸਾਈਆਂ ਊਣਤਾਈਆਂ ਨੂੰ ਦੂਰ ਕਰਾਉਣ ਦੇ ਉਪਰਾਲੇ ਕਰਨ ਦੀ ਕਾਰਵਾਈ ਕਰਨ ।

ਉਪ ਸਕੱਤਰ ਸਿੱਖਿਆ ।

ਨੰ: 3/31/50-1 ਸਿ (5) / 1390 ਮਿਤੀ, 16 ਅਪ੍ਰੈਲ, 1986

ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: ਪੰਜਾਬੀ ਪ੍ਰਚਾਲਣ-86, 1958 ਮਿਤੀ 13 ਜਨਵਰੀ, 1986 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਉਪ ਸਕੱਤਰ ਸਿੱਖਿਆ ।

**No. 3/22/86-1 Edu (5)/3650**

**GOVERNMENT OF PUNJAB DEPARTMENT OF EDUCATION (EDUCATION 5 BRANCH)**

To

All the Heads of the Departments, Commissioners, District & Session Judges. Deputy Commissioners, S.D.Os. (Civil) in Punjab and Registrar, Punjab & Haryana High Court.

Dated Chandigarh, the 9th October, 1986.

*Subject:-* Use of Punjabi in the Administration -Qualifications for the Recruitment to the Government Jobs.

----

Sir,

I am directed to write on the subject cited above and to say that after the State Language Act, 1967, the knowledge of Punjabi upto Matric standard or its equivalent standard was made necessary for recruitment to the posts of Government service as per instructions issued vide Punjab Government's Circular letter No. 3707-Lang-1-68/21805 dated 29 July, 1968. A provision was also made in these instructions that the Public Service Commission or the recruiting agency would hold a test to determine the knowledge of the candidate, in case the candidate do not possess a certificate of Punjabi upto Matric standard.

2. After reconsidering the matter carefully, the Punjab Government further observed that in Punjab there were many such candidate who did not possess the knowledge of Punjabi upto Matric standard though technically they were sound enough. With a view to consider such candidates, the Government issued instructions vide Circular letter No. 1588-I Lang-70. dated 7 May, 1970 providing for a relaxation to the extent that the candidated selected for the pure technical posts would be required to fulfill the condition of knowledge in Punjabi within six months by passing the test prescribed by the Language Department, Punjab or by passing the subject of Punjabi of Matric standard of any University /Board.

3. Now since the candidates with the qualification of Punjabi upto Matric Standard are available in good number for technical posts also, the instruction for the aforesaid relaxation have, been reconsidered and it has been decided that in futur- the knowledge in Punjabi upto Matric or its equivalent will be as necessary for the technical posts as it is for the non-technical posts but while inviting the application, a provision may be made in the advertisement to the effect that in case the suitable candidates do not fulfill all the minimum qualifications, the condition of knowledge of Punjabi upto Matric standard or its equivalent will be relaxed in the publics interest with the permission of the Government Department of Education (Language) to the selected candidates to acquire the knowledge in Punjabi/Pass necessary test there after within a period of six months after recruitment. The candidates who are already not in possession of the requisite knowledge of Punjabi, will be interviewed by the selecting Authority only after having obtained the permission of the Government, Department of Education (Language) for the relaxation referred to above.

4. The above decision may be brought to the notice of all appointing authorities and institution working under you for its implementations.

5. Its receipt may please be acknowledged.

Yours faithfully,
**( G.L.SADANA)**
Deputy Secretary to Govt. Punjab,
Departments of Education.

A copy each is forwarded to the following for information and necessary action :-

i) The Chief Secretary to Government of Punjab, Chandigarh.

ii) The Financial Commissioners and the Administrative Secretaries to the Government of Punjab, Chandigarh, and

iii) The Resident Financial Commissioner, Punjab Bhawan, Copernicus Marg, New Delhi-110001.

Deputy Secretary Education.

To

i) The Chief Secretary to Government of Punjab, Chandigarh.

ii) The Financial Commissioners and the Administrative Secretaries to the Government of Punjab, Chandigarh, and

iii) The Resident Financial Commissioner, Punjab Bhawan, Copernicus Marg, New Delhi-110001.

U.O.No. 3/22/86-1 Edu (5) / Dated, Chandigarh 10-86

ਨੰ: 3/22/86-ਸਿ 5 /3651

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ -5 ਸ਼ਾਖਾ)

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ।

ਮਿਤੀ 9 ਅਕਤੂਬਰ, 1986

ਵਿਸ਼ਾ:- ਪ੍ਰਸ਼ਾਸਨ ਵਿਚ ਪੰਜਾਬੀ ਦਾ ਪ੍ਰਚਾਲਣ - ਰਾਜ ਸਰਕਾਰ ਦੀਆਂ ਨੌਕਰੀਆਂ ਵਾਸਤੇ ਭਰਤੀ ਲਈ ਯੋਗਤਾਵਾਂ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਰਾਜ ਭਾਸ਼ਾ ਐਕਟ, 1967 ਲਾਗੂ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਗਸ਼ਤੀ ਪੱਤਰ ਨੰ: 3707-ਭਾਸ਼ਾ 1-68/21805, ਮਿਤੀ 29 ਜੁਲਾਈ 1968 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਰਾਜ ਸਰਕਾਰ ਦੀਆਂ ਨੌਕਰੀਆਂ ਵਿਚ ਭਰਤੀ ਲਈ, ਪੰਜਾਬੀ ਭਾਸ਼ਾ ਵਿਚ ਮੈਟ੍ਰਿਕ ਜਾਂ ਇਸ ਦੇ ਬਰਾਬਰ ਪੱਧਰ ਦੀ ਵਿਦਿਅਕ ਯੋਗਤਾ ਨੂੰ ਲਾਜ਼ਮੀ ਰੱਖਿਆ ਗਿਆ ਸੀ । ਇਨ੍ਹਾਂ ਹਦਾਇਤਾਂ ਵਿਚ ਇਹ ਵੀ ਉਪਬੰਧ ਕੀਤਾ ਗਿਆ ਸੀ ਕਿ ਜੇ ਕਿਸੇ ਉਮੀਦਵਾਰ ਪਾਸ ਅਜਿਹੀ ਯੋਗਤਾ ਨਾ ਹੋਵੇ ਤਾਂ ਲੋਕ ਸੇਵਾ ਕਮਿਸ਼ਨ ਜਾਂ ਭਰਤੀ ਕਰਨ ਵਾਲੀ ਸੰਸਥਾ ਉਮੀਦਵਾਰ ਦੀ ਯੋਗਤਾ ਦਾ ਅੰਦਾਜ਼ਾ ਲਾਉਣ ਲਈ ਆਪਣੇ ਵਲੋਂ ਇਕ ਯੋਗਤਾ ਟੈਸਟ ਲਵੇਗੀ ।

2. ਪੰਜਾਬ ਸਰਕਾਰ ਵਲੋਂ ਇਸ ਮਾਮਲੇ ਤੇ ਮੁੜ ਗਹੁ ਨਾਲ ਵਿਚਾਰ ਕਰਨ ਉਪਰੰਤ ਇਹ ਪ੍ਰੇਖਣ ਕੀਤਾ ਗਿਆ ਸੀ ਕਿ ਪੰਜਾਬ ਵਿਚ ਤਕਨੀਕੀ ਅਸਾਮੀਆਂ ਦੇ ਉਮੀਦਵਾਰ ਬਹੁਤ ਮਾਤਰਾ ਵਿਚ ਅਜਿਹੇ ਹਨ ਜਿਨ੍ਹਾਂ ਪਾਸ ਪੰਜਾਬੀ ਵਿਚ ਮੈਟ੍ਰਿਕ ਪੱਧਰ ਦਾ ਗਿਆਨ ਨਹੀਂ ਸੀ ਅਤੇ ਉਹ ਆਪਣੀ ਤਕਨੀਕੀ ਯੋਗਤਾ ਵਿਚ ਨਿਪੁੰਨ ਸਨ ਸਰਕਾਰ ਵਲੋਂ ਅਜਿਹੇ

ਉਮੀਦਵਾਰਾਂ ਨੂੰ ਪੂਰਾ ਪੂਰਾ ਸਹਿਯੋਗ ਦੇਣ ਦੇ ਮਾਮਲੇ ਨੂੰ ਮੁੱਖ ਰੱਖਦਿਆਂ ਸਰਕੂਲਰ ਨੰ: 1588-1 ਭਾਸ਼ਾ -70 ਮਿਤੀ 7 ਮਈ, 1970 ਰਾਹੀਂ ਹਦਾਇਤਾਂ ਜਾਰੀ ਕਰਕੇ ਖਾਲਸ ਤਕਨੀਕੀ ਆਸਾਮੀਆਂ ਦੀ ਭਰਤੀ ਦੀ ਚੋਣ ਸਮੇਂ ਉਕਤ ਦੱਸੀ ਪੰਜਾਬੀ ਯੋਗਤਾ ਦੀ ਸ਼ਰਤ ਨੂੰ ਇਸ ਹੱਦ ਤੱਕ ਨਰਮ ਕਰ ਦਿੱਤਾ ਗਿਆ ਸੀ ਕਿ ਚੁਣੇ ਗਏ ਉਮੀਦਵਾਰ ਛੇ ਮਹੀਨੇ ਦੇ ਅੰਦਰ ਅੰਦਰ ਪੰਜਾਬੀ ਭਾਸ਼ਾ ਦੀ ਨਿਸ਼ਚਿਤ ਕੀਤੀ ਯੋਗਤਾ ਦਾ ਟੈਸਟ ਭਾਸ਼ਾ ਵਿਭਾਗ, ਪੰਜਾਬ ਰਾਹੀਂ ਜਾਂ ਕਿਸੇ ਯੂਨੀਵਰਸਿਟੀ ਦਾ ਤਕਨੀਕੀ ਅਸਾਮੀਆਂ ਲਈ ਮੈਟ੍ਰਿਕ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪੰਜਾਬੀ ਯੋਗਤਾ ਉਸ ਤਰ੍ਹਾਂ ਚੋਣ ਸਮੇਂ ਲੋੜੀਂਦੀ ਹੋਵੇਗੀ ਜਿਵੇਂ ਕਿ ਨਾਨ-ਤਕਨੀਕੀ ਆਸਾਮੀਆਂ ਲਈ, ਪਰ ਅਜਿਹੀਆਂ ਆਸਾਮੀਆਂ ਲਈ ਪ੍ਰਤੀ ਬੇਨਤੀਆਂ ਮੰਗਣ ਲਈ ਪ੍ਰਕਾਸ਼ਤ ਕੀਤੇ ਜਾਣ ਵਾਲੇ ਵਿਗਿਆਪਨ ਵਿਚ ਇਹ ਉਪਬੰਧ ਕੀਤਾ ਜਾਵੇ ਕਿ ਅਗਰ ਯੋਗ (Suitable ) ਉਮੀਦਵਾਰ ਸਾਰੀਆਂ ਘੱਟ ਤੋਂ ਘੱਟ (Minimum) ਯੋਗਤਾਵਾਂ ਪੂਰੀਆਂ ਨਾ ਕਰਦੇ ਹੋਣ ਤਾਂ ਉਸ ਕੇਸ ਵਿਚ ਲੋਕ ਹਿਤ ਨੂੰ ਮੁੱਖ ਰੱਖਦੇ ਹੋਏ ਸਰਕਾਰ, ਸਿੱਖਿਆ (ਭਾਸ਼ਾ) ਵਿਭਾਗ ਦੀ ਮੰਨਜ਼ੂਰੀ ਨਾਲ ਲੋੜੀਂਦੀ ਸ਼ਰਤ ਨੂੰ ਇਸ ਹੱਦ ਤੱਕ ਨਰਮ ਕਰ ਦਿੱਤਾ ਜਾਵੇ ਕਿ ਚੁਣਿਆ ਹੋਇਆ ਉਮੀਦਵਾਰ 6 ਮਹੀਨਿਆਂ ਦੇ ਅੰਦਰ ਅੰਦਰ ਪੰਜਾਬੀ ਦੀ ਨਿਸ਼ਚਿਤ ਯੋਗਤਾ ਕਿਸੇ ਯੂਨੀਵਰਸਿਟੀ ਦਾ ਮੈਟ੍ਰਿਕ ਪੱਧਰ ਦਾ ਵਿਸ਼ਾ ਖਾਸ ਕਰਕੇ ਜਾਂ ਭਾਸ਼ਾ ਵਿਭਾਗ, ਪੰਜਾਬ ਵਲੋਂ ਲਿਆ ਟੈਸਟ ਪਾਸ ਕਰਕੇ, ਪੂਰੀ ਕਰਨਗੇ। ਪਰੰਤੂ ਸਬੰਧਤ ਚੋਣ ਅਧਿਕਾਰੀ ਅਜਿਹੇ ਉਮੀਦਵਾਰਾਂ ਦੀ ਜਿਹੜੇ ਪਹਿਲਾਂ ਹੀ ਪੰਜਾਬੀ ਦੇ ਗਿਆਨ ਬਾਰੇ ਨਿਸ਼ਚਿਤ ਯੋਗਤਾ ਨੂੰ ਪੂਰੀ ਨਹੀਂ ਕਰਦੇ , ਇੰਟਰਵਿਊ ਉਦੋਂ ਲੈਣਗੇ ਜਦੋਂ ਸਰਕਾਰ, ਸਿੱਖਿਆ (ਭਾਸ਼ਾ) ਵਿਭਾਗ ਦੀ ਇਸ ਸਬੰਧੀ ਛੋਟ ਦੀ ਪਰਵਾਨਗੀ ਲੈ ਲਈ ਜਾਵੇਗੀ।

4. ਉਪਰੋਕਤ ਫ਼ੈਸਲੇ ਨੂੰ ਆਪਣੇ ਅਧੀਨ ਕੰਮ ਕਰਨ ਵਾਲੇ ਸਮੂਹ ਨਿਯੁਕਤੀ ਅਧਿਕਾਰੀਆਂ ਅਤੇ ਸੰਸਥਾਵਾਂ ਦੇ ਨੋਟਿਸ ਵਿਚ ਲਾਗੂ ਕਰਨ ਹਿਤ ਲਿਆ ਦਿੱਤਾ ਜਾਵੇ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ

ਉਪ-ਸਕੱਤਰ, ਪੰਜਾਬ ਸਰਕਾਰ
ਸਿੱਖਿਆ ਵਿਭਾਗ।

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

(1) ਮੁੱਖ ਸਕੱਤਰ, ਪੰਜਾਬ ਸਰਕਾਰ ।

(2) ਸਮੂਹ ਪ੍ਰਬੰਧਕੀ ਸਕੱਤਰ/ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ।

(3) ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, ਕੋਪਰਨਿਕਸ ਮਾਰਗ, ਨਵੀਂ ਦਿੱਲੀ।

ਉਪ ਸਕੱਤਰ, ਸਿੱਖਿਆ ।

ਸੇਵਾ ਵਿਖੇ,

1. ਮੁੱਖ ਸਕੱਤਰ, ਪੰਜਾਬ ਸਰਕਾਰ ।
2. ਸਮੂਹ ਪ੍ਰਬੰਧਕੀ ਸਕੱਤਰ/ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, ਕੋਪਰਨਿਕਸ ਮਾਰਗ, ਨਵੀਂ ਦਿੱਲੀ।

ਗ.ਸ.ਪ. ਨੰ: 3/22/86-1 ਸਿ 5/ ਮਿਤੀ, ਚੰਡੀਗੜ੍ਹ 9 ਅਕਤੂਬਰ, 1986

ਆਰ.ਪੀ ਓਝਾ, ਆਈ.ਏ.ਐਸ.

ਅ.ਸ.ਪ. ਨੰ: 4/7/86-1 ਸਿ (5) /263
ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।
ਅਪ੍ਰੈਲ 17, 1989

ਵਿਸ਼ਾ : ਦਫ਼ਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ।

ਪਿਆਰੇ

ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਦਫ਼ਤਰੀ ਕੰਮ ਕਾਜ ਵਿਚ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਆਖਰ ਵਿਚ ਇਹ ਹਦਾਇਤਾਂ ਪੱਤਰ ਨੰ: 4/7/86-1 ਸਿ (5) /2928-52 ਮਿਤੀ 27.7.87 (ਕਾਪੀ ਨੱਥੀ ਹੈ) ਰਾਹੀਂ ਜਾਰੀ ਕੀਤੀਆਂ ਗਈਆਂ ਸਨ ਜਿਨ੍ਹਾਂ ਰਾਹੀਂ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਅਧੀਨ ਦਫ਼ਤਰਾਂ ਨਾਲ ਹਰ ਹਾਲਤ ਵਿਚ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ਅਤੇ ਸਕੱਤਰੇਤ ਅਤੇ ਡਾਇਰੈਕਟਰੇਟਾਂ ਤੋਂ ਜਾਰੀ ਹੋਣ ਵਾਲੇ ਸਾਰੇ ਗਸ਼ਤੀ ਪੱਤਰ ਪੰਜਾਬੀ ਵਿਚ ਹੋਣ ਤਾਂ ਕਿ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦੀ ਆਪਣੀ ਭਾਸ਼ਾ ਵਿਚ ਹੋਵੇ ।

2. ਸਰਕਾਰ ਵਲੋਂ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਠੋਸ ਰੂਪ ਵਿਚ ਲਾਗੂ ਕਰਨ ਲਈ ਹਦਾਇਤਾਂ ਦੇ ਬਾਵਜੂਦ ਵੀ ਡਾਇਰੈਕਟਰ, ਭਾਸ਼ਾ ਵਿਭਾਗ ਵਲੋਂ ਵਖ ਵਖ ਦਫ਼ਤਰਾਂ ਦੀ ਕੀਤੀ ਚੈਕਿੰਗ ਅਨੁਸਾਰ ਹਾਲੇ ਵੀ ਕਈ ਕਰਮਚਾਰੀਆਂ / ਅਧਿਕਾਰੀ ਦਫ਼ਤਰੀ ਕੰਮ ਕਾਜ ਅੰਗਰੇਜ਼ੀ ਭਾਸ਼ਾ ਵਿਚ ਕਰਨ ਦੇ ਮਾਮਲੇ ਸਰਕਾਰ ਦੇ ਨੋਟਿਸ ਵਿਚ ਆ ਰਹੇ ਹਨ ਜਦਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਧੀਨ ਪੰਜਾਬੀ ਭਾਸ਼ਾ 1.1.1968 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਅਤੇ ਮਿਤੀ 13.4.68 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਲਾਗੂ ਕੀਤੀ ਜਾ ਚੁੱਕੀ ਹੈ । ਹਦਾਇਤਾਂ ਰਾਹੀਂ ਇਹ ਵੀ ਜ਼ੋਰ ਦਿੱਤਾ ਗਿਆ ਸੀ ਕਿ ਜੋ ਕਰਮਚਾਰੀ ਦਫ਼ਤਰੀ ਕਾਰ ਵਿਹਾਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਉਨ੍ਹਾਂ ਵਿਰੁੱਧ ਪੰਜਾਬ ਸਰਕਾਰ ਆਚਰਣ ਨਿਯਮ, 1960 ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 5 ਅਧੀਨ ਕਾਰਵਾਈ ਕੀਤੀ ਜਾਵੇ ।

3. ਮੈਂ ਇਸ ਮਾਮਲੇ ਵੱਲ ਤੁਹਾਡਾ ਨਿੱਜੀ ਧਿਆਨ ਦਿਵਾਉਂਦੇ ਹੋਏ ਫਿਰ ਬੇਨਤੀ ਕਰਦਾ ਹਾਂ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਇਹ ਉਚਿਤ ਹੋਵੇਗਾ ਕਿ ਆਪ ਜੀ ਵਲੋਂ ਫ਼ਾਈਲਾਂ ਆਦਿ ਤੇ ਹੁਕਮ ਅਤੇ ਨੋਟ ਪੰਜਾਬੀ ਭਾਸ਼ਾ ਵਿਚ ਹੀ ਲਿਖੇ

ਜਾਣ ਜੋ ਅਧੀਨ ਕਰਮਚਾਰੀਆਂ ਲਈ ਮਾਰਗ ਦਰਸ਼ਨ ਸਿਧ ਹੋਵੇਗਾ । ਇਹ ਵੀ ਯਕੀਨੀ ਬਣਾਇਆ ਜਾਵੇ ਕਿ ਅਧੀਨ ਦਫ਼ਤਰਾਂ ਨਾਲ ਪੱਤਰ ਵਿਹਾਰ ਹਰ ਹਾਲਤ ਵਿਚ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ਅਤੇ ਸਕੱਤਰੇਤ / ਡਾਇਰੈਕਟੋਰੇਟ ਪੱਧਰ ਤੋਂ ਜਾਰੀ ਹੋਣ ਵਾਲੇ ਸਾਰੇ ਗਸ਼ਤੀ ਪੱਤਰ ਵੀ ਪੰਜਾਬੀ ਭਾਸ਼ਾ ਵਿਚ ਹੀ ਹੋਣ । ਅੱਗੇ ਤੋਂ ਜੋ ਕਰਮਚਾਰੀ ਇਸ ਦੀ ਉਲੰਘਣਾ ਕਰਨਗੇ ਉਨ੍ਹਾਂ ਵਿਰੁੱਧ ਉਪਰੋਕਤ ਦਸੇ ਅਨੁਸਾਰ ਕਾਰਵਾਈ ਕੀਤੀ ਜਾਵੇ । ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਸ ਬਾਰੇ ਪ੍ਰਗਤੀ ਦੀ ਵੀ ਤੁਸੀਂ ਹਰ ਮਹੀਨੇ ਪੜਚੋਲ ਕਰੋ ਤਾਂ ਜੋ ਇਸ ਪੱਖੋਂ ਲਾਹਵੰਦ ਸਿੱਟੇ ਨਿਕਲ ਸਕਣ ।

4. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਹਿੱਤੂ

( ਆਰ . ਪੀ . ਓਝਾ)

ਆਰ.ਪੀ.ਓਝਾ, ਆਈ.ਏ.ਐਸ. ਅ.ਸ.ਪ. ਨੰ: 4/7/86-1 ਸਿ (5) /217

ਮੁੱਖ ਸਕੱਤਰ, ਪੰਜਾਬ ਸਰਕਾਰ,

ਚੰਡੀਗੜ੍ਹ ।

ਮਿਤੀ, ਚੰਡੀਗੜ੍ਹ 5 ਫਰਵਰੀ, 1990

ਵਿਸ਼ਾ : ਦਫ਼ਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ।

ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਦਫ਼ਤਰੀ ਕੰਮ ਕਾਜ ਵਿਚ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਤੇ ਹਦਾਇਤਾ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਆਖਰ ਵਿਚ ਇਹ ਹਦਾਇਤਾਂ ਨਿਮਨ ਹਸਤਾਖਰਿਤ ਵਲੋਂ ਅ.ਸ.ਪੰ. ਨੰ: 4/7/86-1 ਸਿ (5) /1307-30 ਮਿਤੀ 26.4.1989 ਰਾਹੀਂ ਜਾਰੀ ਕੀਤੀਆਂ ਗਈਆਂ ਸਨ ਜਿਨ੍ਹਾਂ ਰਾਹੀਂ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਅਧੀਨ ਦਫ਼ਤਰਾਂ ਨਾਲ ਹਰ ਹਾਲਤ ਵਿਚ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ਅਤੇ ਸਕੱਤਰੇਤ ਤੇ ਡਾਇਰੈਕਟਰੇਟਾਂ ਤੋਂ ਜਾਰੀ ਹੋਣ ਵਾਲੇ ਸਾਰੇ ਗਸ਼ਤੀ ਪੱਤਰ ਵਿਚ ਹੋਣ ਤਾਂ ਕਿ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦਾ ਆਪਣੀਆਂ ਭਾਸ਼ਾ ਵਿਚ ਹੋਵੇ । ਸਮੂਹ ਪ੍ਰਬੰਧਕੀ ਸਕੱਤਰਾਂ ਦੀ ਮੀਟਿੰਗ ਮਿਤੀ 14.8.89 ਵਿਚ ਇਹ ਮਾਮਲਾ ਵਿਚਾਰਦੇ ਹੋਏ ਨਿਮਨ ਹਸਤਾਖਰ ਵਲੋਂ ਪੰਜਾਬੀ ਭਾਸ਼ਾ ਦੀ ਦਫ਼ਤਰੀ ਕੰਮ ਕਾਜ ਵਿਚ ਵਰਤੋਂ ਲਈ ਸਥਾਈ ਠੋਸ ਕਦਮ ਉਠਾਉਣ ਬਾਰੇ ਵੀ ਜ਼ੋਰ ਦਿੱਤਾ ਗਿਆ ਸੀ ਤਾਂ ਜੋ ਇਸਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾ ਸਕੇ ।

2. ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਵਲੋਂ ਵੱਖ ਵੱਖ ਦਫ਼ਤਰਾਂ ਦੀ ਕੀਤੀ ਪੜਤਾਲ ਸਬੰਧੀ ਰਿਪੋਟਾਂ ਸਬੰਧਤ ਪ੍ਰਬੰਧਕੀ ਸਕੱਤਰਾਂ ਨੂੰ ਭਾਸ਼ਾ ਨੀਤੀ ਦੀ ਉਲੰਘਣਾ ਕਰਨ ਬਾਰੇ ਅਧਿਕਾਰੀਆਂ /ਕਰਮਚਾਰੀਆਂ ਵਿਰੁੱਧ ਲੋੜੀਂਦੀ ਕਾਰਵਾਈ ਕਰਨ ਲਈ ਭੇਜੀਆਂ ਜਾਂਦੀਆਂ ਹਨ । ਇਨ੍ਹਾਂ ਰਿਪੋਟਾਂ ਦੀ ਸਮੀਖਿਆ ਕਰਨ ਉਪਰੰਤ ਇਹ ਨੋਟਿਸ ਵਿਚ ਆਇਆ ਹੈ ਕਿ ਹਾਲੇ ਵੀ ਕਈ ਅਧਿਕਾਰੀਆਂ/ਕਰਮਚਾਰੀਆਂ ਵਲੋਂ ਦਫ਼ਤਰੀ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿਚ ਕੀਤਾ ਜਾਂਦਾ ਹੈ । ਜਦ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਧੀਨ ਮਿਤੀ 1.1.1968 ਤੋਂ ਜ਼ਿਲ੍ਹਾ ਪੱਧਰ ਤੇ ਸਾਰੇ ਦਫ਼ਤਰਾਂ ਅਤੇ ਮਿਤੀ 13.4.68 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ ਜਾ ਚੁੱਕੀ ਹੈ । ਹਦਾਇਤਾਂ ਰਾਹੀਂ ਇਹ ਵੀ ਜ਼ੋਰ ਦਿੱਤਾ ਗਿਆ ਸੀ ਕਿ ਜੋ ਕਰਮਚਾਰੀ ਦਫ਼ਤਰੀ ਕਾਰ-ਵਿਹਾਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ, ਉਨ੍ਹਾਂ ਵਿਰੁੱਧ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮ, 1966 ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮ, 1970 ਦੇ ਨਿਯਮ 5 ਅਧੀਨ ਕਾਰਵਾਈ ਕੀਤੀ ਜਾਵੇ।

3. ਰਾਜ ਦੇ ਕੁਝ ਪ੍ਰਮੁੱਖ ਵਿਅਕਤੀਆਂ ਵਲੋਂ ਵੀ ਹਾਲੇ ਪੱਤਰ ਆਦਿ ਪ੍ਰਾਪਤ ਹੋ ਰਹੇ ਹਨ ਕਿ ਭਾਸ਼ਾ ਨੀਤੀ ਦੀ ਉੱਚ ਅਧਿਕਾਰੀਆਂ ਵਲੋਂ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਵਲੋਂ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿਚ ਹੀ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਮੈਂ ਇਸ ਮਾਮਲੇ ਵੱਲ ਤੁਹਾਡਾ ਨਿੱਜੀ ਧਿਆਨ ਦਿਵਾਉਂਦੇ ਹੋਏ ਸਰਕਾਰ ਦੀਆਂ ਹਦਾਇਤਾਂ ਨੂੰ ਫਿਰ ਆਪ ਦੇ ਨਿੱਜੀ ਧਿਆਨ ਵਿਚ ਲਿਆਉਂਦਾ ਹਾਂ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਇਹ ਉਚਿਤ ਹੋਵੇਗਾ ਕਿ ਆਪ ਜੀ ਵਲੋਂ ਫਾਈਲਾਂ ਆਦਿ ਤੇ ਹੁਕਮ ਅਤੇ ਨੋਟ ਪੰਜਾਬੀ ਭਾਸ਼ਾ ਵਿਚ ਹੀ ਲਿਖੇ ਜਾਣ ਜੋ ਅਧੀਨ ਕਰਮਚਾਰੀਆਂ ਲਈ ਮਾਰਗ ਦਰਸ਼ਨ ਸਿੱਧ ਹੋਵੇਗਾ । ਇਹ ਵੀ ਯਕੀਨੀ ਬਣਾਇਆ ਜਾਵੇ ਕਿ ਅਧੀਨ ਦਫ਼ਤਰਾਂ ਨਾਲ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ਅਤੇ ਸਕੱਤਰੇਤ/ਡਾਇਰੈਕਟੋਰੇਟ ਪੱਧਰ ਤੋਂ ਜਾਰੀ ਹੋਣ ਵਾਲੇ ਸਾਰੇ ਸਰਕਾਰੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਹੀ ਹੋਣ। ਅੱਗੇ ਤੋਂ ਜੋ ਕਰਮਚਾਰੀ ਇਸ ਦੀ ਉਲੰਘਣਾ ਕਰਨਗੇ, ਉਨ੍ਹਾਂ ਵਿਰੁੱਧ ਉਪਰੋਕਤ ਦੱਸੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ ।

4. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਹਿਤੂ,
ਸਹੀ-
(ਆਰ.ਪੀ. ਓਝਾ)

ਸਮੂਹ ਵਿੱਤੀ ਕਮਿਸ਼ਨਰਜ਼ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 5 ਸ਼ਾਖਾ)

ਨੰ: 4/7/86-1 ਸਿ (5)/218 ਮਿਤੀ, ਚੰਡੀਗੜ੍ਹ 5 ਫਰਵਰੀ , 1990

ਕਾਪੀ ਹੇਠ ਲਿਖਿਆਂ ਨੂੰ ਸੂਚਨਾ ਤੇ ਤੁਰੰਤ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ :-

1) ਸਮੂਹ ਵਿਭਾਗਾਂ ਦੇ ਮੁੱਖੀ/ਕਾਰਪੋਰੇਸ਼ਨਜ਼ ਅਤੇ ਬੋਰਡਜ਼ ।

2) ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

3) ਡਵੀਜ਼ਨਾਂ ਦੇ ਕਮਿਸ਼ਨਰਜ਼/ਸਮੂਹ ਡਿਪਟੀ ਕਮਿਸ਼ਨਰਜ਼

4) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ

ਸਹੀ /-

ਅਧੀਨ ਸਕੱਤਰ, ਸਿੱਖਿਆ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਸ. ਲ. ਕਪੂਰ ਅ.ਸ.ਪ. ਨੰ: 4/7/86-1 ਸਿ (5) /2631-2662

ਮੁੱਖ ਸਕੱਤਰ, ਪੰਜਾਬ ਸਰਕਾਰ,

ਚੰਡੀਗੜ੍ਹ ।

ਮਿਤੀ : 14 ਦਸੰਬਰ, 1990

ਵਿਸ਼ਾ : ਦਫ਼ਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ।

ਮੇਰੇ ਪਿਆਰੇ

ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਦਫ਼ਤਰੀ ਕੰਮ ਕਾਜ਼ ਵਿਚ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਤੇ ਹਦਾਇਤਾ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਅੰਤ ਵਿਚ ਇਹ ਹਦਾਇਤਾਂ ਸਰਕਾਰ ਦੇ ਅੱਧ ਸਰਕਾਰੀ ਪੱਤਰ ਨੰ: 4/7/86-1 ਸਿ (5) /217 ਮਿਤੀ 5.2.1990 ਰਾਹੀਂ ਜਾਰੀ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚ ਸਮੂਹ ਪ੍ਰਬੰਧਕੀ ਸਕੱਤਰਾਂ/ਵਿੱਤੀ ਕਮਿਸ਼ਨਰਾਂ ਅਤੇ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਅਧੀਨ ਦਫ਼ਤਰਾਂ ਨਾਲ ਹਰ ਹਾਲਤ ਵਿਚ ਪੱਤਰ-ਵਿਹਾਰ ਪੰਜਾਬੀ ਭਾਸ਼ਾ ਵਿਚ ਕੀਤੀ ਜਾਵੇ ਅਤੇ ਸਕੱਤਰੇਤ ਤੇ ਡਾਇਰੈਕਟਰੇਟ ਤੋਂ ਜਾਰੀ ਹੋਣ ਵਾਲੇ ਗਸ਼ਤੀ ਪੱਤਰ ਪੰਜਾਬੀ ਵਿਚ ਹੋਣ ਤਾਂ ਜੋ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦੀ ਆਪਣੀ ਭਾਸ਼ਾ ਵਿਚ ਹੋਵੇ ।

2. ਦਫ਼ਤਰੀ ਕੰਮ-ਕਾਜ ਵਿਚ ਰਾਜ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਵਲੋਂ ਵੱਖ ਵੱਖ ਦਫ਼ਤਰਾਂ ਦੀ ਕੀਤੀ ਪੜਤਾਲ ਸਬੰਧੀ ਰਿਪੋਟਾਂ ਸਬੰਧਤ ਪ੍ਰਬੰਧਕੀ ਸਕੱਤਰਾਂ ਨੂੰ ਭਾਸ਼ਾ ਨੀਤੀ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਲੋੜੀਂਦੀ ਕਾਰਵਾਈ ਕਰਨ ਹਿਤ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਰਿਪੋਟਾਂ ਦੀ ਸਮੇਂ ਤੇ ਸਮੀਖਿਆ ਕਰਨ ਨਾਲ ਕਈ ਅਧਿਕਾਰੀਆਂ/ ਕਰਮਚਾਰੀਆਂ ਵਲੋਂ ਦਫ਼ਤਰੀ ਕੰਮ-ਕਾਜ ਪੰਜਾਬੀ ਭਾਸ਼ਾ 'ਚ ਕਰਨ ਵਿਚ ਲੋੜੀਂਦੀ ਤੇਜ਼ੀ ਆ ਸਕੇਗੀ । ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਧੀਨ ਮਿਤੀ 1.1.1968 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਅਤੇ ਮਿਤੀ 13.4.1968 ਤੋਂ ਰਾਜ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ ਜਾ ਚੁੱਕੀ ਹੈ । ਹਦਾਇਤਾਂ ਰਾਹੀਂ ਇਹ ਵੀ ਜ਼ੋਰ ਦਿੱਤਾ ਗਿਆ ਸੀ ਕਿ ਜੋ ਕਰਮਚਾਰੀ ਦਫ਼ਤਰੀ ਕਾਰ-ਵਿਹਾਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ, ਉਨ੍ਹਾਂ ਵਿਰੁੱਧ ਪੰਜਾਬ ਸਰਕਾਰੀ ਕਰਮਚਾਰੀ ਆਚਰਣ ਨਿਯਮ, 1966 ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇ ।

3. ਉੱਚ ਅਧਿਕਾਰੀਆਂ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਭਾਸ਼ਾ ਨੀਤੀ ਉਨ੍ਹਾਂ ਅਧੀਨ ਸਾਰੇ ਅਮਲੇ ਵਲੋਂ ਵਿਭਾਗਾਂ ਦੇ ਦਫ਼ਤਰਾਂ ਵਿਚ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਂਦੀ ਹੈ ਤੇ ਉਨ੍ਹਾਂ ਵਲੋਂ ਖੁਦ ਵੀ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਮੈਂ ਇਸ ਮਾਮਲੇ ਵੱਲ ਫਿਰ ਤੁਹਾਡਾ ਨਿੱਜੀ ਧਿਆਨ ਦਿਵਾਉਂਦਾ ਹਾਂ । ਮੈਨੂੰ ਆਸ ਹੈ ਕਿ ਅਧ.. ਦਫ਼ਤਰਾਂ ਨਾਲ ਪੱਤਰ-ਵਿਹਾਰ ਪੰਜਾਬੀ ਭਾਸ਼ਾ ਵਿਚ ਹੀ ਕੀਤਾ ਜਾਵੇਗਾ ਤੇ ਸਕੱਤਰੇਤ/ ਡਾਇਰੈਕਟੋਰੇਟ ਪੱਧਰ ਤੋਂ ਜਾਰੀ ਹੋਣ ਵਾਲੇ ਸਾਰੇ ਗਸ਼ਤੀ ਪੱਤਰ ਵੀ ਪੰਜਾਬੀ ਵਿਚ ਹੀ ਹੋਣ ਬਾਰੇ ਤੁਸੀਂ ਜ਼ਰੂਰੀ ਕਾਰਵਾਈ ਕਰੋਗੇ । ਅੱਗੇ ਤੋਂ ਇਸ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਉਪਰੋਕਤ ਅਨੁਸਾਰ ਕਾਰਵਾਈ ਕੀਤੀ ਜਾਵੇ ।

4. ਇਸ ਚਿੱਠੀ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਹਿਤੂ,
ਸਹੀ-
(ਸ. ਲ. ਕਪੂਰ)

ਸਮੂਹ ਵਿੱਤੀ ਕਮਿਸ਼ਨਰਜ਼ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 5 ਸ਼ਾਖਾ)

ਨੰ: 4/7/86-1 ਸਿ (5)/2664 ਮਿਤੀ, ਚੰਡੀਗੜ੍ਹ 14 ਦਸੰਬਰ, 90

ਕਾਪੀ ਹੇਠ ਲਿਖਿਆਂ ਨੂੰ ਸੂਚਨਾ ਤੇ ਤੁਰੰਤ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ :-

1) ਸਮੂਹ ਵਿਭਾਗਾਂ ਦੇ ਮੁੱਖ/ਕਾਰਪੋਰੇਸ਼ਨਜ਼ ਅਤੇ ਬੋਰਡਜ਼ ।

2) ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ ।

3) ਡਵੀਜ਼ਨਾਂ ਦੇ ਕਮਿਸ਼ਨਰਜ਼/ਸਮੂਹ ਡਿਪਟੀ ਕਮਿਸ਼ਨਰਜ਼

4) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ

ਸਹੀ /-
ਅਧੀਨ ਸਕੱਤਰ, ਸਿੱਖਿਆ।

**ਨੰ: 13/40/90-2 ਪੀ ਪੀ -11 /23246**

**ਪੰਜਾਬ ਸਰਕਾਰ**
**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ**
**(ਪੀ. ਪੀ. 11 ਸ਼ਾਖਾ)**

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਸੈਸ਼ਨ ਜੱਜ ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ।

ਮਿਤੀ , ਚੰਡੀਗੜ੍ਹ, 26 ਦਸੰਬਰ, 1990

ਵਿਸ਼ਾ : ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ ਵਿਖੇ ਪੰਜਾਬੀ ਦੀ ਵਰਤੋਂ -ਅੰਗਰੇਜ਼ੀ ਟਾਈਪ ਮਸ਼ੀਨਾਂ ਦੀ ਖਰੀਦ ਤੇ ਪਾਬੰਦੀ ਲਾਉਣ ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਪੰਜਾਬ ਸਰਕਾਰੀ ਭਾਸ਼ਾ ਐਕਟ 1967 ਵੱਲ ਦਿਵਾਵਾਂ ਜਿਸ ਅਨੁਸਾਰ ਪੰਜਾਬ ਰਾਜ ਦੇ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਨਾਉਣ/ਵਰਤਣ ਦਾ ਐਲਾਨ ਕੀਤਾ ਗਿਆ ਸੀ । ਇਸ ਮੰਤਵ ਦੀ ਪ੍ਰਾਪਤੀ ਲਈ ਇਸ ਵਿਭਾਗ ਵਲੋਂ ਪੰਜਾਬ ਸਰਕਾਰ ਦੇ ਪੱਤਰ ਨੰ: 5853 -1 ਪਸ-67/23879 ਮਿਤੀ 2 ਨਵੰਬਰ 1967 ਅਤੇ ਇਸ ਸਬੰਧੀ ਸਮੇਂ ਸਮੇਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਲ ਵੀ ਆਪ ਦਾ ਧਿਆਨ ਦਿਵਾਇਆ ਜਾਂਦਾ ਹੈ । ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਦੀ ਵਰਤੋਂ ਲਈ ਪੰਜਾਬ ਰਾਜ ਦੇ ਭਾਸ਼ਾ ਵਿਭਾਗ ਵਲੋਂ ਦਫ਼ਤਰਾਂ ਨੂੰ ਆਰੰਭ ਵਿਚ 2700 ਪੰਜਾਬੀ ਟਾਈਪ ਮਸ਼ੀਨਾਂ ਸਪਲਾਈ ਕੀਤੀਆਂ ਗਈਆਂ ਸਨ ਅਤੇ ਸਰਕਾਰੀ ਕਰਮਚਾਰੀਆਂ ਨੂੰ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦੀ ਸਿਖਲਾਈ ਵੀ ਦਿੱਤੀ ਜਾਂਦੀ ਰਹੀ ਹੈ । ਇਸ ਵਿਭਾਗ ਵਲੋਂ ਰਾਜ ਦੇ ਸਮੂਹ ਵਿਭਾਗਾਂ ਨੂੰ ਪੱਤਰ ਨੰ: 5853-1ਪਸ-67/23879 ਮਿਤੀ 2 ਨਵੰਬਰ, 1967 ਅਨੁਸਾਰ ਇਹ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਇਕ ਅੰਗਰੇਜ਼ੀ ਮਸ਼ੀਨ ਬਦਲੇ ਪੰਜਾਬੀ ਦੀ ਇਕ ਮਸ਼ੀਨ ਖਰੀਦਣ ਨੂੰ ਅਧਾਰ ਬਨਾਉਣ । ਇਸ ਸਬੰਧ ਵਿਚ ਰਾਜ ਦੇ ਸਿੱਖਿਆ ਵਿਭਾਗ ਵਲੋਂ ਪੱਤਰ ਨੰ: 2031-ਆਈ.ਐਲ.ਜੀ. 67/8068 ਮਿਤੀ 4.7.67 ਰਾਹੀਂ ਜ਼ਿਲ੍ਹਾ ਪੱਧਰ ਅਤੇ ਹੇਠਲੇ ਦਫ਼ਤਰਾਂ ਨੂੰ ਇਹ ਹਦਾਇਤਾਂ ਵੀ ਕੀਤੀਆਂ ਗਈਆਂ ਸਨ ਕਿ ਉਹ ਪੰਜਾਬੀ ਦੀਆਂ ਮਸ਼ੀਨਾਂ ਇਕ ਮਹੀਨੇ ਦੇ ਅੰਦਰ ਅੰਦਰ ਖਰੀਦ ਲੈਣ ਨਹੀਂ ਤਾਂ ਉਨ੍ਹਾਂ ਦੀਆਂ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਵਾਪਸ ਲੈ ਲਈਆਂ ਜਾਣਗੀਆਂ । ਰਾਜ ਦੇ ਸਿੱਖਿਆ ਤੇ ਭਾਸ਼ਾ ਵਿਭਾਗ ਵਲੋਂ ਹੁਣ ਸੂਚਿਤ ਕੀਤਾ ਗਿਆ ਹੈ ਕਿ ਵਿਭਾਗ ਵਲੋਂ ਇਸ ਸਬੰਧੀ ਕੀਤੀਆਂ ਗਈਆਂ ਹਦਾਇਤਾਂ ਅਤੇ

ਸਰਕਾਰ ਦੀ ਭਾਸ਼ਾ ਨੀਤੀ ਦੀ ਇਨ ਬਿਨ ਪਾਲਣਾ ਨਹੀਂ ਕੀਤੀ ਜਾ ਰਹੀ ਹੈ ਅਤੇ ਦਫ਼ਤਰਾਂ ਵਿਚ ਅਜੇ ਵੀ ਬਹੁਤ ਸਾਰਾ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿਚ ਹੋ ਰਿਹਾ ਹੈ ਜਿਹੜਾ ਕਿ ਪੰਜਾਬ ਸਰਕਾਰੀ ਭਾਸ਼ਾ ਐਕਟ 1967 ਦੇ ਉਪਬੰਧਾਂ ਦੀ ਅਤੇ ਪੰਜਾਬ ਰਾਜ ਦੇ ਸਿੱਖਿਆ ਤੇ ਭਾਸ਼ਾ ਵਿਭਾਗ ਅਤੇ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਵਲੋਂ ਇਸ ਸਬੰਧੀ ਸਮੇਂ ਸਮੇਂ ਕੀਤੀਆਂ ਗਈਆਂ ਹਦਾਇਤਾਂ ਦੀ ਉਲੰਘਣਾ ਹੈ । ਸਰਕਾਰ ਨੇ ਸਰਕਾਰੀ ਕੰਮ ਕਾਜ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ ।

2. ਰਾਜ ਦੇ ਸਿੱਖਿਆ ਤੇ ਭਾਸ਼ਾ ਵਿਭਾਗ ਨੇ ਇਹ ਸੂਚਿਤ ਕੀਤਾ ਹੈ ਕਿ ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਕੰਮ-ਕਾਰ ਕਰਨ ਨੂੰ ਯਕੀਨੀ ਬਣਾਉਣ ਲਈ ਹੁਣੇ ਹੀ ਇਕ ਉੱਚ ਪੱਧਰੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਦੀ ਖਰੀਦ ਤੇ ਪਾਬੰਦੀ ਲਗਾਈ ਜਾਵੇ । ਉਕਤ ਫੈਸਲੇ ਨੂੰ ਮੁੱਖ ਰਖਦੇ ਹੋਏ ਇਸ ਸਬੰਧ ਵਿਚ ਇਹ ਭੀ ਦੱਸਿਆ ਜਾਂਦਾ ਹੈ ਕਿ ਸਮੇਂ ਸਮੇਂ ਸਿੱਖਿਆ ਤੇ ਭਾਸ਼ਾ ਵਿਭਾਗ ਅਤੇ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਵਲੋਂ ਹੁਣ ਤੱਕ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪੁਰਜ਼ੋਰ ਅਤੇ ਸਖਤੀ ਨਾਲ ਇਨ-ਬਿਨ ਪਾਲਣਾ ਕੀਤੀ ਜਾਵੇ ।

3. ਉਕਤ ਸਥਿਤੀ ਨੂੰ ਮੱਖ ਰਖਦੇ ਹੋਏ ਸਰਕਾਰ ਵਲੋਂ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਦੀ ਖਰੀਦ ਤੇ ਤੁਰੰਤ ਪਾਬੰਦੀ ਲਗਾਈ ਜਾਂਦੀ ਹੈ । ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਇਨ੍ਹਾਂ ਹਦਾਇਤਾਂ ਦੀ ਕਿਸੇ ਅਧਿਕਾਰੀ ਵਲੋਂ ਉਲੰਘਣਾ ਅਤੇ ਅਣਗਹਿਲੀ /ਲਾਪਰਵਾਹੀ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

4. ਇਹ ਹਦਾਇਤਾਂ ਆਪ ਦੇ ਅਧੀਨ ਕੰਮ ਕਰਦੇ ਸਾਰੇ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿਚ ਇਨ-ਬਿਨ ਪਾਲਣਾ ਹਿੱਤ ਲਿਆ ਦਿੱਤੀਆਂ ਜਾਣ ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,

ਸਹੀ/-

ਮੁੱਖ ਸਕੱਤਰ, ਪੰਜਾਬ

ਉਪਰੋਕਤ ਦੀ ਕਾਪੀ ਸਮੂਹ ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ ।

ਸਹੀ/-

ਉਪ ਸਕੱਤਰ ਪ੍ਰਸੋਨਲ (ਸ)

ਸੇਵਾ ਵਿਖੇ

1. ਸਮੂਹ ਵਿੱਤ ਕਮਿਸ਼ਨਰਜ਼ ਅਤੇ
2. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅੰ.ਵਿ.ਪੱਤਰ ਨੰ: 13/40/90-2 ਪੀਪੀ /11/ ਮਿਤੀ 26 ਦਸੰਬਰ, 1990

## ਕਾਂਡ XX

**No. 3286 General 1/X.Z.2**

From

The Registrar,
Punjab and Haryana High Court,
Chandigarh.

To

1. All the District and Sessions Judges in the State of Punjab.

2. All the District and Sessions Judges in the State of Haryana.

Dated Chandigarh the 5th February, 1991.

Subject : Court Language in Subordinate Courts.

Sir,

I am directed to refer to this Court's Circular letter No.364-G.X.Z.2, dated 8.1.1969, regarding introduction of Punjabi / Hindi for official use in subordinate Courts.

By virtue of Notification No. 69 (243) 4 J-62/42279, and 69 (243) -4 J-62/42280, dated 28.9.1962, issued under section 137 of the code of Civil Procedure, 1908 and Section 558 of the Code of Criminal Procedure, 1973 (Now Section 272 of the Cr. P.C.) , respectively, the language of the Courts subordinate to the High Court was declared Punjabi in Gurmukhi script in Punjabi Region and Hindi in Devnagri script in Hindi Region w.e.f. 2.1.1962, but at the same time it was also provided in those notifications that English shall continue to be used for those court purposes for which it was being used immediately before the aforesaid date.

2. With the reorganisation of Punjab w.e.f. 1.11.1966 the same position continued in the States of Punjab and Haryana, respectively, Punjab Official Languages Act, 1967 Provided that Language in the State of Punjab shall be Punjabi, The Haryana Official Languages Act, 1969 contains similar provisions in respect of the State of Haryana.

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

Attention is also invited to the Provisions of Section 272,274,277 and 354 of the Cr. P.C. and Section 137 and Rule 9 of the Code of Civil Procedure, 1908 in this regard.

This is for your guidance please.

Yours faithfully,

REGISTRAR.

ਨੰ: 9/3/91-5 ਪੀ.ਪੀ. 3/3380
ਪੰਜਾਬ ਸਰਕਾਰ
ਪ੍ਰਸੋਨਲ ਤੇ ਪ੍ਰਬੰਧਕੀ ਸੁਧਾਰ ਵਿਭਾਗ
(ਪੀ.ਪੀ. 3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰਜ਼, ਜ਼ਿਲ੍ਹਾ ਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰਜ਼ ਅਤੇ ਸਬ ਡਵੀਜ਼ਨਲ ਅਫ਼ਸਰ (ਸਿਵਲ)

ਮਿਤੀ ਚੰਡੀਗੜ੍ਹ 5-3-91

ਵਿਸ਼ਾ : ਪੰਜਾਬੀ ਭਾਸ਼ਾ ਦੇ ਪ੍ਰਚਲਣ, ਗਿਆਨੀ ਜਾਂ ਪੰਜਾਬੀ ਭਾਸ਼ਾ ਦੀ ਐਮ.ਏ. ਦੀ ਯੋਗਤਾ ਪ੍ਰਾਪਤ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਉਤਸ਼ਾਹ ਦੇਣ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਇਸ ਵਿਭਾਗ ਦੀਆਂ ਹਦਾਇਤਾਂ ਨੰ: 3600-2 ਸ2 / 75/22209 ਮਿਤੀ 26/6475 ਵੱਲ ਦਿਵਾਉਂਦਿਆਂ ਹੋਇਆ ਮੈਨੂੰ ਇਹ ਲਿਖਣ ਦਾ ਆਦੇਸ਼ ਹੋਇਆ ਹੈ ਕਿ ਪੰਜਾਬੀ ਭਾਸ਼ਾ ਦੇ ਰਾਜ ਭਾਸ਼ਾ ਬਣ ਜਾਣ ਨਾਲ ਹਰ ਸਰਕਾਰੀ ਕਰਮਚਾਰੀ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਇਸ ਭਾਸ਼ਾ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੇ ਤਾਂ ਜੋ ਸਰਕਾਰੀ ਕੰਮ ਕਾਜ ਠੀਕ ਅਤੇ ਸੁਚੱਜੇ ਢੰਗ ਨਾਲ ਹੋਵੇ । ਇਸ ਆਸ਼ੇ ਨੂੰ ਪੂਰਾ ਕਰਨ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਸਰਕਾਰੀ ਕਰਮਚਾਰੀ ਗਿਆਨੀ (ਪੰਜਾਬੀ ਵਿਚ ਆਨਰਜ਼) ਜਾਂ ਪੰਜਾਬੀ ਵਿਚ ਐਮ.ਏ. ਦੀ ਯੋਗਤਾ ਪ੍ਰਾਪਤ ਕਰਨਗੇ ਉਨ੍ਹਾਂ ਨੂੰ 500/- ਰੁਪਏ (ਪੰਜਾਬ ਦੇ ਰਹਿਣ ਵਾਲਿਆਂ) ਅਤੇ 1000/- ਰੁਪਏ (ਨਾਨ ਪੰਜਾਬੀ ਨੂੰ ) ਦਾ ਇਨਾਮ ਦਿੱਤਾ ਜਾਵੇ । ਇਹ ਇਨਾਮ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਹੋਵੇਗਾ :-

ੳ) ਇਨਾਮ ਦੀ ਵਧਾਈ ਗਈ ਰਕਮ ਕੇਵਲ ਅੱਗੇ ਤੋਂ ਹੀ ਲਾਗੂ ਹੋਵੇਗੀ। ਪਿਛਲੇ ਕੇਸਾਂ ਵਿਚ ਇਹ ਲਾਗੂ ਨਹੀਂ ਹੋਵੇਗੀ ।

ਅ) ਇਹ ਇਨਾਮ ਉਨ੍ਹਾਂ ਕਰਮਚਾਰੀਆਂ ਨੂੰ ਹੀ ਮਿਲਣਗੇ ਜਿਹੜੇ ਇਹ ਯੋਗਤਾ ਸਰਕਾਰੀ ਸੇਵਾ ਵਿਚ ਨਿਯੁਕਤੀ ਹੋਣ ਉਪਰੰਤ ਪ੍ਰਾਪਤ

ਕਰਦੇ ਹਨ ਅਤੇ ਜਿਹੜੇ ਕਰਮਚਾਰੀ ਨਿਯੁਕਤੀ ਤੋਂ ਪਹਿਲਾਂ ਹੀ ਇਹ ਯੋਗਤਾ ਰੱਖਦੇ ਹਨ ਉਨ੍ਹਾਂ ਨੂੰ ਇਹ ਇਨਾਮ ਨਹੀਂ ਦਿੱਤਾ ਜਾਵੇਗਾ ।

2. ਇਹ ਫੈਸਲਾ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ; ।

3. ਨਿਯੁਕਤੀ ਅਧਿਕਾਰੀ ਉਪਰੋਕਤ ਇਨਾਮ ਦੇਣ ਲਈ ਸਮਰੱਥ ਅਧਿਕਾਰੀ ਹੋਣਗੇ ਅਤੇ ਇਸ ਸਬੰਧੀ ਖਰਚਾ ਸਬੰਧਤ ਵਿਭਾਗ ਨੂੰ ਆਪਣੇ ਸਲਾਨਾ ਬਜਟ ਵਿਚੋਂ ਹੀ ਕਰਨਾ ਪਵੇਗਾ ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,

(ਪੀ ਸੀ ਸੰਗਰ )

ਉਪ ਸਕੱਤਰ ਪ੍ਰਸੋਨਲ (ਐਸ)

ਨੰ: 9/3/91-5 ਪੀ.ਪੀ. 3/3381 ਮਿਤੀ 5-3-1991

ਇਕ ਉਤਾਰਾ ਵਿੱਤੀ ਕਮਿਸ਼ਨਰਜ਼ ਅਤੇ ਸਾਰੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਨੋਟ : ਨੰ: 9/3191/5-ਪੀ.ਪੀ.3/3382 ਮਿਤੀ ਚੰਡੀਗੜ੍ਹ 5.3.1991

ਇਕ ਉਤਾਰਾ ਸਕੱਤਰ, ਪੰਜਾਬ ਸਰਕਾਰ ਵਿੱਤ ਵਿਭਾਗ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ (ਐਸ)

ਇਸ ਦਾ ਇਕ ਉਤਾਰਾ ਸੰਯੁਕਤ ਸਕੱਤਰ ਕੋਆਰਡੀਨੇਸ਼ਨ ਨੂੰ ਉਨ੍ਹਾਂ ਦੇ ਗੈ.ਸ.ਪ.ਨੰ: 1/1/91- ਕੈਬਨਿਟ ਮਿਤੀ 28.1.91 ਦੇ ਸਬੰਧ ਵਿਚ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ (ਐਸ)

ਸੇਵਾ ਵਿਚ

ਸੰਯੁਕਤ ਸਕੱਤਰ ਕੋਆਰਡੀਨੇਸ਼ਨ

(ਕੈਬਨਿਟ ਸ਼ਾਖਾ)

ਗੈ:ਸ: ਪ: ਨੰ: 9/3/91-5 ਪੀ.ਪੀ..3/ ਮਿਤੀ ਚੰਡੀਗੜ੍ਹ

## ਪੰਜਾਬ ਸਰਕਾਰ
## ਛਪਾਈ ਤੇ ਲਿਖਣ ਸਮੱਗਰੀ ਵਿਭਾਗ

ਸੇਵਾ ਵਿਖੇ

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ।
2. ਸਕੱਤਰ ਤਾਲਮੇਲ, ਪੰਜਾਬ ਸਰਕਾਰ।
3. ਸਕੱਤਰ, ਪੰਜਾਬ ਸਰਕਾਰ, ਟੈਕਨੀਕਲ ਐਜੂਕੇਸ਼ਨ ਵਿਭਾਗ।
4. ਸਕੱਤਰ, ਪੰਜਾਬ ਸਰਕਾਰ, ਸਾਇੰਸ ਤੇ ਟੈਕਨਾਲੋਜੀ ਵਿਭਾਗ।
5. ਸੰਯੁਕਤ ਸਕੱਤਰ, ਸਕੱਤਰੇਤ ਪ੍ਰਸ਼ਾਸਨ।
6. ਸੰਯੁਕਤ ਸਕੱਤਰ ਵਿੱਤੀ ਕਮਿਸ਼ਨਰ (ਮਾਲ) (ਪ੍ਰਸ਼ਾਸਨ)।
7. ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ ਪੰਜਾਬ, ਚੰਡੀਗੜ੍ਹ।
8. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ।
9. ਡਾਇਰਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਮੀਮੋ ਨੰ: 3/31/90/1ਪਸ / 519

ਮਿਤੀ, ਚੰਡੀਗੜ੍ਹ 19 ਮਾਰਚ, 1991.

ਵਿਸ਼ਾ : ਅੰਗਰੇਜ਼ੀ ਟਾਈਪ ਮਸ਼ੀਨਾਂ ਦੇ ਕੀ-ਬੋਰਡ ਨੂੰ ਪੰਜਾਬੀ ਬੋਰਡ ਵਿਚ ਤਬਦੀਲ ਕਰਨ ਬਾਰੇ ਤਜਵੀਜ਼।

******

ਉਪਰੋਕਤ ਤਜਵੀਜ਼ ਤੇ ਵਿਚਾਰ ਵਟਾਂਦਰਾ ਕਰਨ ਲਈ ਮਿਤੀ 22.3.91 ਨੂੰ ਬਾਅਦ ਦੁਪਹਿਰ 2.30 ਵਜੇ ਕਮੇਟੀ ਰੂਮ, 6ਵੀਂ ਮੰਜ਼ਲ, ਪੰਜਾਬ ਸਿਵਲ ਸਕੱਤਰੇਤ ਵਿਖੇ ਸਕੱਤਰ ਛਪਾਈ ਤੇ ਲਿਖਣ ਸਮੱਗਰੀ ਜੀ ਦੀ ਅਧਿਕਸ਼ਤਾ ਹੇਠ ਵਿਸ਼ੇ ਸਬੰਧੀ ਇਕ ਮੀਟਿੰਗ ਬੁਲਾਈ ਗਈ ਹੈ। ਆਪ ਜੀ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਮੀਟਿੰਗ ਵਿਚ ਵਿਚਾਰੇ ਜਾਣ ਵਾਲੇ ਵਾਲੇ ਅਜੰਡੇ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

ਸੁਪਰਡੈਂਟ

ਵਿਸ਼ਾ :- ਅੰਗਰੇਜ਼ੀ ਟਾਈਪ ਮਸ਼ੀਨਾਂ ਦੇ ਕੀ ਬੋਰਡ ਨੂੰ ਪੰਜਾਬੀ ਟਾਈਪ ਵਿਚ ਤਬਦੀਲ ਕਰਨ ਬਾਰੇ ।

******

ਪੰਜਾਬ ਰਾਜ ਵਿੱਚ ਪੰਜਾਬੀ ਭਾਸ਼ਾ ਅਪਣਾਉਣ /ਵਰਤਨ ਦਾ ਐਲਾਨ ਭਾਸ਼ਾ ਐਕਟ 1967 ਅਨੁਸਾਰ ਕੀਤਾ ਗਿਆ ਸੀ । ਇਸ ਮੰਤਵ ਲਈ ਸਰਕਾਰ ਵਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਹੁੰਦੀਆਂ ਰਹੀਆਂ ਹਨ । ਮੁੜ ਮੁੜ ਪੰਜਾਬ ਸਰਕਾਰ ਵਲੋਂ 20 ਦਸੰਬਰ, 1990 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਰਕਾਰੀ ਦਫਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨ ਨੂੰ ਯਕੀਨੀ ਬਣਾਇਆ ਜਾਵੇ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਅੰਗਰੇਜ਼ੀ ਟਾਈਪ ਮਸ਼ੀਨਾਂ ਦੀ ਖਰੀਦ ਤੇ ਪਾਬੰਦੀ ਲਗਾਈ ਜਾਂਦੀ ਹੈ ਅਤੇ ਦਫਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਕੰਮ ਕਾਜ ਕਰਨ ਤੇ ਜ਼ੋਰ ਦਿੱਤਾ ਗਿਆ ਹੈ, ਜਿਸ ਤਰ੍ਹਾਂ ਕਿ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਨੁਸਾਰ ਲੋੜੀਂਦਾ ਹੈ। ਇਸ ਸਥਿਤੀ ਦੇ ਸਨਮੁੱਖ ਪੰਜਾਬੀ ਟਾਈਪ ਮਸ਼ੀਨਾਂ ਦੀ ਮੰਗ ਵੱਧ ਗਈ ਹੈ ਅਤੇ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਵਾਧੂ (ਸਰਪਲੱਸ) ਹੋ ਗਈਆਂ ਹਨ । ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆ ਕਿ ਪੰਜਾਬੀ ਦੀਆਂ ਨਵੀਆਂ ਮਸ਼ੀਨਾਂ ਦੀ ਖਰੀਦ ਤੇ ਬਹੁਤ ਖਰਚਾ ਸਰਕਾਰ ਦਾ ਆਵੇਗਾ । ਇਹ ਵਿਚਾਰ ਕੀਤੀ ਗਈ ਹੈ ਕਿ ਮੌਜੂਦਾ ਅੰਗਰੇਜ਼ੀ ਟਾਈਪ ਮਸ਼ੀਨਾਂ ਨੂੰ ਪੰਜਾਬੀ ਟਾਈਪ ਮਸ਼ੀਨਾਂ ਵਿਚ ਤਬਦੀਲ/ਕਨਵਰਟ ਕਰਾ ਲੈਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਅੰਗਰੇਜ਼ੀ ਦੀਆਂ ਠੀਕ ਮਸ਼ੀਨਾਂ ਦੀ ਵਰਤੋਂ ਥੋੜੇ ਖਰਚੇ ਵਿਚ ਹੀ ਕੀਤੀ ਜਾ ਸਕੇਗੀ ਅਤੇ ਨਵੀਂ ਪੰਜਾਬੀ ਮਸ਼ੀਨਾਂ ਖਰੀਦਣ ਦਾ ਖਰਚਾ ਜੋ ਤਕਰੀਬਨ 5000/- ਰੁਪਏ ਤਕ ਆਉਂਦਾ ਹੈ ਬਚ ਜਾਵੇਗਾ ।

2. ਇਸ ਸਿਲਸਿਲੇ ਵਿਚ ਮੈ/ਸ ਪੂਰੀ ਸਨਜ਼ (ਇੰਡੀਆ) ਪ੍ਰਾਈਵੇਟ ਲਿਮਟਿਡ ਸੈਕਟਰ-22, ਚੰਡੀਗੜ੍ਹ ਨੇ ਸਭ ਤੋਂ ਪਹਿਲਾਂ ਮੁੱਖ ਸਕੱਤਰ ਜੀ ਨੂੰ ਅੰਗਰੇਜ਼ੀ ਟਾਈਪ ਨੂੰ ਪੰਜਾਬੀ ਵਿਚ ਤਬਦੀਲ ਕਰਨ ਲਈ ਆਪਣੇ ਪੱਤਰ ਮਿਤੀ 10.12.90 (ਅਨੁਲੱਗ 'ਅ') ਰਾਹੀਂ ਪੇਸ਼ਕਸ਼ ਕੀਤੀ ਹੈ । ਇਸ ਤੋਂ ਬਾਅਦ ਇਸ ਮਸਲੇ ਤੇ ਮਿਤੀ 7.1.91 ਨੂੰ ਸਕੱਤਰ ਛਪਾਈ ਅਤੇ ਲਿਖਣ ਸਮੱਗਰੀ ਵਲੋਂ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਨਾਲ ਵਿਸਥਾਰ ਨਾਲ ਵਿਚਾਰ ਕੀਤੀ ਗਈ ਅਤੇ ਇਸ ਤਜਵੀਜ਼ ਦੀ ਵਿੱਤੀ ਤਕਨੀਕੀ ਫਿਜ਼ੀਬਿਲਟੀ, ਟਾਈਮ ਫੈਕਟਰ ਆਦਿ ਤੇ ਪੂਰੀ ਤਰ੍ਹਾਂ ਵਿਚਾਰਣ ਲਈ ਪ੍ਰਾਈਵੇਟ ਫਰਮਾਂ ਤੋਂ ਅਤੇ ਸਰਕਾਰੀ ਮੈਕਨਿਕਾਂ ਤੋਂ ਇਹ ਕੰਮ ਕਰਾਉਣ ਵਿਚ ਸਾਰੇ ਵੇਰਵੇ ਕੰਟਰੋਲਰ ਨੂੰ ਪ੍ਰਾਪਤ ਕਰਨ ਲਈ ਕਿਹਾ ਗਿਆ । ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਸਾਹਿਬਾਂ ਵਲੋਂ ਆਪਣੇ ਨੋਟ ਮਿਤੀ 1.2.1991 (ਅਨੁਲੱਗ 'ੲ') ਰਾਹੀਂ ਸਥਿਤੀ ਦੱਸੀ ਹੈ ਅਤੇ ਮੈਸਰਜ਼ ਪੂਰੀ ਸੰਨਜ਼ ਤੋਂ ਇਲਾਵਾ ਦੂਸਰੀਆਂ ਫਰਮਾਂ ਨਾਲ ਵੀ ਸੰਪਰਕ ਕਰਕੇ ਸਾਰੀ ਪੋਜੀਸ਼ਨ ਸਪਸ਼ਟ ਕੀਤੀ ਹੈ ।

3. ਇਹ ਵਿਚਾਰ ਕੀਤਾ ਗਿਆ ਹੈ ਕਿ ਇਸ ਮਾਮਲੇ ਤੇ ਫ਼ੈਸਲਾ ਕਰਨਾ ਨਾ ਕੇਵਲ ਅਤਿ ਜ਼ਰੂਰੀ ਹੈ ਬਲਕਿ ਫੈਸਲਾ ਛੇਤੀ ਕਰਨ ਦੀ ਉਚਿੱਤਤਾ ਵੀ ਹੈ। ਫ਼ੈਸਲਾ ਕਰਨ ਤੋਂ ਪਹਿਲਾਂ ਇਸ ਮਾਮਲੇ ਬਾਰੇ ਸਬੰਧਤ ਵਿਭਾਗਾਂ ਦੇ ਮੁੱਖੀਆਂ /ਤਕਨੀਕੀ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਨਾ ਵਿਭਾਗਾਂ ਅਤੇ ਉਨ੍ਹਾਂ ਵਲੋਂ ਦਿੱਤੇ ਜਾਣ ਵਾਲੇ ਸੁਝਾਵਾਂ ਤੋਂ ਜਾਣੂ ਹੋਣਾ ਵੀ ਅਤਿ ਜ਼ਰੂਰੀ ਹੈ । ਇਸ ਤੋਂ ਬਾਅਦ ਇਸ ਮਾਮਲੇ ਵਿਚ ਵਧੇਰੇ ਹੋਰ ਛਾਣ ਬੀਨ ਹੋ ਸਕੇ । ਮਗਰੋਂ ਅੰਤਮ ਫ਼ੈਸਲੇ ਲਈ ਇਹ ਕੇਸ ਮੁੱਖ ਸਕੱਤਰ ਜੀ ਅਤੇ ਸਲਾਹਕਾਰ (ਵ) ਜੀ ਨੂੰ ਪੇਸ਼ ਕੀਤਾ ਜਾ ਸਕੇ । ਇਸ ਮੰਤਵ ਲਈ ਮੀਟਿੰਗ ਹੇਠ ਅੰਕਿਤ ਕੀਤੇ ਅਫ਼ਸਰਾਂ ਦੀ ਬੁਲਾਉਣ ਦਾ ਸੁਝਾਅ ਦਿੱਤਾ ਹੈ । ਜਿਸ ਵਿਚ ਖੁਲ੍ਹੇ ਤੌਰ ਤੇ ਹਰ ਪਖੋਂ ਵਿਚਾਰ ਕੀਤਾ ਜਾਵੇ:-

1. ਸਕੱਤਰ ਸਿੱਖਿਆ ਵਿਭਾਗ ।
2. ਡਾਇਰੈਕਟਰ ਭਾਸ਼ਾ ਵਿਭਾਗ ।
3. ਸਕੱਤਰ ਤਾਲਮੇਲ (ਕੋਆਰਡੀਨੇਸ਼ਨ)
4. ਸੰਯੁਕਤ ਸਕੱਤਰ ਸਕੱਤਰੇਤ ਪ੍ਰਸ਼ਾਸਨ ।
5. ਇਕ ਵਿੱਤੀ ਕਮਿਸ਼ਨਰਾਂ ਅਤੇ ਦਫ਼ਤਰ ਦਾ ਨੁਮਾਇੰਦਾ ਜਿਹੜਾ ਕਿ ਵਿੱਤੀ ਕਮਿਸ਼ਨਰਾਂ ਦੇ ਦਫ਼ਤਰ ਦੀ ਇਸਟੈਬਲਿਸ਼ਮੈਂਟ ਨੂੰ ਡੀਲ ਕਰਦਾ ਹੋਵੇ ਅਤੇ ਸੰਯੁਕਤ ਸਕੱਤਰ ਦੀ ਪਦਵੀਂ ਤੋਂ ਘੱਟ ਨਾ ਹੋਵੇ ।
6. ਸਕੱਤਰ ਟੈਕਨੀਕਲ ਐਜੂਕੇਸ਼ਨ ।
7. ਡਾਇਰੈਕਟਰ ਟੈਕਨੀਕਲ ਐਜੂਕੇਸ਼ਨ ।
8. ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ।
9. ਸਕੱਤਰ ਸਾਇੰਸ ਅਤੇ ਟੈਕਨਾਲੋਜੀ ।

ਸੰਯੁਕਤ ਸਕੱਤਰ ਸਕੱਤਰੇਤ ਪ੍ਰਸ਼ਸਨ ਵਲੋਂ ਇਕ ਅੱਧ ਸਰਕਾਰੀ ਪੱਤਰ ਮਿਤੀ 11.3.91 ਰਾਹੀਂ ਅੰਗਰੇਜ਼ੀ ਦੀਆਂ ਪੁਰਾਣੀਆਂ ਮਸ਼ੀਨਾਂ ਨੂੰ ਠੀਕ ਕਰਾਉਣ ਨਾਲੋਂ ਇਨ੍ਹਾਂ ਨੂੰ ਦੇ ਕੇ ਨਵੀਆਂ ਮਸ਼ੀਨਾਂ ਖਰੀਦਣਾ ਉਚਿਤ ਹੋਵੇਗਾ ਤੇ ਇਸ ਤਰ੍ਹਾਂ ਦੀ ਤਜਵੀਜ਼ ਦਾ ਕੰਟਰੋਲਰ ਨੇ ਵੀ ਆਪਣੇ ਪੱਤਰ ਵਿਚ ਅਜਿਹੀਆਂ ਕੰਪਨੀਆਂ ਦੇ ਪ੍ਰਤੀਨਿਧਾਂ ਨਾਲ ਹੋਈ ਗਲਬਾਤ ਦਾ ਜ਼ਿਕਰ ਕੀਤਾ ਹੈ । ਸੁਝਾਅ ਅਨੁਸਾਰ 20 ਸਾਲ ਪੁਰਾਣੀਆਂ ਮਸ਼ੀਨਾਂ ਠੀਕ ਕਰਾਉਣ ਨਾਲੋਂ ਨਵੀਆਂ ਮਸ਼ੀਨਾਂ ਨਾਲ ਬਦਲੀ ਕਰਨਾ ਸਰਕਾਰ ਦੀ ਵਿੱਤੀ ਲਾਭ ਲਈ ਠੀਕ ਹੈ । ਉਨ੍ਹਾਂ ਇਹ ਵੀ ਦੱਸਿਆ ਹੈ ਕਿ ਪੁਰਾਣੀਆਂ ਮਸ਼ੀਨਾਂ ਨੂੰ 1500/- ਰੁਪਏ ਪ੍ਰਤੀ ਮਸ਼ੀਨ ਦੇ ਹਿਸਾਬ ਨਾਲ ਰੇਟ ਕੰਨਟਰੈਕਟ ਹੇਠ ਆਉਂਦੀਆਂ ਫ਼ਰਮਾਂ ਨੂੰ ਦੇ ਕੇ ਇਨ੍ਹਾਂ ਪਾਸੋਂ ਨਵੀਆਂ ਮਸ਼ੀਨਾਂ ਦੀ ਖਰੀਦ ਰੇਟ ਕੰਨਟਰੈਕਟ ਦੇ ਆਧਾਰ ਤੇ ਕਰਨੀ ਉਚਿਤ

ਰਹੇਗੀ । ਇਹ ਰੇਟ ਕੰਨਟਰੈਕਟ ਮਿਤੀ 31.3.91 ਨੂੰ ਖਤਮ ਹੋ ਰਿਹਾ ਹੈ ਅਤੇ ਨਵੇਂ ਹੋਏ ਕੰਨਟਰੈਕਟ ਵਿਚ ਮਸ਼ੀਨਾਂ ਦਾ ਰੇਟ ਯਕੀਨੀ ਹੀ ਜ਼ਿਆਦਾ ਹੋਣਗੇ ।

4. ਇਸ ਤੋਂ ਇਲਾਵਾ ਹੇਠ ਲਿਖੇ ਹੋਏ ਨੁਕਤਿਆਂ ਤੇ ਵੀ ਵਿਚਾਰ ਕਰਨਾ ਜ਼ਰੂਰੀ ਬਣਦਾ ਹੈ :-

ੳ) ਕਿ ਕੀ ਪੁਰਾਣੀ ਅੰਗਰੇਜ਼ੀ ਦੀ ਟਾਈਪ ਮਸ਼ੀਨਾਂ ਨੂੰ ਪੰਜਾਬੀ ਟਾਈਪ ਮਸ਼ੀਨ ਵਿੱਚ ਤਬਦੀਲ ਕਰਨਾ ਵਿੱਤੀ, ਤਕਨੀਕੀ ਤੇ ਸਮੇਂ ਪੱਖੋਂ ਠੀਕ ਹੋਵੇਗਾ ?

ਅ) ਕੀ ਜੇਕਰ ਉਪਰੋਕਤ ਤਜਵੀਜ਼ ਦਾ ਉੱਤਰ ਹਾਂ ਵਿਚ ਹੈ ਤਾਂ ਕੀ ਇਹ ਕੰਮ ਸਰਕਾਰੀ ਟਾਈਪ ਰਾਈਟਰ ਵਰਕਸ਼ਾਪ (ਮੋਹਾਲੀ) ਹੀ ਕਰਾਇਆ ਜਾਵੇ ਜਾਂ ਪ੍ਰਾਈਵੇਟ ਫ਼ਰਮਾਂ ਤੋਂ ਕਰਾਇਆ ਜਾਵੇ । ਹਾਲ ਦੀ ਘੜੀ ਕਿੰਨੀਆਂ ਮਸ਼ੀਨਾਂ ਟੈਸਟ ਦੇ ਤੌਰ ਤੇ ਤਬਦੀਲ (ਕਨਵਰਟ) ਕਰਾਈਆਂ ਜਾਣ ?

ੲ) ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਦੇ ਅੰਦਾਜ਼ੇ ਅਨੁਸਾਰ ਇਸ ਵਕਤ 1969 ਤੋਂ ਲੈ ਕੇ 1990 ਤੱਕ ਤਕਰੀਬਨ 3000 ਪੰਜਾਬੀ ਦੀਆਂ 4900 ਅੰਗਰੇਜ਼ੀ ਦੀਆਂ ਮਸ਼ੀਨਾਂ ਖਰੀਦੀਆਂ ਗਈਆਂ ਹਨ । ਜੇਕਰ ਕਨਵਰਸ਼ਨ ਦੀ ਸਕੀਮ ਸਿਰੇ ਚੜ੍ਹ ਜਾਂਦੀ ਹੈ ਤਾਂ ਕੀ ਇਹ ਜ਼ਿਲ੍ਹਾ ਪੱਧਰ ਦੀਆਂ ਮਸ਼ੀਨਾਂ ਦੀ ਕਨਵਰਜ਼ਨ ਕਿਥੇ ਕਰਾਉਣੀ ਠੀਕ ਰਹੇਗੀ, ਆਇਆ ਕੀ ਉਨ੍ਹਾਂ ਨੂੰ ਚੰਡੀਗੜ੍ਹ ਲਿਆਉਣਾ ਪਵੇਗਾ ਜਾਂ ਜ਼ਿਲ੍ਹਾ ਪੱਧਰ ਤੇ ?

ਸ) ਹਾਲ ਦੀ ਘੜੀ ਕਿੰਨੀਆਂ ਪੁਰਾਣੀਆਂ ਮਸ਼ੀਨਾਂ ਦੀ ਕਨਵਰਜ਼ਨ ਕਰਾਉਣੀ ਠੀਕ ਰਹੇਗੀ ?

ਹ) ਕਨਵਰਸ਼ਨ ਤੇ ਆਉਣ ਵਾਲਾ ਖਰਚਾ ਕਿਸ ਤਰ੍ਹਾਂ ਪੂਰਾ ਕੀਤਾ ਜਾਵੇ ਕਿ ਕੀ ਵਿਭਾਗਾਂ ਤੋਂ ਜਾਂ ਕੰਟਰੋਲਰ ਦੀ ਪੱਧਰ ਤੇ ?

ਕ) ਕੀ ਇਹ ਕੰਮ ਸਰਕਾਰੀ ਟਾਈਪ ਰਾਈਟਰ ਵਰਕਸ਼ਾਪ (ਮੋਹਾਲੀ) ਦੇ ਮਕੈਨਿਕਾਂ ਤੋਂ ਕਰਾਇਆ ਜਾਵੇ ਜਾਂ 2-3 ਫ਼ਰਮਾਂ ਤੋਂ ਟੈਂਡਰ ਕਾਲ ਕਰਾਕੇ ਤੇ ਰੇਟ ਕੰਨਟਰੈਕਟ ਮੰਨਜ਼ੂਰ ਹੋਣ ਤੇ ਸਮਾਂ ਮਿਥ ਕੇ ਕਰਾਇਆ ਜਾਵੇ ?

ਖ) ਕਿ ਕੀ ਕਿਸੇ ਵਿਭਾਗ ਦੀ 1-2 ਅੰਗਰੇਜ਼ੀ ਵਾਲੀ ਮਸ਼ੀਨ ਲੈ ਕੇ ਪੰਜਾਬੀ ਵਿਚ ਕਨਵਰਸ਼ਨ ਟੈਸਟ ਦੇ ਤੌਰ ਤੇ ਕਰਾ ਲਈ ਜਾਵੇ ਤੇ 15-20 ਦਿਨ ਮਗਰੋਂ ਇਨ੍ਹਾਂ ਦੀ ਵਰਕਿੰਗ ਬਾਰੇ ਰਿਪੋਰਟ ਮੰਗਾ ਲਈ ਜਾਵੇ ।

ਉਪਰੋਕਤ ਸਥਿਤੀ ਦੇ ਸਨਮੁੱਖ ਦੱਸੇ ਹੋਏ ਨੁਕਤਿਆਂ ਤੇ ਵਿਚਾਰ ਅਤੇ ਫ਼ੈਸਲਾ ਕੀਤਾ ਜਾਣਾ ਵਾਜਬ ਬਣਦਾ ਹੈ ਅਤੇ ਇਹ ਮਾਮਲਾ ਆਪ ਜੀ ਦੇ ਵਿਚਾਰ ਅਤੇ ਨਵੇਂ ਸੁਝਾਅ ਹਿੱਤ ਪੇਸ਼ ਕੀਤਾ ਜਾਂਦਾ ਹੈ ।

**ਨੰ: 3/31/90-1 ਪਸ /810**
**ਪੰਜਾਬ ਸਰਕਾਰ**
**ਛਪਾਈ ਤੇ ਲਿਖਣ ਸਮੱਗਰੀ ਵਿਭਾਗ**

ਸੇਵਾ ਵਿਖੇ,

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।
2. ਸਕੱਤਰ, ਤਾਲਮੇਲ, ਪੰਜਾਬ ਸਰਕਾਰ ।
3. ਸਕੱਤਰ , ਪੰਜਾਬ ਸਰਕਾਰ, ਟੈਕਨੀਕਲ ਐਜੂਕੇਸ਼ਨ ਵਿਭਾਗ ।
4. ਸਕੱਤਰ, ਪੰਜਾਬ ਸਰਕਾਰ, ਸਾਇੰਸ ਤੇ ਟੈਕਨੋਲਜੀ ਵਿਭਾਗ ।
5. ਸੰਯੁਕਤ ਸਕੱਤਰ, ਸਕੱਤਰੇਤ ਪ੍ਰਸ਼ਾਸਨ ।
6. ਸੰਯੁਕਤ ਸਕੱਤਰ ਵਿੱਤੀ ਕਮਿਸ਼ਨਰ (ਮਾਲ) (ਪ੍ਰਸ਼ਾਸ਼ਨ) ।
7. ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ ਪੰਜਾਬ, ਚੰਡੀਗੜ੍ਹ ।
8. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ।
9. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।
10. ਅਧੀਨ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ।

ਮਿਤੀ, ਚੰਡੀਗੜ੍ਹ 6-5-91

ਵਿਸ਼ਾ :- ਅੰਗਰੇਜ਼ੀ ਟਾਈਪ ਮਸ਼ੀਨਾਂ ਦੇ ਕੀ ਬੋਰਡ ਨੂੰ ਪੰਜਾਬੀ ਦੇ ਕੀ ਬੋਰਡ ਵਿਚ ਤਬਦੀਲ ਕਰਨ ਬਾਰੇ ਮਿਤੀ 22.3.91 ਨੂੰ ਸ਼ਾਮ ਦੇ 2.30 ਵਜੇ ਹੋਈ ਮੀਟਿੰਗ ਦੀ ਕਾਰਵਾਈ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਕੱਤਰ, ਛਪਾਈ ਅਤੇ ਲਿਖਣ ਸਮੱਗਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 22.3.91 ਨੂੰ ਸ਼ਾਮ 2.30 ਵਜੇ ਕਮੇਟੀ ਰੂਮ, 6ਵੀਂ ਮੰਜ਼ਲ, ਪੰਜਾਬ ਸਿਵਲ ਸਕੱਤਰੇਤ ਵਿਖੇ, ਹੋਈ ਮੀਟਿੰਗ ਦੀ ਕਾਰਵਾਈ, ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਣ ਦੀ ਹਦਾਇਤ ਹੋਈ ਹੈ ।

ਉਪ ਸਕੱਤਰ ।

ਵਾਧੂ ਅੰਗਰੇਜ਼ੀ ਟਾਈਪ ਮਸ਼ੀਨਾਂ ਦੇ ਕੀ-ਬੋਰਡ ਨੂੰ ਪੰਜਾਬੀ ਦੇ ਕੀ ਬੋਰਡ ਵਿਚ ਬਦਲਣ ਬਾਰੇ ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਦੀ ਪ੍ਰਧਾਨਗੀ ਹੇਠ 22.3.91 ਨੂੰ ਸ਼ਾਮ ਦੇ 2.30 ਵਜੇ ਕਮੇਟੀ ਰੂਮ 6ਵੀਂ ਮੰਜ਼ਲ ਤੇ ਹੋਈ ਮੀਟਿੰਗ ਦੀ ਕਾਰਵਾਈ ਬਾਰੇ ।

*******

ਨਿਮਨ ਲਿਖਤ ਅਫ਼ਸਰ ਮੀਟਿੰਗ ਵਿਚ ਹਾਜ਼ਰ ਸਨ :

1. ਸ਼੍ਰੀਰਾਮ ਗੋਪਾਲਾ , ਆਈ.ਏ.ਐਸ.,
ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ — ਚੇਅਰਮੈਨ
ਵਿਸ਼ੇਸ਼ ਤੌਰ ਤੇ ਸੱਦੇ ਹੋਏ :-

2. ਸ੍ਰੀਮਤੀ ਆਗਿਆ ਰਾਜਿੰਦਰ ਸਿੰਘ, ਆਈ.ਏ.ਐਸ.
ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ

3. ਸ੍ਰੀ ਅਨੋਖ ਸਿੰਘ,
ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

4. ਸ੍ਰੀ ਗੁਰਦੇਵ ਸਿੰਘ ਬਾਂਸੀ,
ਅਧੀਨ ਸਕੱਤਰ (ਜ)
ਪੰਜਾਬ ਸਿਵਲ ਸਕੱਤਰੇਤ ।

5. ਸ੍ਰੀ ਅਮਰ ਨਾਥ
ਉਪ ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ । — ਹਾਜ਼ਰੀ ਵਿੱਚ

ਮੀਟਿੰਗ ਦੀ ਨਿਸ਼ਚਿਤ ਕਾਰਜ ਸੂਚੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਨੇ ਅੰਗਰੇਜ਼ੀ ਦੀਆਂ ਮੈਨੂਅਲ ਟਾਈਪ ਮਸ਼ੀਨਾਂ ਦੀ ਖਰੀਦ ਤੇ ਜੋ ਸਰਕਾਰ ਵਲੋਂ ਪਾਬੰਦੀ ਲਗਾਈ ਹੈ ਤੇ ਚਾਨਣਾ ਪਾਇਆ ਤੇ ਇਸ ਬਾਰੇ ਅਜੇਹਾ ਨੋਟ ਦੇ ਪੈਰ੍ਹਾ 1 ਅਤੇ 2 ਜੋ ਮਿਤੀ 19.3.91 ਨੂੰ ਸਰਕੂਲੇਟ ਕੀਤਾ ਗਿਆ ਸੀ ਵੱਲ ਧਿਆਨ ਦੁਆਇਆ । ਇਸ ਨੋਟ ਵਿਚ ਪਹਿਲਾਂ ਹੀ ਸਪਸ਼ਟ ਕੀਤਾ ਗਿਆ ਸੀ ਕਿ ਮੌਜੂਦਾ ਵਾਧੂ ਅੰਗਰੇਜ਼ੀ ਟਾਈਪ ਮਸ਼ੀਨਾਂ ਨੂੰ ਪੰਜਾਬੀ ਭਾਸ਼ਾ ਵਿਚ ਤਬਦੀਲ/ਕਨਵਰਟ ਕਰਨ ਦੀ ਕਿਉਂ ਲੋੜ ਪਈ । ਅਜਿਹਾ ਕਰਨ ਨਾਲ ਸਰਕਾਰ ਨੂੰ ਤਕਰੀਬਨ 500 ਰੁਪਏ ਤੋਂ ਲੈ ਕੇ 1000 ਰੁਪਏ ਤਕ ਖਰਚਾ ਆਉਣ ਦੀ ਸੰਭਾਵਨਾ ਹੈ ਪਰ ਇਸ ਅਨੁਸਾਰ ਨਵੀਂ ਪੰਜਾਬੀ ਦੀ ਮਸ਼ੀਨ ਅੰਗਰੇਜ਼ੀ ਦੀ ਮਸ਼ੀਨ ਦੇ ਬਦਲੇ ਨਹੀਂ ਖਰੀਦਣੀ ਪਵੇਗੀ । ਇਸ ਤਰ੍ਹਾਂ ਅੰਗਰੇਜ਼ੀ ਦੀਆਂ ਵਾਧੂ ਹੋ ਰਹੀਆਂ ਮਸ਼ੀਨਾਂ ਦੀ ਯੁਕਤੀ ਨਾਲ ਚੰਗਾ ਉਪਯੋਗ ਹੋ ਸਕੇਗਾ ਤੇ ਸਰਕਾਰ ਦਾ ਤਕਰੀਬਨ ਨਵੀਂ ਮਸ਼ੀਨ ਤੇ 5000/- ਰੁਪਏ ਤਕ ਆਉਣ ਵਾਲਾ ਖਰਚਾ ਵੀ ਬਚੇਗਾ ।

ਜਿਨ੍ਹਾਂ ਫ਼ਰਮਾਂ ਨੇ ਅਜਿਹਾ ਕਰਨ ਲਈ ਆਪਣੀ ਪੇਸ਼ਕਸ਼ ਕੀਤੀ ਹੈ , ਉਨ੍ਹਾਂ ਦਾ ਵੇਰਵਾ ਪਹਿਲੇ ਅਜੰਡੇ ਨਾਲ ਸਰਕੂਲੇਟ ਕੀਤਾ ਗਿਆ ਸੀ ।

ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਵਲੋਂ ਮੀਟਿੰਗ ਵਿਚ ਦੱਸਿਆ ਗਿਆ ਕਿ ਜੋ ਪਹਿਲਾਂ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਦੀ ਤਬਦੀਲੀ ਪੂਰੀ ਸਨਜ਼ ਫ਼ਰਮ ਤੇ ਸਰਕਾਰੀ ਟਾਈਪ ਰਾਈਟਰ ਵਰਕਸ਼ਾਪ ਮੋਹਾਲੀ ਰਾਹੀਂ ਆਪਣੇ ਮਕੈਨਿਕਾਂ ਤੋਂ ਕਰਵਾਈ ਗਈ ਹੈ ਦੀ ਵਰਕਿੰਗ ਵੇਖਣ ਖਾਤਰ ਮਸ਼ੀਨਾਂ ਸਕੱਤਰੇਤ ਪ੍ਰਸ਼ਾਸਨ, ਵਿੱਤੀ ਕਮਿਸ਼ਨਰ ਮਾਲ ਦੇ ਦਫ਼ਤਰ ਨੂੰ ਦਿੱਤੀਆਂ ਹੋਈਆਂ ਹਨ । ਵਿੱਤੀ ਕਮਿਸ਼ਨਰ ਮਾਲ ਦਾ ਨੁਮਾਇੰਦਾ ਮੀਟਿੰਗ ਵਿਚ ਹਾਜ਼ਰ ਨਹੀਂ ਸੀ । ਇਸ ਲਈ ਤਬਦੀਲ ਕੀਤੀਆਂ ਮਸ਼ੀਨਾਂ ਦੀ ਵਰਕਿੰਗ ਕਿਸ ਤਰ੍ਹਾਂ ਦੀ ਹੈ, ਇਸ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੋਈ । ਇਸੇ ਤਰ੍ਹਾਂ ਸਕੱਤਰੇਤ ਪ੍ਰਸ਼ਾਸਨ ਦੇ ਨੁਮਾਇੰਦੇ ਨੇ ਦੱਸਿਆ ਕਿ ਉਨ੍ਹਾਂ ਨੂੰ ਦਿੱਤੀ ਹੋਈ ਮਸ਼ੀਨ ਦਾ ਗਿਆਨ ਨਹੀਂ ਹੈ । ਮਗਰੋਂ ਇਹ ਫੈਸਲਾ ਹੋਇਆ ਕਿ ਉਹ ਵਿਭਾਗ ਜਿਨ੍ਹਾਂ ਪਾਸ ਤਬਦੀਲ ਕਰਾਈਆਂ ਮਸ਼ੀਨਾਂ ਟੈਸਟ ਦੇ ਤੌਰ ਤੇ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਪੰਜਾਬ ਵਲੋਂ ਦਿੱਤੀਆਂ ਹੋਈਆਂ ਹਨ ਬਾਰੇ ਆਪਣੀ ਰਿਪੋਰਟ ਜਿਸ ਵਿੱਚ ਇਹ ਸਪਸ਼ਟ ਕਰਨਗੇ ਕਿ ਉਨ੍ਹਾਂ ਇਸ ਮਸ਼ੀਨ ਤੇ ਹਰ ਰੋਜ਼ ਕਿੰਨੇ ਪੰਨੇ ਟਾਈਪ ਕਰਾਏ ਹਨ, ਤਕਨੀਕੀ ਤੌਰ ਤੇ ਕੀ ਔਕੜ ਮਹਿਸੂਸ ਕੀਤੀ ਗਈ ਹੈ । ਚਲਣ ਵਿਚ ਜਾਰੀ ਹੈ ਜਾਂ ਮੂਲ ਰੂਪ ਵਿਚ ਵਰਕਿੰਗ ਵਾਲੀ ਮਸ਼ੀਨ ਤੇ ਇਸ ਤਬਦੀਲੀ ਵਾਲੀ ਮਸ਼ੀਨ ਵਿਚ ਕੀ ਅੰਤਰ ਪਾਇਆ ਹੈ ਦਸਣਗੇ । ਮਗਰੋਂ ਇਨ੍ਹਾਂ ਪਹਿਲੂਆਂ ਦੇ ਆਧਾਰ ਤੇ ਹੀ ਰਿਪੋਰਟ ਮੁੱਖ ਸਕੱਤਰ ਪੰਜਾਬ ਜੀ ਨੂੰ ਸਕੱਤਰ ਛਪਾਈ ਤੇ ਸਟੇਸ਼ਨਰੀ ਵੱਲ ਪੇਸ਼ ਕੀਤੀ ਜਾਵੇਗੀ । ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਹੋਰ ਤਕਰੀਬਨ 15-20 ਮਸ਼ੀਨਾਂ ਦੀ ਤਬਦੀਲੀ ਆਪਣੇ ਮਕੈਨਿਕਾਂ ਤੋਂ ਜਾਂ ਦੂਜੀਆਂ ਫ਼ਰਮਾਂ ਤੋਂ ਜਿਹੜੇ ਵਿਭਾਗ ਆਪਣੇ ਦਫ਼ਤਰ ਦੀ ਮਸ਼ੀਨ ਦੀ ਅਜਿਹੀ ਤਬਦੀਲੀ ਦੀ ਪੇਸ਼ਕਸ਼ ਕਰਨਗੇ, ਕਰਾਉਣ ਦਾ ਜ਼ਿੰਮਾ ਲਿਆ । ਜਿਥੋਂ ਤਕ ਇਨ੍ਹਾਂ ਤਬਦੀਲੀ ਹੋਈਆਂ ਮਸ਼ੀਨਾਂ ਦੀ ਲਾਈਫ਼ ਫ਼ਿਕਸ ਕਰਨ ਦਾ ਸਵਾਲ ਹੈ, ਉਸ ਵਕਤ ਸਾਹਮਣੇ ਆਵੇਗਾ ਜਦੋਂ ਇਹ ਮਸ਼ੀਨਾਂ ਕੰਮ ਕਾਰ ਵਿਚ ਤਕਨੀਕੀ ਪੱਖੋਂ ਠੀਕ ਹੋਣਗੀਆਂ । ਇਹ ਨੁਕਤਾ ਵੀ ਮੀਟਿੰਗ ਵਿਚ ਉਠਾਇਆ ਗਿਆ ਕਿ ਕਈ ਵਿਭਾਗ ਨਵੀਂ ਪੰਜਾਬੀ ਮਸ਼ੀਨਾਂ ਦੀ ਬਹੁਤ ਮੰਗ ਕਰ ਰਹੇ ਹਨ, ਇਸ ਬਾਰੇ ਰਾਏ ਸੀ ਕਿ ਜਦੋਂ ਸਰਕਾਰ ਦੀ ਦੱਸੀ ਤਜਵੀਜ਼ ਤਬਦੀਲੀ ਦੀ ਕਾਮਯਾਬ ਹੋ ਗਈ ਤਾਂ ਇਹ ਰਾਏ ਬਣਾਈ ਗਈ ਕਿ ਸਬੰਧਤ ਵਿਭਾਗ ਪਹਿਲਾਂ ਇਸ ਬਾਰੇ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਤੋਂ ਇਤਰਾਜ਼-ਹੀਣਤਾ-ਸਰਟੀਫ਼ਿਕੇਟ ਪ੍ਰਾਪਤ ਕਰੇਗਾ ਕਿ ਉਸ ਪਾਸ ਕੋਈ ਅੰਗਰੇਜ਼ੀ ਤੋਂ ਪੰਜਾਬੀ ਵਿਚ ਮਸ਼ੀਨ ਤਬਦੀਲ ਕਰਾਉਣ ਯੋਗ ਨਹੀਂ ਜਾਂ ਉਸ ਪਾਸ ਪਹਿਲਾਂ ਹੀ ਘਾਟ ਹੈ ਦੀ ਜਸਟੀਫ਼ਿਕੇਸ਼ਨ ਦੇਣ ਤੇ ਤਾਂ ਹੀ ਨਵੀਂ ਮਸ਼ੀਨ ਖਰੀਦਣ ਦੀ ਪ੍ਰਵਾਨਗੀ ਦਿੱਤੀ ਜਾਵੇਗੀ ।

ਮੀਟਿੰਗ ਦੌਰਾਨ ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਨੇ ਇਹ ਗੱਲ ਵੀ ਧਿਆਨ ਵਿਚ ਲਿਆਂਦੀ ਕਿ ਉਨ੍ਹਾਂ ਪਾਸ ਕਈ ਵਿਭਾਗਾਂ ਦੀ ਮੰਗ ਆ ਰਹੀ ਹੈ ਕਿ ਉਨ੍ਹਾਂ ਨੂੰ ਅੰਗਰੇਜ਼ੀ ਟਾਈਪ ਮਸ਼ੀਨਾਂ ਖਰੀਦਣ ਦੀ ਆਗਿਆ ਦਿੱਤੀ ਜਾਵੇ ਭਾਵੇਂ ਇਸ ਮਸ਼ੀਨ ਨੂੰ ਖਰੀਦਣ ਤੇ ਪੂਰੀ ਪਾਬੰਦੀ ਸਰਕਾਰ ਵਲੋਂ ਲਗਾਈ ਹੋਈ ਹੈ । ਫਿਰ ਵੀ ਮੰਗ ਨੂੰ ਟਾਲਿਆ ਨਹੀਂ ਜਾ ਸਕਦਾ। ਡਾਇਰੈਕਟਰ ਭਾਸ਼ਾ ਵਿਭਾਗ ਨੂੰ ਇਹ ਅਖਤਿਆਰ ਦਿੱਤੇ ਗਏ ਕਿ ਉਹ ਆਪਣੇ ਦਫ਼ਤਰ ਰਾਹੀਂ ਇਹ ਪਤਾ ਲਗਾਉਣ ਕਿ ਕਿਹੜੇ ਕਿਹੜੇ ਵਿਭਾਗਾਂ ਨੂੰ ਹਾਲੇ ਵੀ ਅੰਗਰੇਜ਼ੀ ਦੀ ਟਾਈਪ ਰਾਈਟਰ ਚਾਹੀਦੇ ਹਨ । ਉਹ ਪਹਿਲਾਂ ਵਿਭਾਗਾਂ ਦੇ ਮੁਖੀਆਂ ਦੇ ਦਫ਼ਤਰਾਂ ਦਾ ਸਰਵੇਖਣ ਕਰਨ ਤੋਂ ਮਗਰੋਂ ਅਜਿਹੇ ਵਿਭਾਗਾਂ ਦੀ ਸੂਚੀ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਨੂੰ ਭੇਜਣਗੇ । ਉਸ ਦੇ ਆਧਾਰ ਤੇ ਹੀ ਸਕੱਤਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਇਕ ਸਬ ਕਮੇਟੀ ਜਿਸ ਵਿਚ ਸੰਯੁਕਤ ਸਕੱਤਰ ਪ੍ਰਸ਼ਾਸ਼ਨ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਬਣਾਉਣਗੇ ਤੇ ਉਹ ਹੀ ਫੈਸਲਾ ਕਰੇਗੀ ਕਿ ਅਜਿਹੇ ਵਿਭਾਗਾਂ ਨੂੰ ਕਿੰਨੀਆਂ ਅੰਗਰੇਜ਼ੀ ਦੀਆਂ ਮਸ਼ੀਨਾਂ ਚਾਹੀਦੀਆਂ ਹਨ ਦਾ ਨਾਰਮ ਆਦਿ ਫਿਕਸ ਕਰੇਗੀ । ਇਸ ਕਮੇਟੀ ਦਾ ਕਨਵੀਨਰ ਮੈਂਬਰ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਜੀ ਨੂੰ ਤਜਵੀਜ਼ ਕੀਤਾ ਗਿਆ ।

ਤਕਨੀਕੀ ਵਿਭਾਗ ਦੇ ਸਕੱਤਰ ਤੇ ਡਾਇਰੈਕਟਰ ਤਕਨੀਕੀ ਵਿਭਾਗ ਨੂੰ ਇਸ ਮੀਟਿੰਗ ਵਿਚ ਖਾਸ ਤੌਰ ਤੇ ਸੱਦਾ ਦੇਣ ਦਾ ਮੰਤਵ ਇਹ ਸੀ ਕਿ ਉਨ੍ਹਾਂ ਦਾ ਵਿਊ ਪੁਆਇੰਟ ਇਸ ਟਾਈਪ ਰਾਈਟਰ ਦੀ ਤਬਦੀਲੀ ਅੰਗਰੇਜ਼ੀ ਤੋਂ ਪੰਜਾਬੀ ਕਰਨ ਤੋਂ ਲੈ ਲਿਆ ਜਾਵੇ ਪਰ ਉਹ ਹਾਜ਼ਰ ਨਹੀਂ ਹੋਏ । ਇਸ ਬਾਰੇ ਫੈਸਲਾ ਹੋਇਆ ਕਿ ਇਸ ਵਿਭਾਗ ਨੂੰ ਖਾਸ ਤੌਰ ਤੇ ਲਿਖਿਆ ਜਾਵੇ ਕਿ ਉਹ ਆਪਣੀ ਟਿੱਪਣੀ ਇਸ ਬਾਰੇ ਦੱਸਣ । ਇਸ ਤੋਂ ਇਲਾਵਾ ਇਹ ਵੀ ਸਪਸ਼ਟ ਕਰਨ ਆਇਆ ਕਿ ਅਜਿਹੀ ਮਸ਼ੀਨ ਦੀ ਤਬਦੀਲੀ ਦੇ ਮਗਰੋਂ ਕਿੰਨੀ ਲਾਈਫ਼ ਇਸ ਮਸ਼ੀਨ ਦੀ ਫਿਕਸ ਕੀਤੀ ਜਾਣੀ ਚਾਹੀਦੀ ਹੈ ।

ਇਸ ਮਗਰੋਂ ਚੈਅਰਮੈਨ ਜੀ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਹੋ ਗਈ।

## ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

ਸੇਵਾ ਵਿਖੇ,

1. ਉਪ ਸਕੱਤਰ, ਪੰਜਾਬ ਸਰਕਾਰ,
   ਛਪਾਈ ਤੇ ਸਟੇਸ਼ਨਰੀ ਵਿਭਾਗ,
   ਚੰਡੀਗੜ੍ਹ ।
2. ਡਾਇਰੈਕਟਰ, ਭਾਸ਼ਾ ਵਿਭਾਗ,
   ਪੰਜਾਬ ਪਟਿਆਲਾ ।

ਨੰ: 443/ਪੀ.ਏ./ਮਟਢ

ਮਿਤੀ 24-6-91

ਵਿਸ਼ਾ : ਅੰਗਰੇਜ਼ੀ ਟਾਈਪ ਮਸ਼ੀਨਾਂ ਨੂੰ ਗੁਰਮੁੱਖੀ ਵਿਚ ਤਬਦੀਲ ਕਰਨ ਬਾਰੇ।

-------

ਮਿਤੀ 13.6.91 ਨੂੰ ਹੋਈ ਮੀਟਿੰਗ ਦੀ ਕਾਰਵਾਈ ਜੋ ਕਿ ਸੰਯੁਕਤ ਸਕੱਤਰ, ਪੰਜਾਬ ਸਰਕਾਰ, ਸਕੱਤਰੇਤ ਪ੍ਰਸ਼ਾਸਨ/ਚੇਅਰਮੈਨ ਜੀ ਵਲੋਂ ਪ੍ਰਵਾਨੀ ਜਾ ਚੁੱਕੀ ਹੈ। ਇਸ ਦੀ ਇਕ ਕਾਪੀ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਸਹੀ/-
ਕੰਟਰੋਲਰ
ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ
ਚੰਡੀਗੜ੍ਹ ।

ਪਿ.ਅੰ.ਨੰ. /ਮ.ਟਢ/ਸ.1/ ਮਿਤੀ :

ਉਪਰੋਕਤ ਦਾ ਉਤਾਰਾ ਸੰਯੁਕਤ ਸਕੱਤਰ, ਪੰਜਾਬ ਸਰਕਾਰ, ਸਕੱਤਰੇਤ ਪ੍ਰਸ਼ਾਸਨ ਚੰਡੀਗੜ੍ਹ ਦੇ ਪੀ.ਏ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਾਰਵਾਈ ਦੀ ਇਕ ਕਾਪੀ ਸੰਯੁਕਤ ਸਕੱਤਰ ਪ੍ਰਸ਼ਾਸਨ/ਚੇਅਰਮੈਨ ਜੀ ਦੀ ਸੂਚਨਾ ਹਿਤ ਭੇਜੀ ਜਾਂਦੀ ਹੈ ।

ਕੰਟਰੋਲਰ
ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ
ਚੰਡੀਗੜ੍ਹ ।

ਮੀਟਿੰਗ ਦੀ ਕਾਰਵਾਈ ਮਿਤੀ 13.6.91 ਜਿਸ ਦੀ ਪ੍ਰਧਾਨਗੀ ਸ੍ਰੀ ਕਰਨ ਅਵਤਾਰ ਸਿੰਘ, ਸੰਯੁਕਤ ਸਕੱਤਰ, ਸਕੱਤਰੇਤ ਪ੍ਰਸ਼ਾਸ਼ਨ ਵਲੋਂ ਕੀਤੀ ਗਈ । ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :

1. ਸ੍ਰੀ ਆਰ.ਐਲ.ਕਲਸੀਆ, ਪੀ.ਸੀ.ਐਸ.
   ਕੰਟਰੋਲਰ, ਛਪਾਈ ਤੇ ਸਟੇਸ਼ਨਰੀ
2. ਸ੍ਰੀ ਅਮਰ ਨਾਥ,
   ਉਪ ਸਕੱਤਰ, ਛਪਾਈ ਤੇ ਸਟੇਸ਼ਨਰੀ ਵਿਭਾਗ
3. ਸ੍ਰੀ ਅਜੀਤ ਸਿੰਘ ਕੱਕੜ
   ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਮਿਤੀ 22.3.91 ਦੀ ਮੀਟਿੰਗ ਸ੍ਰੀ ਰਾਮ ਗੋਪਾਲ, ਆਈ.ਏ.ਐਸ. ਸਕੱਤਰ, ਛਪਾਈ ਤੇ ਸਟੇਸ਼ਨਰੀ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਸੰਯੁਕਤ ਸਕੱਤਰ, ਸਕੱਤਰੇਤ ਪ੍ਰਸ਼ਾਸਨ, ਡਾਇਰੈਕਟਰ ਭਾਸ਼ਾ ਵਿਭਾਗ, ਕੰਟਰੋਲਰ , ਛਪਾਈ ਤੇ ਸਟੇਸ਼ਨਰੀ ਅਤੇ ਉਪ ਸਕੱਤਰ, ਛਪਾਈ ਤੇ ਸਟੇਸ਼ਨਰੀ ਵਿਭਾਗ ਦੀ ਸਬ ਕਮੇਟੀ ਵਲੋਂ ਇਹ ਮਸ਼ੀਨਾਂ ਦੇਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਦਾ ਕੀ ਨਾਰਮ ਵਿਕਸ ਕੀਤਾ ਜਾਵੇ । ਇਸ ਕਮੇਟੀ ਦੇ ਕੰਨਵੀਨਰ ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਨੂੰ ਕੀਤਾ ਗਿਆ । ਇਸ ਫੈਸਲੇ ਦੇ ਸਨਮੁੱਖ ਉਪਰੋਕਤ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਫੈਸਲੇ ਲਈ ਗਏ :-

(ੳ) ਕੰਟਰੋਲਰ ਵਲੋਂ ਚੇਅਰਮੈਨ ਦੇ ਧਿਆਨ ਵਿਚ ਲਿਆਂਦਾ ਕਿ ਜੋ ਕੰਮਪੇਂਡੀਅਮ ਪੰਜਾਬ ਸਰਕਾਰ ਛਪਾਈ ਤੇ ਸਟੇਸ਼ਨਰੀ ਵਿੰਗ (ਸਿੱਖਿਆ ਵਿਭਾਗ) ਵਲੋਂ ਜਾਰੀ ਕੀਤਾ ਗਿਆ ਉਸ ਦੇ ਪੰਨਾ 65-66 ਅਨੁਸਾਰ ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਦੀ ਸਪਲਾਈ ਵਰਕ ਲੋਡ ਨਿਰਧਾਰਤ ਕੀਤਾ ਗਿਆ ਸੀ । ਕਮੇਟੀ ਨੇ ਇਸ ਵਿਸ਼ੇ ਤੇ ਵਿਚਾਰ ਕੀਤਾ ਅਤੇ ਵੇਖਿਆ ਕਿ ਜੋ ਨਾਰਮ 1975 ਵਿਚ ਨਿਰਧਾਰਤ ਕੀਤੇ ਗਏ ਸਨ ਉਸ ਅਧੀਨ ਵਰਕਿੰਗ ਦਿਨ 6 ਸਨ ਜਦੋਂ ਕਿ ਹੁਣ 5 ਦਿਨ ਹੋ ਗਏ ਹਨ । ਇਸ ਲਈ ਇਸ ਮੁਤਾਬਕ ਇਨ੍ਹਾਂ ਨਾਰਮਾਂ ਵਿਚ ਸੋਧ ਹੋਣੀ ਲੋੜੀਂਦੀ ਹੈ । ਜਿਵੇਂ ਕਿ 875 ਪੰਨਾਂ ਪ੍ਰਤਿ ਮਾਹ ਪ੍ਰਤਿ ਸ਼ਾਖਾ ਦੇਣ ਦੀ ਬਜਾਏ ਹੁਣ ਇਹ ਪੰਨਾਂ 600 ਹੋਣੇ ਚਾਹੀਦੇ ਹਨ ਅਤੇ ਛੋਟੇ ਦਫ਼ਤਰਾਂ ਲਈ ਜਿਥੇ ਸਿਰਫ਼ ਇਕ ਅੰਗਰੇਜ਼ੀ ਟਾਈਪ ਮਸ਼ੀਨ ਹੋਵੇ, ਵਾਸਤੇ ਘੱਟੋ ਘੱਟ 400 ਪੰਨੇ ਪ੍ਰਤਿ ਮਾਹ ਨਿਰਧਾਰਤ ਕੀਤੇ ਜਾਣੇ ਚਾਹੀਦੇ ਹਨ। ਕਮੇਟੀ ਨੇ ਇਹ ਸੁਝਾ ਦਿੱਤਾ ਕਿ ਇਸ ਬਾਰੇ ਸਕੱਤਰ, ਪੰਜਾਬ ਸਰਕਾਰ, ਛਪਾਈ ਤੇ ਸਟੇਸ਼ਨਰੀ ਨੂੰ ਲੋੜੀਂਦੀਆਂ ਸੋਧਾਂ/ਹਦਾਇਤਾਂ ਜਾਰੀ ਕਰਨ ਦੀ ਬੇਨਤੀ ਕੀਤੀ ਜਾਵੇ ।

(ਅ) ਵੇਖਿਆ ਗਿਆ ਸੀ ਕਿ ਜੋ ਕਿ ਉਪਰੋਕਤ ਹਦਾਇਤਾਂ ਮਹਿਕਮਿਆਂ ਨੂੰ ਅੰਗਰੇਜ਼ੀ ਮਸ਼ੀਨਾਂ ਲੈਣ ਬਾਰੇ ਦਿੱਤੀਆਂ ਗਈਆਂ ਸਨ ਉਹ ਸਿਰਫ਼ ਦਫ਼ਤਰ ਦੀ ਸ਼ਾਖਾ ਨਾਲ ਸਬੰਧ ਰੱਖਦੀਆਂ ਸਨ ਪਰੰਤੂ ਇਨ੍ਹਾਂ ਬਾਰੇ ਅਫ਼ਸਰਾਂ ਦੇ ਨਾਲ ਲੱਗੇ ਹੋਏ ਸਟੈਨੋ-ਟਾਈਪਿਸਟ, ਪੀ.ਏ.ਆਦਿ ਲਈ ਕਿਸ ਨਾਰਮ ਮੁਤਾਬਕ ਮਸ਼ੀਨਾਂ ਲੈਣੀਆਂ ਚਾਹੀਦੀਆਂ ਹਨ ਕੋਈ ਵਰਨਣ ਨਹੀਂ ਸੀ ਕੀਤਾ ਗਿਆ । ਕਾਫ਼ੀ ਵਿਚਾਰ ਵਟਾਂਦਰਾਂ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਸਾਰੇ ਹੀ ਮਹਿਕਮਿਆਂ ਦੇ ਅਫ਼ਸਰਾਂ ਲਈ ਨਾਰਮ ਭਾਸ਼ਾ ਵਿਭਾਗ ਦੀ ਸਲਾਹ ਨਾਲ ਨਿਰਧਾਰਤ ਕਰਨੇ ਚਾਹੀਦੇ ਹਨ । ਇਸ ਵਿਸ਼ੇ ਨੂੰ ਅਮਲੀ ਰੂਪ ਦਿੰਦੇ ਹੋਇਆ ਕਿ ਭਾਸ਼ਾ ਵਿਭਾਗ ਵਲੋਂ ਪਟਿਆਲੇ ਜ਼ਿਲ੍ਹੇ ਦੇ ਪ੍ਰਤਿਨਿਧ ਵਿਭਾਗਾਂ ਦੀ ਸਟੱਡੀ/ਸਰਵੇ ਕੀਤਾ ਜਾਵੇਗਾ ਅਤੇ ਇਸੇ ਤਰ੍ਹਾਂ ਚੰਡੀਗੜ੍ਹ ਹੈਡਕੁਆਟਰ ਵਿਖੇ ਪੰਜਾਬ ਸਰਕਾਰ ਦੇ ਕੁਝ ਮੁੱਖ ਵਿਭਾਗਾਂ ਸਮੇਤ ਕਾਰਪੋਰੇਸ਼ਨ ਬੋਰਡ ਆਦਿ ਦਾ ਵੀ ਸਰਵੇ ਹੋਵੇਗਾ ਕਿ ਕਿਸ ਤਰ੍ਹਾਂ ਦੇ ਨਾਰਮਜ਼ ਇਨ੍ਹਾਂ ਵਿਭਾਗਾਂ ਜਾਂ ਮਹਿਕਮਿਆਂ ਲਈ ਇਨ੍ਹਾਂ ਅਫ਼ਸਰਾਂ ਨੂੰ ਅੰਗਰੇਜ਼ੀ ਮਸ਼ੀਨਾਂ ਦੇਣ ਲਈ ਨਿਰਧਾਰਤ ਕੀਤੇ ਜਾਣ ਤਾਂ ਕਿ ਲੋੜ ਨੂੰ ਤਾਂ ਪੂਰਾ ਕਰ ਲਿਆ ਜਾਵੇ । ਪਰੰਤੂ ਪੰਜਾਬੀ ਭਾਸ਼ਾ ਦੀਆਂ ਟਾਈਪ ਮਸ਼ੀਨਾਂ ਦੀ ਵਰਤੋਂ ਤੇ ਕੋਈ ਮਾੜਾ ਅਸਰ ਨਾ ਪਵੇ । ਡਾਇਰੈਕਟਰ ਭਾਸ਼ਾ ਦੇ ਪ੍ਰਤਿਨਿਧ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੀ ਰਿਪੋਰਟ ਇਸ ਬਾਰੇ 10 ਦਿਨ ਦੇ ਅੰਦਰ ਅੰਦਰ ਪੇਸ਼ ਕਰਨ ਤਾਂ ਕਿ ਇਸ ਬਾਰੇ ਸਕੱਤਰ, ਪੰਜਾਬ ਸਰਕਾਰ, ਛਪਾਈ ਤੇ ਸਟੇਸ਼ਨਰੀ ਨੂੰ ਅਗਲੀ ਕਾਰਵਾਈ ਕਰਨ ਲਈ ਬੇਨਤੀ ਕੀਤੀ ਜਾਵੇ । ਇਹ ਵੀ ਫੈਸਲ ਹੋਇਆ ਕਿ ਇਸ ਕਾਰਵਾਈ ਦੀ ਕਾਪੀ ਅੰਤਰਮ ਕਾਰਵਾਈ ਦੇ ਰੂਪ ਵਿਚ ਸਕੱਤਰ ਜੀ ਨੂੰ ਭੇਜ ਦਿੱਤੀ ਜਾਵੇ ਤਾਂ ਕਿ ਉਹ ਫੈਸਲਾ ਨੰ: 'ਓ' ਤੇ ਆਪਣੇ ਵਿਭਾਗ ਵਲੋਂ ਲੋੜੀਂਦੀ ਕਾਰਵਾਈ ਕਰ ਸਕਣ ।

ਸਹੀ/-
(ਕਰਨ ਏ ਸਿੰਘ)
ਚੇਅਰਮੈਨ

ਨੰ: 11/35/92-2 ਪੀ.ਪੀ 1/7962
ਪੰਜਾਬ ਸਰਕਾਰ
ਪ੍ਰਸੋਨਲ ਅਤੇ ਆਮ ਰਾਜ ਪ੍ਰਬੰਧ ਵਿਭਾਗ
(ਪੀ. ਪੀ. 11 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਐਟ ਚੰਡੀਗੜ੍ਹ, ਡਵੀਜ਼ਨਾਂ ਦੇ ਕਮਿਸ਼ਨਰਜ਼ ਅਤੇ ਸਾਰੇ ਉਪ ਮੰਡਲ ਅਫਸਰ (ਸਿਵਲ), ਪੰਜਾਬ ।

ਮਿਤੀ, ਚੰਡੀਗੜ੍ਹ, 9.6.1992

ਵਿਸ਼ਾ : ਪਹਿਲ ਦੇ ਆਧਾਰ ਤੇ ਕਲਰਕ ਦੀ ਆਸਾਮੀ ਵਿਰੁੱਧ ਨਿਯੁਕਤੀ ਲਈ ਪੰਜਾਬੀ ਟਾਈਪ ਟੈਸਟ ਪਾਸ ਕਰਨ ਤੋਂ ਛੋਟ ਦੇਣ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਗਸ਼ਤੀ ਪੱਤਰਾਂ ਨੰਬਰਜ਼ 4/17/79-1 ਪੀ ਪੀ 1/5403, ਮਿਤੀ 17.4.1986, ਨੰ: 4/56/86-2ਪੀ. ਪੀ. 1/1956, ਮਿਤੀ 17.2.87; ਨੰ: 15/2/90- 1 ਪੀ.ਪੀ. 2/3045, ਮਿਤੀ 5.2.90 ਅਤੇ ਨੰ: 11/16/92-2 ਪੀ. ਪੀ 1/2239, ਮਿਤੀ 13.2.92 ਵੱਲ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਅਧੀਨ ਪਹਿਲ ਦੇ ਆਧਾਰ ਤੇ ਬਤੌਰ ਕਲਰਕ ਨਿਯੁਕਤੀ ਲਈ ਪੰਜਾਬੀ ਟਾਈਪ ਪਾਸ ਕਰਨ ਦੀ ਸ਼ਰਤ ਤੋਂ ਢਿੱਲ ਇਸ ਸ਼ਰਤ ਤੇ ਦਿੱਤੀ ਗਈ ਹੈ ਕਿ ਸਬੰਧਤ ਕਰਚਮਾਰੀਆਂ ਨੂੰ ਨਿਯੁਕਤੀ ਦੀ ਮਿਤੀ ਤੋਂ ਇਕ ਸਾਲ ਦੇ ਸਮੇਂ ਦੇ ਅੰਦਰ ਅੰਦਰ ਇਹ ਪੰਜਾਬੀ ਟਾਈਪ ਟੈਸਟ ਨਿਰਧਾਰਤ ਸਪੀਡ ਤੇ ਪਾਸ ਕਰਨਾ ਹੋਵੇਗਾ । ਇਹ ਵੇਖਣ ਵਿਚ ਆਇਆ ਹੈ ਕਿ ਪਹਿਲ ਦੇ ਆਧਾਰ ਤੇ ਨਿਯੁਕਤੀ ਲਈ ਜਿਨ੍ਹਾਂ ਉਮੀਦਵਾਰਾਂ ਨੂੰ ਪੰਜਾਬੀ ਟਾਈਪ ਟੈਸਟ ਤੋਂ ਨਿਯੁਕਤੀ ਦੀ ਮਿਤੀ ਤੋਂ ਇਕ ਸਾਲ ਲਈ ਛੋਟ ਦਿੱਤੀ ਗਈ ਸੀ, ਉਨਾਂ ਨੇ ਮਿੱਥੇ ਸਮੇਂ ਦੇ ਅੰਦਰ ਅੰਦਰ ਪੰਜਾਬੀ ਟਾਈਪ ਟੈਸਟ ਪਾਸ ਨਹੀਂ ਕੀਤਾ ਹੈ । ਸਾਧਾਰਣ ਤੌਰ ਤੇ ਉਨ੍ਹਾਂ ਵਲੋਂ ਪੰਜਾਬੀ ਟਾਈਪ ਟੈਸਟ ਪਾਸ ਨਾ ਕਰਨ ਵਜੋਂ ਉਨ੍ਹਾਂ ਨੂੰ ਸੇਵਾ ਮੁਕਤ ਕਰਨਾ ਬਣਦਾ ਹੈ ਕਿਉਂ ਜੋ ਉਨ੍ਹਾਂ ਨੇ ਨਿਯੁਕਤੀ ਪੱਤਰ ਦੀ ਸ਼ਰਤ ਨੂੰ ਪੂਰਾ ਨਹੀਂ ਕੀਤਾ ਹੈ ਪਰ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਇਨ੍ਹਾਂ ਕਰਮਚਾਰੀਆਂ ਦੀ ਨਿਯੁਕਤੀ ਤਰਸ ਯੋਗ ਹਾਲਾਤਾਂ ਦੇ ਅਧੀਨ ਕੀਤੀ ਗਈ ਸੀ ਅਤੇ ਇਨ੍ਹਾਂ ਨੂੰ ਸੇਵਾ ਤੋਂ ਮੁਕਤ ਕਰ ਦੇਣ ਤੇ ਦੁਖੀ ਪਰਿਵਾਰ ਤੇ ਭੈੜਾ ਅਸਰ ਪਵੇਗਾ । ਸਰਕਾਰ

ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਅਜਿਹੇ ਕਰਮਚਾਰੀ ਮਿੱਥੇ ਸਮੇਂ ਵਿਚ ਪੰਜਾਬੀ ਟਾਈਪ ਟੈਸਟ ਪਾਸ ਨਹੀਂ ਕਰ ਸਕੇ ਹੰਨ, ਉਨ੍ਹਾਂ ਨੂੰ ਹੁਣ ਸਲਾਨਾ ਤਰੱਕੀ (ਜਾਂ ਉਚੇਰਾ ਸਕੇਲ ਜੇ ਡਿਊ ਹੋ ਜਾਂਦਾ ਹੈ) ਉਤਨੀ ਦੇਰ ਨਾ ਦਿੱਤੀ/ਦਿੱਤਾ ਜਾਵੇ ਜਿਤਨੀ ਦੇਰ ਉਹ ਪੰਜਾਬੀ ਟਾਈਪ ਟੈਸਟ ਨਿਰਧਾਰਤ ਸਪੀਡ ਤੇ ਪਾਸ ਨਹੀਂ ਕਰ ਲੈਂਦੇ ਉਨ੍ਹਾਂ ਵਲੋਂ ਪੰਜਾਬੀ ਟਾਈਪ ਟੈਸਟ ਪਾਸ ਕਰ ਲੈਣ ਉਪਰੰਤ ਉਨ੍ਹਾਂ ਦੀਆਂ ਸਾਲਾਨਾ ਤਰੱਕੀਆਂ ਖੋਲ੍ਹ ਦਿੱਤੀਆਂ ਜਾਣ ਪਰ ਉਨ੍ਹਾਂ ਨੂੰ ਟੈਸਟ ਪਾਸ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਸਮੇਂ ਲਈ ਕੋਈ ਬਕਾਇਆ ਨਹੀਂ ਦਿਤਾ ਜਾਵੇਗਾ । ਇਸ ਲਈ ਆਪ ਨੂੰ ਬੇਨਤੀ ਹੈ ਕਿ ਅਜਿਹੇ ਕਰਮਚਾਰੀਆਂ ਨੂੰ ਇਸ ਫੈਸਲੇ ਸਬੰਧੀ ਨੋਟਿਸ ਦੇ ਕੇ ਜਾਣੂ ਕਰਵਾ ਦਿੱਤਾ ਜਾਵੇ ।

2. ਅੱਗੋ ਤੋਂ ਹਵਾਲਾ ਅਧੀਨ ਹਦਾਇਤਾਂ ਅਧੀਨ ਪਹਿਲ ਦੇ ਆਧਾਰ ਤੇ ਬਤੌਰ ਕਲਰਕ ਨਿਯੁਕਤ ਹੋਣ ਵਾਲੇ ਉਮੀਦਵਾਰਾਂ ਦੇ ਨਿਯੁਕਤੀ ਪੱਤਰਾਂ ਵਿਚ ਇਹ ਸ਼ਰਤ ਦਰਜ ਕਰ ਦਿੱਤੀ ਜਾਵੇ ਕਿ ਉਨ੍ਹਾਂ ਨੂੰ ਨਿਯੁਕਤੀ ਦੀ ਮਿਤੀ ਤੋਂ ਇਕ ਸਾਲ ਦੇ ਅੰਦਰ ਅੰਦਰ ਪੰਜਾਬੀ ਟਾਈਪ ਟੈਸਟ ਨਿਰਧਾਰਤ ਸਪੀਡ ਤੇ ਪਾਸ ਕਰਨਾਂ ਪਵੇਗਾ ਅਤੇ ਇੰਝ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਸਾਲਾਨਾ ਤਰੱਕੀ (ਜਾਂ ਉਚੇਰਾ ਸਕੇਲ ਜੋ ਡਿਊ ਹੋ ਜਾਵੇ) ਉਤਨੀ ਦੇਰ ਨਹੀਂ ਦਿੱਤੀ ਜਾਵੇਗੀ / ਜਾਵੇਗਾ ਜਿਤਨੀ ਦੇਰ ਉਹ ਪੰਜਾਬੀ ਟਾਈਪ ਟੈਸਟ ਪਾਸ ਨਹੀਂ ਕਰ ਲੈਂਦੇ ਅਤੇ ਉਨ੍ਹਾਂ ਵਲੋਂ ਟਾਈਪ ਟੈਸਟ ਪਾਸ ਕਰਨ ਉਪਰੰਤ ਹੀ ਸਾਲਾਨਾ ਤਰੱਕੀ /ਤਰੱਕੀਆਂ ਖੋਲ੍ਹੀਆਂ ਜਾਣਗੀਆਂ ਪਰ ਟੈਸਟ ਪਾਸ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਸਮੇਂ ਦਾ ਬਕਾਇਆ ਨਹੀਂ ਦਿੱਤਾ ਜਾਵੇਗਾ ।

ਇਹ ਹਦਾਇਤਾਂ ਸਾਰੇ ਸਬੰਧਤ ਅਧਿਕਾਰੀਆਂ /ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ ।

ਵਿਸ਼ਵਾਸਪਾਤਰ,

ਸਹੀ /-

**( ਧੀ.ਸੀ. ਸੈਂਗਰ)**

ਉਪ ਸਕੱਤਰ ਪ੍ਰਸੋਨਲ (ਸ)

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਅਜੀਤ ਸਿੰਘ ਚੱਠਾ, ਆਈ.ਏ.ਐਸ.

ਅ : ਸ : ਨੰ: ਪ੍ਰਚਾਲਣ-92
ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।
20 ਜੁਲਾਈ, 1992

ਵਿਸ਼ਾ: ਪੰਜਾਬ ਰਾਜ ਵਿਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ ।

ਸ਼੍ਰੀਮਾਨ ਜੀ /ਸ਼੍ਰੀਮਤੀ ਜੀ,

ਪੰਜਾਬ ਰਾਜ ਭਾਸ਼ਾ ਐਕਟ, 1967 ਅਨੁਸਾਰ ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਅੰਤ ਵਿਚ ਇਹ ਹਦਾਇਤਾ ਸਰਕਾਰ ਦੇ ਅਰਧ ਸਰਕਾਰੀ ਪੱਤਰ ਨੰ: 4/7/86-1 ਸਿ . (5) /2631-2662 ਮਿਤੀ 14.12.1990 ਰਾਹੀਂ ਜਾਰੀ ਕੀਤੀਆਂ ਗਈਆਂ ਜਿਨ੍ਹਾਂ ਵਿਚ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਅਤੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਬੇਨਤੀ ਕੀਤੀ ਗਈ ਸੀ ਕਿ ਸਕੱਤਰੇਤ / ਡਾਇਰੈਕਟਰੇਟ ਤੋਂ ਜਾਰੀ ਹੋਣ ਵਾਲੇ ਗਸ਼ਤੀ ਪੱਤਰ ਪੰਜਾਬੀ ਵਿਚ ਹੋਣ ਅਤੇ ਅਧੀਨ ਦਫ਼ਤਰਾਂ ਨਾਲ ਹੋਰ ਪੱਤਰ ਵਿਹਾਰ ਵੀ ਹਰ ਹਾਲਤ ਵਿਚ ਪੰਜਾਬੀ ਭਾਸ਼ਾ ਵਿਚ ਹੀ ਕੀਤਾ ਜਾਵੇ । ਹਦਾਇਤਾਂ ਰਾਹੀਂ ਇਹ ਵੀ ਜ਼ੋਰ ਦਿੱਤਾ ਗਿਆ ਸੀ ਕਿ ਜੋ ਕਰਮਚਾਰੀ ਦਫ਼ਤਰੀ ਕਾਰ-ਵਿਹਾਰ ਵਿਚ ਪੰਜਾਬੀ ਦੀ ਵਰਤੋਂ ਨਹੀਂ ਕਰਦੇ ਉਨ੍ਹਾਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮ, 1966 ਅਤੇ ਪੰਜਾਬੀ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਨਿਯਮ ਤਹਿਤ ਕਾਰਵਾਈ ਕੀਤੀ ਜਾਵੇ ।

ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਅਤੇ ਉਸ ਅਧੀਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਰਾਜ ਪ੍ਰਬੰਧ ਦਾ ਸਾਰਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਣਾ ਚਾਹੀਦਾ ਹੈ । ਪਰ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਅਧਿਕਾਰੀਆਂ /ਕਰਮਚਾਰੀਆਂ ਵਲੋਂ ਹਾਲੇ ਵੀ ਦਫ਼ਤਰੀ ਨੋਟਿੰਗ ਅੰਗਰੇਜ਼ੀ ਵਿਚ ਕੀਤੀ ਜਾ ਰਹੀ, ਪੱਤਰਾਂ ਦੇ ਉੱਤਰ ਅੰਗਰੇਜ਼ੀ ਵਿਚ ਦਿੱਤੇ ਜਾ ਰਹੇ ਹਨ ਜਾਂ ਸਮੁੱਚਾ ਪੱਤਰ-ਵਿਹਾਰ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ। ਅਜਿਹੇ ਅਧਿਕਾਰੀਆਂ /ਕਰਮਚਾਰੀਆਂ ਨੂੰ ਆਖਰੀ ਤਾੜਨਾ ਕਰ ਦਿੱਤੀ ਜਾਵੇ ਕਿ ਉਹ ਸਰਕਾਰ ਦੀ ਪਾਲਿਸੀ ਅਨੁਸਾਰ ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਨਹੀਂ ਕਰਨਗੇ ਤਾਂ ਉਨ੍ਹਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ।

ਸਰਕਾਰ ਨੇ ਇਹ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਸਹੀ ਅਰਥਾਂ ਵਿਚ ਦਿਵਾਇਆ ਜਾਵੇ । ਸਰਕਾਰ ਇਹ ਵੀ ਜਾਣਨਾ ਚਾਹੁੰਦੀ ਹੈ ਕਿ ਵਰਤਮਾਨ ਸਮੇਂ ਆਪ ਦੇ ਵਿਭਾਗ /ਦਫ਼ਤਰ/ਬੋਰਡ/ਕਾਰਪੋਰੇਸ਼ਨ ਵਿਚ ਪੰਜਾਬੀ ਦੀ ਕਿੰਨੇ ਫ਼ੀਸਦੀ ਵਰਤੋਂ ਹੋ ਰਹੀ ਹੈ । ਇਹ ਸੂਚਨਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਇਹ ਪੱਤਰ ਮਿਲਣ ਤੋਂ 15 ਦਿਨਾਂ ਦੇ ਅੰਦਰ ਅੰਦਰ ਭੇਜੀ ਜਾਵੇ । ਇਹ ਵੀ ਦਸਿਆ ਜਾਵੇ ਕਿ ਸੌ ਫ਼ੀਸਦੀ ਕੰਮ ਪੰਜਾਬੀ ਵਿਚ ਕਰਨ ਵਿਚ ਕੀ ਦਿੱਕਤਾਂ ਆ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਦੂਰ ਕਰਨ ਲਈ ਠੋਸ ਉਪਰਾਲੇ ਕੀਤੇ ਜਾ ਸਕਣ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਹਿੱਤੂ,

ਸਹੀ/-

**(ਅਜੀਤ ਸਿੰਘ ਚੱਠਾ)**

ਸਮੂਹ ਵਿੱਤੀ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ

<u>ਭਾਸ਼ਾ-ਵਿਭਾਗ, ਪੰਜਾਬ, ਪਟਿਆਲਾ</u>

ਪਿ.ਅੰ.ਨੰ.ਪ੍ਰਚਾਲਣ-92/17494 ਮਿਤੀ, ਪਟਿਆਲਾ : 10.8.92

ਕਾਪੀ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ :

1. ਸਮੂਹ ਵਿਭਾਗਾਂ ਦੇ ਮੁੱਖੀ
2. ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ
3. ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ
4. ਡਵੀਜ਼ਨਾਂ ਦੇ ਕਮਿਸ਼ਨਰਜ਼ /ਸਮੂਹ ਡਿਪਟੀ ਕਮਿਸ਼ਨਰਜ਼
5. ਸਮੂਹ ਸਬ-ਡਵੀਜ਼ਨਲ ਅਫ਼ਸਰ (ਸਿਵਲ)

ਸਹੀ/-

ਵਧੀਕ ਸਕੱਤਰ (ਸਿਖਿਆ) ਅਤੇ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਦਫ਼ਤਰਾ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਅਮਰੀਕ ਸਿੰਘ ਪੂਨੀ

ਮੁੱਖ ਸਕੱਤਰ, ਪੰਜਾਬ ਸਰਕਾਰ
ਅ.ਸ.ਪੱਤਰ ਨੰ: 3283
ਮਿਤੀ, ਪਟਿਆਲਾ : 13.2.95

ਵਿਸ਼ਾ : ਦਫ਼ਤਰੀ ਕੰਮ-ਕਾਰ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ

ਪਿਆਰੇ

ਪੰਜਾਬ ਰਾਜ ਭਾਸ਼ਾ ਐਕਟ, 1967 ਦੇ ਤਹਿਤ ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਨ੍ਹਾਂ ਰਾਹੀਂ ਇਹ ਕਿਹਾ ਗਿਆ ਸੀ ਕਿ ਦਫ਼ਤਰੀ ਕੰਮ-ਕਾਰ ਪੰਜਾਬੀ ਵਿਚ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮ, 1966 ਦੇ ਨਿਯਮ-3 (1) (III) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ), 1970 ਦੇ ਨਿਯਮ 5 ਤਹਿਤ ਕਾਰਵਾਈ ਕੀਤੀ ਜਾਇਆ ਕਰੇ। ਵੇਖਣ ਵਿਚ ਆਇਆ ਹੈ ਕਿ ਕੁਝ ਵਿਭਾਗ ਅਜਿਹੇ ਕੁਤਾਹੀਕਾਰਾਂ ਨੂੰ ਕੇਵਲ ਅੱਗੇ ਤੋਂ ਪੰਜਾਬੀ ਵਿਚ ਕੰਮ ਕਰਨ ਦੀ ਹਦਾਇਤ ਹੀ ਕਰ ਦਿੰਦੇ ਹਨ ਅਤੇ ਉਪਰੋਕਤ ਨਿਯਮਾਂ ਅਨੁਸਾਰ ਕਾਰਵਾਈ ਨਹੀਂ ਕਰਦੇ ਜਿਸ ਦੇ ਫਲਸਰੂਪ ਬਹੁਤ ਸਾਰੇ ਅਧਿਕਾਰੀ/ਕਰਮਚਾਰੀ ਇਨ੍ਹਾਂ ਹਦਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ।

2. ਮੈਂ ਇਸ ਰਾਹੀਂ ਸਪੱਸ਼ਟ ਰੂਪ ਵਿਚ ਲਿਖ ਰਿਹਾ ਹਾਂ ਕਿ ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਦੀ ਸੌ ਫ਼ੀਸਦੀ ਵਰਤੋਂ ਯਕੀਨੀ ਬਣਾਈ ਜਾਵੇ । ਹੇਠਲੇ ਦਫ਼ਤਰਾਂ ਨਾਲ ਪੱਤਰ - ਵਿਹਾਰ ਹਰ ਸੂਰਤ ਵਿਚ ਪੰਜਾਬੀ ਵਿਚ ਕੀਤਾ ਜਾਵੇ । ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਦਫ਼ਤਰਾਂ ਦੀ ਪੜਤਾਲ ਜਾਰੀ ਰੱਖਣ ਲਈ ਤਾਕੀਦ ਕੀਤੀ ਜਾ ਰਹੀ ਹੈ । ਜਿਹੜੀਆਂ ਪੜਤਾਲ ਰਿਪੋਰਟਾਂ ਡਾਇਰੈਕਟਰ, ਭਾਸ਼ਾ ਵਿਭਾਗ ਵਲੋਂ ਆਪ ਦੇ ਦਫ਼ਤਰ ਵਿਚ ਪ੍ਰਾਪਤ ਹੋਣ ਉਨ੍ਹਾਂ ਉਪਰ ਉਪਰੋਕਤ ਨਿਯਮਾਂ ਅਨੁਸਾਰ ਕਾਰਵਾਈ ਕਰਕੇ ਸਿੱਖਿਆ ਸਕੱਤਰ, ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਜਾਇਆ ਕਰੇ ਅਤ ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਵੀ ਭੇਜਿਆ ਜਾਵੇ । ਭਾਸ਼ਾ ਵਿਭਾਗ ਦੇ ਪੜਤਾਲ ਕਰਨ ਵਾਲੇ ਅਮਲੇ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਇਆ ਕਰੇ।

3. ਜੇਕਰ ਆਪ ਦੇ ਦਫ਼ਤਰ ਨੂੰ ਪੰਜਾਬੀ ਵਿਚ ਕੰਮ ਕਰਨ ਵਿਚ ਕਿਸੇ ਪ੍ਰਕਾਰ ਦੀ ਔਕੜ ਆਉਂਦੀ ਹੋਵੇ ਤਾਂ ਜਿਲ੍ਹਾ ਭਾਸ਼ਾ ਦਫ਼ਤਰਾਂ ਨਾਲ ਜਾਂ ਚੰਡੀਗੜ੍ਹ ਵਿਖੇ ਸਿਵਲ ਸਕੱਤਰੇਤ ਅਤੇ 17 ਸੈਕਟਰ ਵਿਖੇ ਸਥਿਤ ਭਾਸ਼ਾ ਵਿਭਾਗ ਦੇ ਦਫ਼ਤਰਾਂ ਨਾਲ ਸੰਪਰਕ

ਕੀਤਾ ਜਾਵੇ, ਪੰਜਾਬੀ ਪ੍ਰਚਾਲਣ ਦੇ ਕਿਸੇ ਵੀ ਕੰਮ ਵਿਚ ਸਹਾਇਤਾ ਦੇ ਕੇ ਉਨ੍ਹਾ ਨੂੰ ਖੁਸ਼ੀ ਹੋਵੇਗੀ।

4. ਇਸ ਚਿੱਠੀ ਦੀ ਪਹੁੰਚ ਰਸੀਦ ਭੇਜੀ ਜਾਵੇ ।

ਹਿੱਤੂ,

ਸਹੀ/-

**(ਅਮਰੀਕ ਸਿੰਘ ਪੂਨੀ)**

ਸਮੂਹ ਵਿੱਤੀ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ

ਪੰਜਾਬ, ਸਰਕਾਰ
ਸਿੱਖਿਆ ਵਿਭਾਗ
(ਸਿਖਿਆ ਸੈੱਲ)

ਨੰ.-4/7/86-1 ਸਿ-95/3284-88 ਮਿਤੀ,ਪਟਿਆਲਾ: 13.2.1995

ਕਾਪੀ ਹੇਠ-ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ :

1. ਸਮੂਹ ਵਿਭਾਗਾਂ ਦੇ ਮੁੱਖੀ
2. ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ ਚੇਅਰਮੇਨ/ਮੇਨੇਜਿੰਗ ਡਾਇਰੈਕਟਰ
3. ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ
4. ਡਵੀਜ਼ਨਾਂ ਦੇ ਕਮਿਸ਼ਨਰਜ਼ /ਸਮੂਹ ਡਿਪਟੀ ਕਮਿਸ਼ਨਰਜ਼
5. ਸਮੂਹ ਉਪ-ਮੰਡਲ ਅਫ਼ਸਰ (ਸਿਵਲ)

ਸਹੀ/-

ਸਕੱਤਰ (ਸਿਖਿਆ)

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਅ.ਸ.ਪੱ. ਨੰ: 1110-49
ਕੈਬਨਿਟ ਮੰਤਰੀ
ਉੱਚ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ : 27.05.1996

ਰਾਜਿੰਦਰ ਕੌਰ ਭੱਠਲ

ਵਿਸ਼ਾ : ਦਫ਼ਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ

ਪੰਜਾਬ ਰਾਜ ਭਾਸ਼ਾ ਐਕਟ, 1967 ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦਾ ਆਈਨਾ ਹੈ । ਇਸ ਐਕਟ ਦੇ ਤਹਿਤ ਵਿਭਾਗੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਜਿਨ੍ਹਾਂ ਅਨੁਸਾਰ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ /ਕਰਮਚਾਰੀਆਂ ਨੂੰ ਆਪਣਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕਰਨਾ ਚਾਹੀਦਾ ਹੈ । ਇਹ ਵੀ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਜਿਹੜੇ ਅਧਿਕਾਰੀ/ਕਰਮਚਾਰੀ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਆਪਣਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਨਹੀਂ ਕਰਦੇ ਉਨ੍ਹਾਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮ 1966 ਦੇ ਨਿਯਮ 3 (1) (III) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਵਲੀ, 1970 ਦੇ ਨਿਯਮ 5 ਤਹਿਤ ਕਾਰਵਾਈ ਕੀਤੀ ਜਾਇਆ ਕਰੇ । ਇਸ ਐਕਟ ਅਨੁਸਾਰ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਦੀ ਨਿਗਰਾਨੀ ਕਰਨ ਦਾ ਕੰਮ ਭਾਸ਼ਾ ਵਿਭਾਗ ਨੂੰ ਸੌਂਪਿਆ ਗਿਆ ਹੈ । ਇਹ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਭਾਸ਼ਾ ਵਿਭਾਗ ਵਲੋਂ ਲੋੜੀਂਦੀ ਸਹਾਇਕ ਸਮੱਗਰੀ ਉਪਲੱਬਧ ਕਾਰਵਾਈ ਗਈ ਹੈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਵਲੋਂ ਹਰ ਮਹੀਨੇ ਆਪਣੇ ਜ਼ਿਲ੍ਹੇ ਦੇ ਦਫ਼ਤਰਾਂ ਦੀ ਪੰਜਾਬੀ ਪ੍ਰਚਾਲਣ ਦੇ ਨਜ਼ਰੀਏ ਤੋਂ ਚੈਕਿੰਗ ਕੀਤੀ ਜਾਂਦੀ ਹੈ ਅਤੇ ਸਰਕਾਰੀ ਹਦਾਇਤਾਂ ਅਨੁਸਾਰ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਦੀਆਂ ਸੂਚੀਆਂ ਸਬੰਧਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਰਾਹੀਂ ਵਿਭਾਗਾਂ ਦੇ ਮੁੱਖ ਅਧਿਕਾਰੀਆਂ ਨੂੰ ਭੇਜੀਆਂ ਜਾਂਦੀਆਂ ਹਨ । ਵੇਖਣ ਵਿਚ ਆਇਆ ਹੈ ਕਿ ਕੁਝ ਵਿਭਾਗ ਅਜਿਹੇ ਕੁਤਾਹੀਕਰਾਂ ਨੂੰ ਕੇਵਲ ਅੱਗੇ ਤੋਂ ਪੰਜਾਬੀ ਵਿਚ ਕੰਮ ਕਰਨ ਦੀ ਹਦਾਇਤ ਹੀ ਕਰ ਦਿੰਦੇ ਹਨ ਪਰ ਉਕਤ ਨਿਯਮਾਂ ਅਨੁਸਾਰ ਕੁਤਾਹੀਕਾਰਾਂ ਵਿਰੁੱਧ ਕਾਰਵਾਈ ਨਹੀਂ ਕਰਦੇ, ਜਿਸਦੇ ਫਲਸਰੂਪ ਬਹੁਤ ਸਾਰੇ ਅਧਿਕਾਰੀ/ਕਰਮਚਾਰੀ ਇਨ੍ਹਾਂ ਹਦਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ । ਇਸ ਕਾਰਨ ਕਰਕੇ ਸਰਕਾਰ ਦੀ ਭਾਸ਼ਾ ਨੀਤੀ ਉਸ ਸਫ਼ਲਤਾ ਨਾਲ ਲਾਗੂ ਨਹੀਂ ਹੋ ਰਹੀ ਜਿਸ ਤਰ੍ਹਾਂ ਕਿ ਸਰਕਾਰ ਇਸ ਨੂੰ ਲਾਗੂ ਕਰਨਾ ਚਾਹੁੰਦੀ ਹੈ । ਮੈਂ ਇਸ ਪੱਤਰ ਰਾਹੀਂ ਆਪ ਜੀ ਨੂੰ ਇਹ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਆਪ ਜੀ ਨੇ ਆਪਣੇ

ਅਧੀਨ ਵਿਭਾਗਾਂ ਦੇ ਮੁੱਖ ਅਧਿਕਾਰੀਆਂ ਨੂੰ ਹਦਾਇਤ ਕਰਨ ਦੀ ਖੇਚਲ ਕਰਨਾ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਇਸ ਤਹਿਤ ਜਾਰੀ ਹੋਈਆਂ ਸਰਕਾਰੀ ਹਦਾਇਤਾਂ ਅਨੁਸਾਰ ਆਪੋ ਆਪਣੇ ਵਿਭਾਗਾਂ ਦਾ ਕੰਮ ਕਰੇ ਪੰਜਾਬੀ ਭਾਸ਼ਾ ਵਿਚ ਕਰਨ । ਇਸ ਦੇ ਨਾਲ ਹੀ ਇਹ ਹਦਾਇਤ ਕੀਤੀ ਜਾਵੇ ਕਿ ਜੇਕਰ ਕੋਈ ਅਧਿਕਾਰੀ /ਕਰਮਚਾਰੀ ਸਰਕਾਰ ਦੀ ਭਾਸ਼ਾ ਨੀਤੀ ਦੀ ਪਾਲਣਾ ਕਰਨ ਤੋਂ ਕੁਤਾਹੀ ਕਰਦਾ ਹੈ ਤਾਂ ਉਸ ਵਿਰੁੱਧ ਉਕਤ ਦਰਸਾਏ ਗਏ ਨਿਯਮਾਂ ਅਨੁਸਾਰ ਕਾਰਵਾਈ ਅਵੱਸ਼ ਕੀਤੀ ਜਾਵੇ ।

ਉਕਤ ਤੋਂ ਇਲਾਵਾ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਸਰਕਾਰ ਦੀ ਭਾਸ਼ਾ ਨੀਤੀ ਨੂੰ ਲਾਗੂ ਕਰਨ ਦੇ ਸਬੰਧ ਵਿਚ ਜੇਕਰ ਕਿਸੇ ਵਿਭਾਗ /ਦਫ਼ਤਰ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਜਾਂ ਕਿਸੇ ਸਹਾਇਕ ਸਮੱਗਰੀ ਦੀ ਲੋੜ ਹੋਵੇ ਤਾਂ ਉਹ ਇਸ ਬਾਰੇ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਜਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨਾਲ ਸੰਪਰਕ ਕਰਨ ਦੀ ਖੇਚਲ ਕਰਨ ।

ਮੇਰੀ ਇਹ ਵੀ ਦਿਲੀ ਇੱਛਾ ਹੈ ਕਿ ਆਪ ਜੀ ਜਦੋਂ ਵੀ ਆਪਣੇ ਵਿਭਾਗਾਂ ਦੇ ਕੰਮ-ਕਾਜ ਦੀ ਨਿਗਰਾਨੀ /ਅਗਵਾਈ ਲਈ ਸਰਕਾਰੀ ਦੌਰੇ ਤੇ ਜਾਂਦੇ ਹੋ ਤਾਂ ਸਬੰਧ ਵਿਭਾਗ ਦੇ ਕੰਮ ਕਾਰ ਤੋਂ ਇਲਾਵਾ ਸਰਕਾਰ ਦੀ ਭਾਸ਼ਾ ਨੀਤੀ ਦੀ ਪਾਲਣਾ ਦੇ ਨਜ਼ਰੀਏ ਤੋਂ ਵੀ ਉਸ ਵਿਭਾਗ ਦੇ ਕੰਮ-ਕਾਰ ਤੇ ਨਜ਼ਰਸਾਨੀ ਕਰਨ ਦੀ ਖੇਚਲ ਕੀਤੀ ਜਾਇਆ ਕਰੇ ।

ਧੰਨਵਾਦ ਸਹਿਤ,

ਹਿੱਤੂ,

ਸਹੀ/-

(ਰਜਿੰਦਰ ਕੌਰ ਭੱਠਲ)

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਆਰ.ਐਸ. ਮਾਨ ਆਈ.ਏ.ਐਸ.

ਮੁੱਖ ਸਕੱਤਰ, ਪੰਜਾਬ ਸਰਕਾਰ,
ਅ.ਸ.ਪੱਤਰ ਨੰ: 386-437
ਮਿਤੀ, ਚੰਡੀਗੜ੍ਹ 1.4.1997

ਵਿਸ਼ਾ : <u>ਦਫ਼ਤਰੀ ਕੰਮ ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ ।</u>

ਮੇਰੇ ਪਿਆਰੇ

ਪੰਜਾਬ ਰਾਜ ਭਾਸ਼ਾ ਐਕਟ, 1967 ਅਨੁਸਾਰ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੈ। ਇਸ ਦਾ ਸਿੱਧਾ ਅਤੇ ਸਪੱਸ਼ਟ ਭਾਵ ਇਹ ਹੈ ਕਿ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦੀ ਆਪਣੀ ਭਾਸ਼ਾ ਪੰਜਾਬੀ ਵਿਚ ਕੀਤਾ ਜਾਵੇ । ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਅਤੇ ਉਸ ਅਧੀਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਰਾਜ-ਪ੍ਰਬੰਧ ਦਾ ਸਾਰਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਣਾ ਚਾਹੀਦਾ ਹੈ । ਐਪਰ, ਇਹ ਵੇਖਣ ਵਿਚ ਆਇਆ ਹੈ ਕਿ ਕੁਝ ਅਧਿਕਾਰੀਆਂ /ਕਰਮਚਾਰੀਆਂ ਵਲੋਂ ਹਾਲੇ ਵੀ ਦਫ਼ਤਰੀ ਨੋਟਿੰਗ /ਡਰਾਫਟਿੰਗ ਅੰਗਰੇਜ਼ੀ ਵਿਚ ਕੀਤੀ ਜਾ ਰਹੀ ਹੈ, ਪੱਤਰਾਂ ਦੇ ਉੱਤਰ ਅੰਗਰੇਜ਼ੀ ਵਿਚ ਦਿੱਤੇ ਜਾ ਰਹੇ ਹਨ ਜਾਂ ਸਮੁੱਚਾ ਪੱਤਰ-ਵਿਹਾਰ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ । ਇਹ ਰੁਝਾਨ ਅਜੇ ਵੀ ਸਕੱਤਰੇਤ ਪੱਧਰ ਦੇ ਦਫ਼ਤਰ ਵਿਚ ਅਤੇ ਪੰਜਾਬ ਦੇ ਕੁਝ ਕੁ ਹੋਰ ਦਫ਼ਤਰਾਂ ਵਿਚ ਕਾਫ਼ੀ ਵੇਖਣ ਵਿਚ ਮਿਲਦਾ ਹੈ ਜੋ ਸਰਾਸਰ ਰਾਜ ਭਾਸ਼ਾ ਐਕਟ ਦੀ ਉਲੰਘਣਾ ਹੈ । ਅਜਿਹੇ ਅਧਿਕਾਰੀਆਂ /ਕਰਮਚਾਰੀਆਂ, ਚਾਹੇ ਉਹ ਸਕੱਤਰੇਤ ਦੇ ਦਫ਼ਤਰਾਂ ਦੇ ਹੋਣ ਜਾਂ ਸੁਬਾਰਡੀਨੇਟ ਦਫ਼ਤਰਾਂ ਦੇ ਹੋਣ ਨੂੰ ਆਖ਼ਰੀ ਤਾੜਨਾ ਕਰ ਦਿੱਤੀ ਜਾਵੇ ਕਿ ਜੇ ਉਹ ਸਰਕਾਰ ਦੀ ਪਾਲਿਸੀ ਅਨੁਸਾਰ ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਵਿਚ ਨਹੀਂ ਕਰਨਗੇ ਤਾਂ ਉਨ੍ਹਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਨੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ਅਤੇ ਕਿਸੇ ਵੀ ਕੁਤਾਹੀਕਾਰ ਅਧਿਕਾਰੀ/ਕਰਮਚਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ।

ਪ੍ਰਸ਼ਾਸਨ ਵਿਚ ਪੰਜਾਬ ਨੂੰ ਲਾਗੂ ਕਰਨ ਲਈ ਸਰਕਾਰ ਵਲੋਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਹਰ ਮਹੀਨੇ ਦਫ਼ਤਰਾਂ ਦੀ ਚੈਕਿੰਗ ਕਰਨ ਉਪਰੰਤ ਕੁਤਾਹੀਕਾਰਾਂ ਸਬੰਧੀ ਰਪਟਾਂ ਸਬੰਧਤ ਪ੍ਰਸ਼ਾਸਕੀ ਸਕੱਤਰ ਸਾਹਿਬਾਨਾਂ ਨੂੰ ਭੇਜੀਆਂ ਜਾਇਆ ਕਰਨ । ਇਸ ਲਈ ਆਪ ਨੂੰ ਜਦੋਂ ਵੀ ਆਪ ਦੇ ਅਧੀਨ ਦਫ਼ਤਰਾਂ ਨਾਲ ਸਬੰਧਤ ਕੁਤਾਹੀਕਾਰਾਂ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਵਲੋਂ ਕੋਈ ਰਪਟ ਪ੍ਰਾਪਤ ਹੁੰਦੀ ਹੈ ਤਾਂ ਉਨ੍ਹਾਂ ਵਿਰੁੱਧ ਤੁਰੰਤ ਪੰਜਾਬ ਸਰਕਾਰ ਕਰਮਚਾਰੀ-ਆਚਰਣ ਨਿਯਮਾਵਲੀ, 1966 ਦੇ ਨਿਯਮ-3 ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ-5 ਅਧੀਨ ਕਾਰਵਾਈ ਕੀਤੀ ਜਾਵੇ ।

ਮੈਨੂੰ ਪੂਰਨ ਆਸ ਹੈ ਕਿ ਇਸ ਸਬੰਧੀ ਸਰਕਾਰੀ ਹਦਾਇਤਾਂ ਨੂੰ ਆਪ ਵਲੋਂ ਆਪਣੇ ਵਿਭਾਗ / ਦਫ਼ਤਰ ਵਿਚ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਨਿੱਜੀ ਧਿਆਨ ਦਿੱਤਾ ਜਾਵੇਗਾ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ।

ਹਿਤੂ,
(ਆਰ.ਐੱਸ ਮਾਨ)

ਸਮੂਹ ਵਿੱਤੀ ਕਮਿਸ਼ਨਰਜ਼
ਪ੍ਰਬੰਧਕੀ ਸਕੱਤਰ, ਪੰਜਾਬ

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਆਰ.ਐਸ. ਮਾਨ

ਅ.ਸ.ਪੱਤਰ ਨੰ: ਪ੍ਰਚਲਣ-9730056-108
ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ ।

20, ਨਵੰਬਰ, 1997

ਵਿਸ਼ਾ : ਦਫ਼ਤਰੀ ਕੰਮ ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ ।

ਮੇਰੇ ਪਿਆਰੇ

ਪੰਜਾਬ ਰਾਜ ਭਾਸ਼ਾ ਐਕਟ, 1967 ਅਨੁਸਾਰ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੈ। ਇਸ ਦਾ ਸਿੱਧਾ ਅਤੇ ਸਪਸ਼ਟ ਭਾਵ ਇਹ ਹੈ ਕਿ ਪ੍ਰਸ਼ਾਸਨ ਦਾ ਕੰਮ ਸਮੂਹ ਪੰਜਾਬੀਆਂ ਦੀ ਆਪਣੀ ਭਾਸ਼ਾ ਵਿਚ ਕੀਤਾ ਜਾਵੇ । ਦਫ਼ਤਰੀ ਕੰਮ ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ । ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਅਤੇ ਉਸ ਅਧੀਨ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਰਾਜ ਪ੍ਰਬੰਧ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇ ।

ਡਾ. ਉਪਿੰਦਰਜੀਤ ਕੌਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਵਲੋਂ ਮੈਨੂੰ ਇਕ ਨੋਟ ਰਾਹੀਂ ਗਿਆਤ ਕਰਵਾਇਆ ਗਿਆ ਹੈ ਕਿ ਕੁਝ ਕੇਸਾਂ ਵਿਚ ਦਫ਼ਤਰ ਵਲੋਂ ਤਾਂ ਪੰਜਾਬੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ ਪਰ ਉਚ ਅਧਿਕਰੀਆਂ ਵਲੋਂ ਆਪਣੇ ਵਿਚਾਰ ਅੰਗਰੇਜ਼ੀ ਭਾਸ਼ਾ ਵਿਚ ਦਿੱਤੇ ਜਾਂਦੇ ਹਨ । ਉੱਚ ਅਧਿਕਾਰੀਆਂ ਵਲੋਂ ਇਸ ਤਰ੍ਹਾਂ ਕਰਨ ਨਾਲ ਸਰਕਾਰ ਦੀ ਭਾਸ਼ਾ ਨੀਤੀ ਦੀ ਉਲੰਘਣਾ ਹੁੰਦੀ ਹੈ । ਸਰਕਾਰ ਦੀ ਭਾਸ਼ਾ ਨੀਤੀ ਨੂੰ ਸਫਲ ਬਣਾਉਣ ਲਈ ਉਚ ਅਧਿਕਰੀਆਂ ਨੂੰ ਪ੍ਰਸ਼ਾਸਨ ਦਾ ਕੰਮ ਕਾਜ ਪੰਜਾਬੀ ਵਿਚ ਕਰਨਾ ਚਾਹੀਦਾ ਹੈ । ਪੰਜਾਬ ਰਾਜ ਭਾਸ਼ਾ ਐਕਟ ਤੇ ਉਸ ਅਧੀਨ ਜਾਰੀ ਹੋਈਆਂ ਹਦਾਇਤਾਂ ਦੀ ਰੋਸ਼ਨੀ ਵਿਚ ਮੈਂ ਆਪ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪ ਆਪਣੇ ਵਿਭਾਗ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਕਰੋ ਅਤੇ ਕਰਵਾਉਣ ਦੀ ਖੇਚਲ ਕਰੋ।

ਆਦਰ ਸਹਿਤ ,

ਹਿਤੂ ,

(ਆਰ. ਐੱਸ.ਮਾਨ)

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

**ਮਨਜੀਤ ਸਿੰਘ ਕਲਕੱਤਾ**
ਫੋਨ ਨੰ: 743169

ਅ.ਸ.ਪੱ.ਨੰ:8/7/97-2/ਸਪੈਸ਼ਲ/20882
ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ, ਪੰਜਾਬ
ਮਿਤੀ , ਚੰਡੀਗੜ੍ਹ 13.10.97

ਵਿਸ਼ਾ : ਦਫ਼ਤਰੀ ਕੰਮ-ਕਾਜ ਵਿਚ ਰਾਜ-ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ ।

ਪਿਆਰੇ ,

ਇਸ ਪੱਤਰ ਰਾਹੀਂ ਮੈਂ ਆਪ ਦਾ ਧਿਆਨ ਸਰਕਾਰੀ ਕੰਮ -ਕਾਜ ਲਈ ਪੰਜਾਬੀ ਦੀ ਵਰਤੋਂ ਲਾਜ਼ਮੀ ਕਰਨ ਹਿੱਤ ਦਿਵਾਉਣ ਲਈ ਲਿਖ ਰਿਹਾ ਹਾਂ।

ਪੰਜਾਬ ਰਾਜ-ਭਾਸ਼ਾ ਐਕਟ, 1967 ਦੇ ਉਪਬੰਧਾਂ ਅਨੁਸਾਰ ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਕਰਾਰ ਦਿੱਤੀ ਗਈ ਹੈ। ਇਸ ਅਨੁਸਾਰ ਪੰਜਾਬ ਦਾ ਪ੍ਰਸ਼ਾਸਨ, ਸਿੱਖਿਆ ਤੇ ਨਿਆਂਪਾਲਿਕਾ ਦੇ ਖੇਤਰ ਵਿਚ ਸਾਰਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਣਾ ਲਾਜ਼ਮੀ ਹੈ। ਇਸ ਐਕਟ ਅਧੀਨ ਸਮੇਂ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਇਹ ਸੁਨਿਸ਼ਚਿਤ ਕਰਨ ਲਈ ਸਰਕਾਰ ਵਲੋਂ ਯਤਨ ਕੀਤਾ ਜਾਂਦਾ ਹੈ ਕਿ ਮਾਂ-ਬੋਲੀ ਨੂੰ ਉਸ ਦਾ ਉਚਿਤ ਸਥਾਨ ਦੇਣ ਦੇ ਨਾਲ ਨਾਲ ਰਾਜ-ਭਾਸ਼ਾ ਦੇ ਤੌਰ ਤੇ ਇਸ ਦੀ ਵਰਤੋਂ ਲਾਜ਼ਮੀ ਰੂਪ ਵਿਚ ਅਤੇ ਹਰੇਕ ਪੱਧਰ ਤੇ ਕੀਤੀ ਜਾਵੇ। ਇਨ੍ਹਾਂ ਹਦਾਇਤਾਂ ਅਨੁਸਾਰ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮਾਂਵਲੀ, 1966 ਦੇ ਨਿਯਮ 3 (1) (iii) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ ) ਨਿਯਮਾਂਵਲੀ, 1970 ਦੇ ਨਿਯਮ-5 ਤਹਿਤ ਕਾਰਵਾਈ ਕਰਨ ਦਾ ਉਪਬੰਧ ਕੀਤਾ ਗਿਆ ਹੈ।

ਐਪਰ, ਦੇਖਣ ਵਿਚ ਆਇਆ ਹੈ ਕਿ ਪੰਜਾਬੀ ਵਿਚ ਕੰਮ-ਕਾਜ ਉਸ ਤੇਜ਼ ਰਫ਼ਤਾਰੀ ਅਤੇ ਤਨਦੇਹੀ ਨਾਲ ਨਹੀਂ ਕੀਤਾ ਜਾ ਰਿਹਾ ਜੋ ਕਿ ਕਰਨਾ ਬਣਦਾ ਹੈ। ਪੰਜਾਬ ਦੀ ਜਨਤਾ ਨੂੰ ਦਿੱਤੇ ਵਿਸ਼ਵਾਸ, ਮੈਨੀਫੈਸਟੋ ਅਤੇ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਪੰਜਾਬੀ ਨੂੰ ਦਫ਼ਤਰੀ ਕਾਰ-ਵਿਹਾਰ ਲਈ ਲਾਜ਼ਮੀ ਬਣਾਉਣ ਹਿੱਤ ਆਪ ਸਭ ਦਾ ਸਹਿਯੋਗ ਅਤਿ-ਜ਼ਰੂਰੀ ਹੈ। ਆਪ ਵੱਲੋਂ ਹੁਣ ਤੱਕ ਕੀਤੇ ਗਏ ਉਪਰਾਲਿਆਂ ਤੋਂ ਇਲਾਵਾ ਅੱਗੇ ਵਾਸਤੇ ਇਹ ਯਕੀਨੀ ਬਣਾਇਆ ਜਾਵੇ ਕਿ ਜਦੋਂ ਕੋਈ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਨੋਟਿੰਗ, ਡਰਾਫਟਿੰਗ ਅਤੇ ਪੱਤਰ-ਵਿਹਾਰ ਨਾ ਕਰੇ ਤਾਂ ਉਸ ਨੂੰ ਲਿਖਤੀ ਰੂਪ ਵਿਚ ਤਾੜਨਾ ਕੀਤੀ ਜਾਵੇ ਅਤੇ ਤਾੜਨਾ ਦੀ ਕਾਪੀ ਸਬੰਧਤ ਪ੍ਰਬੰਧਕੀ ਸਕੱਤਰ ਨੂੰ ਭੇਜੀ ਜਾਵੇ। ਤੀਜੀ ਵਾਰ ਕੀਤੀ ਗਈ ਤਾੜਨਾ ਦੀ ਕਾਪੀ ਸਬੰਧਤ ਦੀ ਆਚਰਣ ਪੱਤਰੀ ਵਿਚ ਲਾਉਣੀ ਲਾਜ਼ਮੀ ਹੋਵੇਗੀ।

ਦਫ਼ਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤ:

ਪੰਜਾਬ ਰਾਜ-ਭਾਸ਼ਾ ਐਕਟ ਅਨੁਸਾਰ ਜਾਰੀ ਹੋਈਆਂ ਹਦਾਇਤਾਂ ਮੁਤਾਬਕ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਲਈ ਨਿਗਰਾਨੀ ਦਾ ਕੰਮ ਭਾਸ਼ਾ ਵਿਭਾਗ ਨੂੰ ਸੌਂਪਿਆ ਗਿਆ ਹੈ। ਵਿਭਾਗ ਵਲੋਂ ਪੰਜਾਬੀ ਪ੍ਰਚਲਣ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ। ਜ਼ਿਲ੍ਹਾ ਭਾਸ਼ਾ ਅਫ਼ਸਰਾਂ ਵਲੋਂ ਹਰ ਮਹੀਨੇ ਆਪਣੇ ਜ਼ਿਲ੍ਹੇ ਵਿਚਲੇ ਦਫ਼ਤਰਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਜਿਸ ਦੀ ਰਿਪੋਟ ਸੰਬੰਧਤ ਪ੍ਰਬੰਧਕੀ ਸਕੱਤਰ ਨੂੰ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ। ਇਸ ਕਾਰਜ ਵਿਚ ਤੇਜ਼ੀ ਲਿਆਉਣ ਅਤੇ ਲੋੜੀਂਦੇ ਸਿੱਟੇ ਪ੍ਰਾਪਤ ਕਰਨ ਲਈ ਹੁਣ ਵਿਸ਼ੇਸ਼ ਮੁਹਿੰਮ ਚਲਾਉਣ ਦਾ ਇਰਾਦਾ ਹੈ ਜਿਸ ਵਿਚ ਪ੍ਰਮੁੱਖ ਸਕੱਤਰ (ਸਿੱਖਿਆ ਤੇ ਭਾਸ਼ਾ) ਸੰਬੰਧਤ ਪ੍ਰਬੰਧਕੀ ਸਕੱਤਰ ਅਤੇ ਡਾਇਰੈਕਟਰ, ਭਾਸ਼ਾ ਤੇ ਆਧਾਰਤ ਟੀਮ ਨਾਲ ਦਫ਼ਤਰਾਂ ਦੀ ਚੈਕਿੰਗ ਕਰਨ ਦੀ ਮੇਰੀ ਮਨਸ਼ਾ ਹੈ। ਕਿਉਂਕਿ ਜੇ ਇਸ ਵਿਸ਼ੇਸ਼ ਮੁਹਿੰਮ ਵਿਚ ਕੋਤਾਹੀਕਾਰ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਲਈ ਚੰਗਾ ਹੋਵੇਗਾ ਜੇਕਰ ਆਪ ਇਸ ਤੋਂ ਪਹਿਲੇ ਆਪਣੀ ਪੱਧਰ ਤੇ ਇਹ ਯਕੀਨੀ ਬਣਾ ਲਓ ਕਿ ਆਪ ਦੇ ਅਧੀਨ ਵਿਭਾਗ ਵਿਚ ਉਪਰਲੇ ਪੱਧਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਸਮੁੱਚਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਂਦਾ ਹੈ। ਇਸ ਕਾਰਜ ਲਈ ਇਸ ਪੱਤਰ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ ਇਕ ਮਹੀਨੇ ਤੱਕ ਦਾ ਸਮਾਂ ਕਾਫ਼ੀ ਹੋਵੇਗਾ। ਪੂਰੇ ਇਕ ਮਹੀਨੇ ਦੇ ਬਾਅਦ ਸਕੱਤਰੇਤ ਪੱਧਰ ਤੋਂ ਲੈ ਕੇ ਤਹਿਸੀਲ ਪੱਧਰ ਤੱਕ ਹਰੇਕ ਦਫ਼ਤਰ ਦੇ ਕੰਮ-ਕਾਜ ਦੀ ਚੈਕਿੰਗ ਮੁਹਿੰਮ ਦੇ ਰੂਪ ਵਿਚ ਕੀਤੀ ਜਾਵੇਗੀ।

ਮੈਨੂੰ ਆਸ ਹੈ ਕਿ ਆਪ ਇਸ ਕਾਰਜ ਵਿਚ ਮੈਨੂੰ ਸਹਿਯੋਗ ਦਿਓਗੇ ਤਾਂ ਜੋ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਠੋਸ ਸਿੱਟੇ ਪੰਜਾਬ ਦੀ ਜਨਤਾ ਅਤੇ ਪੰਜਾਬੀ ਪਿਆਰਿਆਂ ਦੇ ਸਾਹਮਣੇ ਆ ਸਕਣ।

ਹਿਤੂ

(ਮਨਜੀਤ ਸਿੰਘ ਕਲਕੱਤਾ)

ਸ: ਰਘਬੀਰ ਸਿੰਘ,
ਟਰਾਂਸਪੋਰਟ ਮੰਤਰੀ, ਪੰਜਾਬ,
ਚੰਡੀਗੜ੍ਹ।

**ਮਨਜੀਤ ਸਿੰਘ ਕਲਕੱਤਾ**

ਫੋਨ ਨੰ: 743169 (ਦ)

690827 (ਘਰ)

ਅ.ਸ.ਪੱ.ਨੰ:ਪੀ.ਏ/ਓ.ਸਿ.ਤੇਭ/ਮੰ–98/500

ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ, ਪੰਜਾਬ

ਮਿਤੀ , ਚੰਡੀਗੜ੍ਹ 14.7.98

ਵਿਸ਼ਾ : ਰਾਜ–ਭਾਸ਼ਾ ਪੰਜਾਬੀ ਦੀ ਵਰਤੋਂ ਕਰਨ ਸਬੰਧੀ ।

ਪਿਆਰੇ ,

ਮੈਂ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਤੇ ਆਪ ਦੇ ਅ.ਸ. ਪੱਤਰ ਨੰ: 8/7/92/2 ਸਿ. ਸੈਲ/29882 , ਮਿਤੀ 13.10.97 ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਸ ਵਿਚ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦੀ ਪਾਲਣਾ ਕਰਨ ਦੇ ਸਬੰਧ ਵਿਚ ਵਿਸਥਾਰ ਸਹਿਤ ਲਿਖਿਆ ਗਿਆ ਸੀ ।

ਤਿੰਨ ਦਹਾਕਿਆਂ ਦਾ ਸਮਾਂ ਲੰਘ ਚੁੱਕਾ ਹੈ, ਪੰਜਾਬੀ ਭਾਸ਼ਾ ਨੂੰ ਰਾਜ ਮੁਕਟ ਪਹਿਨਾਇਆਂ, ਪਰੰਤੂ ਬੜੇ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਆਪ ਦੇ ਅਧੀਨ ਕਈ ਉਚ ਅਧਿਕਾਰੀ ਅਜੇ ਵੀ ਪੂਰਨ ਤੌਰ ਤੇ ਪੰਜਾਬੀ ਵਿਚ ਕੰਮ ਨਹੀਂ ਕਰ ਰਹੇ। ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਨੂੰ ਪ੍ਰੇਰਣਾ ਦੇਣ ਦੀ ਥਾਂ ਸਖ਼ਤੀ ਨਾਲ ਨਜਿੱਠਿਆ ਜਾਵੇ । ਸਪੱਸ਼ਟ ਹਦਾਇਤ ਜਾਰੀ ਕੀਤੀ ਜਾ ਚੁੱਕੀ ਹੈ ਕਿ ਜਿਹੜੇ ਅਧਿਕਾਰੀ/ਕਰਮਚਾਰੀ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਨਹੀਂ ਕਰਦੇ, ਉਨ੍ਹਾਂ ਦੀ ਸਾਲਾਨਾ ਗੁਪਤ ਰਿਪੋਰਟ ਵਿਚ ਇਹ ਤੱਥ ਦਰਜ ਕਰ ਲਿਆ ਜਾਵੇ ਅਤੇ ਉਸ ਅਨੁਸਾਰ ਖੌਤਾਹੀਕਾਰ, ਜਿਸ ਸਜ਼ਾ ਦਾ ਭਾਗੀ ਬਣਦਾ ਹੈ, ਉਸ ਬਾਰੇ ਲਾਜ਼ਮੀ ਤੌਰ ਤੇ ਕਾਰਵਾਈ ਕੀਤੀ ਜਾਵੇ । ਇਸ ਲਈ ਮੇਰੀ ਆਪ ਨੂੰ ਬੇਨਤੀ ਹੈ ਕਿ ਆਪ ਆਪਣੇ ਅਧੀਨ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦੀ ਹੂ ਬ ਹੂ ਪਾਲਣਾ ਕਰਨ ਦੇ ਆਦੇਸ਼ ਜਾਰੀ ਕਰਨ ਦੀ ਖੇਚਲ ਕਰਨਾ। ਅਸੀਂ ਮਹਿਕਮਾਨਾ ਪੜਤਾਲ ਕਰਨ ਲਈ ਵੀ ਪ੍ਰੋਗਰਾਮ ਨਿਸ਼ਚਿਤ ਕਰ ਰਹੇ ਹਾਂ ਅਤੇ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਅਧੀਨ ਆਉਂਦੇ ਮਹਿਕਮਿਆਂ ਵਿਚ ਪੰਜਾਬੀ ਰਾਜ ਭਾਸ਼ਾ ਨੀਤੀ ਲਾਗੂ ਕਰਵਾਉਣ ਹਿੱਤ ਤੁਰੰਤ ਜ਼ਰੂਰੀ ਕਾਰਵਾਈ ਕਰਨ ਦੀ ਕਿਰਪਾਲਤਾ ਕਰਨੀ ।

ਹਿੱਤੂ

(ਮਨਜੀਤ ਸਿੰਘ ਕਲਕੱਤਾ)

ਨੋਟ : ਇਸ ਪੱਤਰ ਦਾ ਉੱਤਰ ਯਕੀਨੀ ਬਣਾਇਆ ਜਾਵੇ ।

ਸਮੂਹ ਮੰਤਰੀ ਸਾਹਿਬਾਨ,

ਪੰਜਾਬ

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ ਸੈਲ)

ਸੇਵਾ ਵਿਖੇ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ,

ਪਟਿਆਲਾ।

ਮੀਮੋ ਨੰ: 12/33/97- 2ਸਿ. ਸੈਲ/12274

ਮਿਤੀ, ਚੰਡੀਗੜ੍ਹ 26.6.97

ਵਿਸ਼ਾ : ਪੰਜਾਬੀ ਪ੍ਰਚਾਲਣ ਚੈਕਿੰਗ ਰਿਪੋਰਟ

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਪੰਜਾਬੀ ਪ੍ਰਚਾਲਣ (17) - 97/11187 ਮਿਤੀ 18/5/97, ਪੱਤਰ ਨੰ: ਪੰਜਾਬੀ ਪ੍ਰਚਾਲਣ (17) /11191, ਮਿਤੀ 18/5/97 ਅਤੇ ਪੱਤਰ ਨੰ: ਪੰਜਾਬੀ ਪ੍ਰਚਾਲਣ (ਏ-17) 97/11175 ਮਿਤੀ 18/5/97 ਦੇ ਹਵਾਲੇ ਵਿਚ ।

2. ਇਹ ਆਮ ਵੇਖਣ ਵਿਚ ਆਇਆ ਹੈ ਕਿ ਆਪ ਦੇ ਵਿਭਾਗ ਵਲੋਂ ਦਫ਼ਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਵਾਉਣ ਲਈ ਪੰਜਾਬ ਦੇ ਵੱਖ-ਵੱਖ ਦਫ਼ਤਰਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਜਿਹੜੇ ਅਧਿਕਾਰੀ/ ਕਰਮਚਾਰੀ ਪੰਜਾਬੀ ਭਾਸ਼ਾ ਦੀ ਵਰਤੋਂ ਦਫ਼ਤਰੀ ਕੰਮ ਕਾਜ ਵਿਚ ਨਹੀਂ ਕਰਦੇ ਉਹਨਾਂ ਵਿਰੁੱਧ ਆਚਰਣ ਨਿਯਮਾਂ ਅਤੇ ਸਜ਼ਾ ਅਤੇ ਅਪੀਲ ਨਿਯਮ ਅਨੁਸਾਰ ਕਾਰਵਾਈ ਕਰਨ ਲਈ ਸਬੰਧਤ ਵਿਭਾਗ ਨੂੰ ਲਿਖ ਦਿੱਤਾ ਜਾਂਦਾ ਹੈ। ਪ੍ਰੰਤੂ ਇਹ ਵੀ ਆਮ ਵੇਖਣ ਵਿਚ ਆਇਆ ਹੈ ਕਿ ਸਬੰਧਤ ਵਿਭਾਗ ਵਲੋਂ ਅਜਿਹੀ ਕੋਈ ਕਾਰਵਾਈ ਆਰੰਭੀ ਨਹੀਂ ਜਾਂਦੀ । ਇਸ ਲਈ ਭਵਿੱਖ ਵਿਚ ਇਹ ਯਕੀਨੀ ਬਣਾਇਆ ਜਾਵੇ ਕਿ ਜਿਹੜੇ ਅਧਿਕਾਰੀ/ਕਰਮਚਾਰੀ ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਾ ਕਰਨ ਲਈ ਕੁਤਾਹੀਕਾਰ ਪਾਏ ਜਾਂਦੇ ਹਨ ਉਹਨ੍ਹਾਂ ਵਿਰੁੱਧ ਸਬੰਧਤ ਵਿਭਾਗ ਵਲੋਂ ਆਚਰਣ ਨਿਯਮ ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂ ਤਹਿਤ ਕਾਰਵਾਈ ਕੀਤੀ ਗਈ ਹੈ ਅਤੇ ਕੀਤੀ ਗਈ ਕਾਰਵਾਈ ਬਾਰੇ ਵੀ ਸਮੇਂ ਸਮੇਂ ਸਿਰ ਪਤਾ ਲਗਾਇਆ ਕਰੇ, ਤਾਂ ਜੋ ਸਰਕਾਰ ਵਲੋਂ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਲਈ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਵਾਈ ਜਾ ਸਕੇ।

ਸਹੀ/-

(ਐਨ.ਕੇ. ਵਧਾਵਨ)

ਉਪ ਸਕੱਤਰ ਉਚੇਰੀ ਸਿੱਖਿਆ

ਨੰ : 15/13/97-1 ਪੀ.ਪੀ. 1/20575

ਪੰਜਾਬ ਸਰਕਾਰ

ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ

(ਪ੍ਰਸੋਨਲ ਪਾਲਿਸੀਜ਼ -1 ਸ਼ਾਖਾ)

ਮਿਤੀ, ਚੰਡੀਗੜ੍ਹ : 29 ਅਕਤੂਬਰ/97

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ; ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ; ਸਮੂਹ ਡਵੀਜ਼ਨਾਂ ਦੇ ਕਮਿਸ਼ਨਰ, ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟਰੇਟ (ਸਿਵਲ) ਪੰਜਾਬ

********

ਵਿਸ਼ਾ : ਦਫ਼ਤਰਾਂ ਵਿਚ ਸੌ ਫੀਸਦੀ ਪੰਜਾਬੀ ਲਾਗੂ ਕਰਨ ਲਈ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦੇ ਪ੍ਰੋਫਾਰਮੇ ਵਿਚ ਕਾਲਮ ਸ਼ਾਮਲ ਕਰਨ ਬਾਰੇ

********

ਸ੍ਰੀਮਾਨ/ਸ੍ਰੀਮਤੀ ਜੀ,

ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਨੇ ਸਰਕਾਰ ਦੇ ਧਿਆਨ ਵਿਚ ਲਿਆਂਦਾ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਨੂੰ ਲਾਗੂ ਹੋਏ ਤਕਰੀਬਨ 30 ਸਾਲ ਹੋ ਗਏ ਹਨ ਪਰ ਸਰਕਾਰੀ ਦਫ਼ਤਰਾਂ ਵਿਚ ਅਜੇ ਤਕ ਸਾਰਾ ਕੰਮ ਪੰਜਾਬੀ ਭਾਸ਼ਾ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ। ਬੇਸ਼ੱਕ ਇਸ ਐਕਟ ਨੂੰ ਲਾਗੂ ਕਰਨ ਲਈ ਸਰਕਾਰ ਵਲੋਂ ਸਮੇਂ-ਸਮੇਂ ਸਿਰ ਹਦਾਇਤਾਂ ਵੀ ਜਾਰੀਆਂ ਕੀਤੀਆਂ ਗਈਆਂ ਹਨ ਪਰ ਅਜੇ ਤੱਕ ਉਹਨਾਂ ਹਦਾਇਤਾਂ ਦਾ ਕੋਈ ਚੰਗਾ ਸਿੱਟਾ ਨਹੀਂ ਨਿਕਲਿਆ। ਅਸਲ ਵਿਚ ਜਦੋਂ ਤਕ ਕੋਤਾਹੀਕਾਰਾਂ ਨੂੰ ਸਜ਼ਾ ਦੇਣ ਲਈ ਐਕਟ ਵਿਚ ਕੋਈ ਉਪਬੰਧ ਨਹੀਂ ਕੀਤਾ ਜਾਂਦਾ, ਪੰਜਾਬੀ ਭਾਸ਼ਾ ਦਫ਼ਤਰਾਂ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਦੀ। ਇਸ ਲਈ, ਪੰਜਾਬ ਰਾਜ ਭਾਸ਼ਾ ਐਕਟ ਵਿਚ ਲੋੜੀਂਦੀ ਸੋਧ ਕਰਨ ਲਈ ਵਿਚਾਰ ਕੀਤੀ ਜਾ ਰਹੀ ਹੈ। ਫਿਲਹਾਲ ਇਸ ਮਾਮਲੇ ਤੇ ਵਿਚਾਰ ਕਰਦਿਆਂ ਹੋਇਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ / ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦੇ ਨਿਰਧਾਰਤ ਪ੍ਰੋਫਾਰਮੇ

ਵਿਚ ਇਹ ਕਾਲਮ ਵੀ ਸ਼ਾਮਲ ਕਰ ਲਿਆ ਜਾਵੇ ਕਿ " ਕੀ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਕੰਮ ਕਰਦਾ ਹੈ?" ਇਸ ਲਈ ਕਿਰਪਾ ਕਰਕੇ ਸਾਲ 1997-98 ਤੋਂ ਬਾਅਦ ਜਿਹਨਾਂ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਲਿਖੀਆਂ ਜਾਣੀਆਂ ਹਨ, ਉਹਨਾ ਦੇ ਨਿਰਧਾਰਤ ਪ੍ਰੋਫਾਰਮੇ ਵਿਚ ਇਹ ਕਾਲਮ ਜ਼ਰੂਰ ਸ਼ਾਮਲ ਕਰ ਲਿਆ ਜਾਵੇ।

ਵਿਸ਼ਵਾਸਪਾਤਰ,
ਸਹੀ
(ਆਰ.ਐਸ ਮਾਨ)
ਮੁੱਖ ਸਕੱਤਰ, ਪੰਜਾਬ ਸਰਕਾਰ

ਉਤਾਰਾ :

ਇੱਕ/ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰਾਂ / ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸਹੀ/
ਮੁੱਖ ਸਕੱਤਰ, ਪੰਜਾਬ ਸਰਕਾਰ

ਸੇਵਾ ਵਿਖੇ

ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਬੰਧਕੀ ਸਕੱਤਰ ਅਤੇ ਪ੍ਰਮੁੱਖ ਸਕੱਤਰ।

ਅੰ:ਵਿ:ਪ:ਨੰ: 15/13/97-1ਪੀ ਪੀ 1/20576 ਮਿਤੀ, ਚੰਡੀਗੜ੍ਹ: 29 ਅਕਤੂਬਰ 1997

ਡਾ. ਮਦਨ ਲਾਲ ਹਸੀਜਾ

ਅ.ਸ.ਪੱਤਰ ਨੰ: ਪ੍ਰਭਾਲਣ-97/1320
ਮਿਤੀ, ਪਟਿਆਲਾ 5 ਨਵੰਬਰ, 97

ਵਿਸ਼ਾ: ਦਫ਼ਤਰਾਂ ਵਿਚ ਸੌ ਫ਼ੀਸਦੀ ਪੰਜਾਬੀ ਲਾਗੂ ਕਰਨ ਲਈ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਟਾਂ ਦੇ ਪ੍ਰੋਫਾਰਮੇ ਵਿਚ ਕਾਲਮ ਸ਼ਾਮਲ ਕਰਨ ਬਾਰੇ ।

ਸਤਿਕਾਰਯੋਗ

ਉਪਰੋਕਤ ਵਿਸ਼ੇ ਤੇ ਸ੍ਰੀ ਆਪ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਪੱਤਰ ਨੰ: 15/3/97-1 ਪੀ.ਪੀ./20575 ਮਿਤੀ 29.10.97 ਵੱਲ ਧਿਆਨ ਦੇਣ ਦੀ ਖੇਚਲ ਕਰੋਗੇ, ਜਿਸ ਰਾਹੀਂ ਉਨ੍ਹਾਂ ਵਲੋਂ ਸਮੂਹ ਵਿਭਾਗਾਂ ਨੂੰ ਇਹ ਹਦਾਇਤ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ /ਕਰਮਚਾਰੀਆਂ ਦੀਆਂ ਗੁਪਤ ਰਿਪੋਟਾਂ ਦੇ ਨਿਰਧਾਰਤ ਪ੍ਰੋਫਾਰਮੇ ਵਿਚ ਇਹ ਕਾਲਮ ਵੀ ਸ਼ਾਮਲ ਕਰ ਲਿਆ ਜਾਵੇ ਕਿ, "ਕੀ ਅਧਿਕਾਰੀ/ ਕਰਮਚਾਰੀ ਪੰਜਾਬੀ ਵਿਚ ਕੰਮ ਕਰਦਾ ਹੈ?"

ਮੈਂ ਪੂਰੀ ਆਸ ਕਰਦਾ ਹਾਂ ਕਿ ਆਪ ਵਲੋਂ ਆਪਣੇ ਅਧੀਨ ਅਮਲੇ ਦੀਆਂ ਸਾਲ 1998-99 ਦੀਆਂ ਗੁਪਤ ਰਿਪੋਟਾਂ ਲਿਖਦੇ ਸਮੇਂ ਇਹ ਕਾਲਮ ਅਵੱਸ਼ ਪੁਰ ਕੀਤਾ ਜਾਵੇਗਾ ਅਤੇ ਜਿਨ੍ਹਾ ਅਧਿਕਾਰੀਆਂ/ਕਰਮਚਾਰੀਆਂ ਦੀ ਰਿਪੋਟ ਵਿਚ 'ਨਾ' ਸ਼ਬਦ ਲਿਖਿਆ ਹੋਵੇਗਾ ਉਸਨੂੰ ਪ੍ਰਤਿਕੂਲ ਟਿੱਪਣੀ ਸਮਝਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਆਦਰ ਸਹਿਤ !

ਹਿਤੂ
ਸਹੀ/
(ਮਦਨ ਲਾਲ ਹਸੀਜਾ)

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ:
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ: ਸਮੂਹ
ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਮੈਜਿਸਟਰੇਟ (ਸਿਵਲ) ਪੰਜਾਬ ।

ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਬਾਰੇ ਹਦਾਇਤਾਂ

ਨੰ: ਸਿੱਖਿਆ ਸੈੱਲ -98 /514-900

ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ।

ਸੇਵਾ ਵਿਚ

ਸਮੂਹ ਵਿੱਤੀ ਕਮਿਸ਼ਨਰ/
ਪ੍ਰਿੰਸੀਪਲ ਸਕੱਤਰ/ਪ੍ਰਬੰਧਕੀ ਸਕੱਤਰ/
ਵਿਭਾਗਾਂ ਦੇ ਮੁੱਖੀ ।
ਮਿਤੀ, ਚੰਡੀਗੜ੍ਹ 30-10-1998

ਵਿਸ਼ਾ : ਪ੍ਰਸ਼ਾਸਨ ਵਿਚ ਰਾਜ-ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ

ਸ਼੍ਰੀਮਾਨ ਜੀ ,

ਪੰਜਾਬ ਰਾਜ ਭਾਸ਼ਾ ਐਕਟ ,1967 ਅਤੇ ਉਸ ਅਧੀਨ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਦਾ ਸਾਰਾ ਕੰਮ-ਕਾਜ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਇਸ ਸਬੰਧੀ ਸਰਕਾਰ ਵਲੋਂ ਭਾਸ਼ਾ ਵਿਭਾਗ ਦੁਆਰਾ ਸਾਰੀਆਂ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਪਰ ਖੇਦ ਦੀ ਗੱਲ ਹੈ ਕਿ ਇਸ ਸਭ ਕੁਝ ਦੇ ਬਾਵਜੂਦ ਪ੍ਰਸ਼ਾਸਨ ਦਾ ਸਾਰਾ ਕੰਮ ਪੰਜਾਬੀ ਵਿਚ ਨਹੀਂ ਹੋ ਰਿਹਾ । ਸਰਕਾਰ ਦੇ ਪੱਤਰ ਨੰ: 7158-4/17/77-1 ਸਿ (5) ਮਿਤੀ 27.10.78 ਅਨੁਸਾਰ ਸਪੱਸ਼ਟ ਕੀਤਾ ਗਿਆ ਸੀ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਉਸ ਅਧੀਨ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ, 1966 ਦੇ ਨਿਯਮ 3 ਦੇ ਅਧਿਕਾਰ ਖੇਤਰ 'ਵਿਚ ਆਉਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼, 1970 ਦੇ ਰੂਲ-5 ਅਧੀਨ ਕੀਤੀ ਜਾਣ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾਵੇਗਾ। ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਦਫਤਰਾਂ ਦੀ ਚੈਕਿੰਗ ਕਰਕੇ ਹਰ ਮਹੀਨੇ ਰਿਪੋਟਾਂ ਸਬੰਧਤ ਪ੍ਰਬੰਧਕੀ ਸਕੱਤਰ ਸਾਹਿਬਾਨ ਨੂੰ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਕੋਤਾਹੀਕਾਰ ਅਧਿਕਾਰੀਆਂ /ਕਰਮਚਾਰੀਆਂ ਦੇ ਨਾਂਵਾਂ ਦੀਆਂ ਸੂਚੀਆਂ ਸ਼ਾਮਲ ਹੁੰਦੀਆਂ ਹਨ। ਪਰ ਅਨੇਕਾਂ ਯਾਦ ਪੱਤਰ ਲਿਖੇ ਜਾਣ ਦੇ ਬਾਵਜੂਦ ਵੀ ਬਹੁਤੇ ਦਫਤਰਾਂ ਵਲੋਂ ਕੋਈ ਸੂਚਨਾ ਨਹੀਂ ਭੇਜੀ ਜਾਂਦੀ। ਉਕਤ ਸਥਿਤੀ ਦੀ ਰੋਸ਼ਨੀ ਵਿਚ ਇਹ ਉਚਿਤ ਹੋਵੇਗਾ ਕਿ ਆਪ ਜੀ ਵੱਲੋਂ ਇਨ੍ਹਾਂ ਰਿਪੋਟਾਂ ਦੀ ਪੈਰਵੀ ਕਰਵਾਈ ਜਾਵੇ ਅਤੇ ਕੋਤਾਹੀਕਾਰਾਂ ਵਿਰੁੱਧ ਹੋਈ ਕਾਰਵਾਈ ਦੀ ਸੂਚਨਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਭਿਜਵਾਈ ਜਾਵੇ।

ਉਕਤ ਤੋਂ ਇਲਾਵਾ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ: 15/13/97-1 ਪੀ.ਪੀ. 1/20575 ਮਿਤੀ 29 ਅਕਤੂਬਰ, 1997 ਵੱਲ ਵੀ ਦਿਵਾਇਆ ਜਾਂਦਾ ਹੈ ਜਿਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੇਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਟਾਂ ਦੇ ਨਿਰਧਾਰਤ ਪ੍ਰੋਫਾਰਮੇ ਵਿਚ ਇਹ ਕਾਲਮ ਵੀ ਸ਼ਾਮਲ ਕਰ ਲਿਆ ਜਾਵੇ ਕਿ " ਕੀ ਅਧਿਕਾਰੀ / ਕਰਮਚਾਰੀ ਪੰਜਾਬੀ ਵਿਚ ਕੰਮ ਕਰਦਾ ਹੈ ?" ਇਸ ਲਈ ਆਪ ਜੀ ਨੇ ਇਹ ਯਕੀਨੀ ਬਣਾਉਣ ਦੀ ਖੇਚਲ ਕਰਨੀ ਕਿ 1997-98 ਤੋਂ ਬਾਅਦ ਆਪ ਵਲੋਂ ਲਿਖੀਆਂ ਜਾਣ ਵਾਲੀਆਂ ਸਾਲਾਨਾ ਗੁਪਤ ਰਿਪੋਟਾਂ ਵਿਚ ਇਹ ਕਾਲਮ ਸ਼ਾਮਲ ਹੋ ਚੁੱਕਾ ਹੈ।

ਇਸ ਪੱਤਰ ਦੀ ਪਹੁੰਚ ਰਸੀਦ ਭਿਜਵਾਉਣ ਦੀ ਖੇਚਲ ਕਰਨਾ ।

ਵਿਸ਼ਵਾਸਪਾਤਰ ,

ਸਹੀ/-

ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ।

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ ਸੈਲ)

ਸੇਵਾ ਵਿਖੇ,

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ,
ਪਟਿਆਲਾ।
ਮੀਮੋ ਨੰ: 12/10/98-2 ਸਿ ਸੈਲ/21870
ਮਿਤੀ, ਚੰਡੀਗੜ੍ਹ : 27-10-98

ਵਿਸ਼ਾ ਵਿਭਾਗੀ ਪ੍ਰੀਖਿਆਵਾਂ ਲਈ ਫੀਸ ਨਿਰਧਾਰਤ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਆਪਣੇ ਪੱਤਰ ਨੰ: ਮਿ. (ਫੀਸ)-98/131, ਮਿਤੀ 12.2.98 ਦੇ ਹਵਾਲੇ ਵਿਚ।

2. ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਵਿਸ਼ੇ ਵਿਚ ਦਰਜ ਪ੍ਰੀਖਿਆਵਾਂ ਅਨੁਸਾਰ ਸਰਕਾਰੀ ਕਰਮਚਾਰੀਆਂ ਅਤੇ ਵਿਭਾਗ ਤੋਂ ਸਿਖਲਾਈ ਪ੍ਰਾਪਤ ਸਿਖਿਆਰਥੀਆਂ ਨੂੰ ਛੱਡ ਕੇ ਪ੍ਰਾਈਵੇਟ ਉਮੀਦਵਾਰਾਂ ਦੀਆਂ ਲਈਆਂ ਜਾਂਦੀਆਂ ਨਿਮਨਲਿਖਤ ਪ੍ਰੀਖਿਆ ਲਈ ਫੀਸਾਂ ਦੀਆਂ ਦਰਾਂ ਨਿਸ਼ਚਿਤ ਕਰਨ ਦੀ ਮੰਜ਼ੂਰੀ ਦਿੰਦੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਪ੍ਰੀਖਿਆ ਦਾ ਨਾਂ | ਫੀਸ | ਲੇਟ ਫੀਸ | | |
|---|---|---|---|---|---|
| | | | ਪ੍ਰੀਖਿਆ ਦੀ ਮਿਤੀ ਤੋਂ 25 ਦਿਨ ਪਹਿਲਾਂ ਤਕ | ਪ੍ਰੀਖਿਆ ਦੀ ਮਿਤੀ ਤੋਂ 15 ਦਿਨ ਪਹਿਲਾਂ ਤਕ | ਪ੍ਰੀਖਿਆ ਦੀ ਮਿਤੀ ਤੋਂ ਇਕ ਦਿਨ ਪਹਿਲਾਂ ਤਕ |
| 1. | ਪੰਜਾਬੀ ਪ੍ਰਬੋਧ | 75/- ਰੁ | 25/- ਰੁ | 50/- ਰੁ | 100/- ਰੁ |
| 2. | ਪੰਜਾਬੀ ਸ਼ਾਰਟਹੈਂਡ | 75/- ਰੁ | 25/- ਰੁ | 50/- ਰੁ | 100/- ਰੁ |
| 3. | ਪੰਜਾਬੀ ਟਾਈਪ | 50/- ਰੁ | 25/- ਰੁ | 50/- ਰੁ | 100/- ਰੁ |

3. ਸਰਕਾਰ ਦੀ ਇਹ ਮੰਜ਼ੂਰੀ ਨਿਮਨਲਿਖਤ ਸ਼ਰਤਾਂ ਤੇ ਹੋਵੇਗੀ :-

(ੳ) ਫੀਸਾਂ ਦੀਆਂ ਨਵੀਆਂ ਦਰਾਂ 1 ਅਕਤੂਬਰ, 1998 ਤੋਂ ਬਾਅਦ ਲਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਤੇ ਲਾਗੂ ਹੋਣਗੀਆਂ।

(ਅ) ਇਹ ਆਮਦਨ ਲੇਖਾ ਮੱਦ "ਸੈਕਟਰ ਸੋਸ਼ਲ ਸਰਵਿਸ-ਮੇਜਰ ਹੈਡ-0202-ਐਜੂਕੇਸ਼ਨ-01- ਜਨਰਲ ਐਜੂਕੇਸ਼ਨ (1)-205- ਲੈਂਗੂਏਜਿਜ਼ ਡਿਵੈਲਪਮੈਂਟ-02-ਅਦਰ ਰਸੀਟਸ" ਅਧੀਨ ਖਜ਼ਾਨੇ-ਵਿਚ ਜਮ੍ਹਾਂ ਕਰਵਾਈ ਜਾਵੇਗੀ।

(ੲ) ਪੇਪਰ ਸੈਟਿੰਗ ਅਤੇ ਮਾਰਕਿੰਗ ਦੇ ਮੌਜੂਦਾ ਨਿਸ਼ਚਿਤ ਰੇਟਾਂ ਵਿਚ ਕੋਈ ਤਬਦੀਲੀ ਵਿੱਤ ਵਿਭਾਗ ਦੀ ਸਹਿਮਤੀ ਬਿਨ੍ਹਾਂ ਨਹੀਂ ਕੀਤੀ ਜਾਵੇਗੀ।

(ਸ) ਇਹ ਮੰਜ਼ੂਰੀ ਵਿੱਤ ਵਿਭਾਗ ਦੇ ਅ. ਸ਼ਿ. ਪੱ.ਨੰ: 8/110/98-3 ਵਿ. ਖ.2/ 2552, ਮਿਤੀ 30-9-98 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਸੰਯੁਕਤ ਸਕੱਤਰ ਉਚੇਰੀ ਸਿੱਖਿਆ

ਨੰ: 12/10/98-2 ਸਿ ਸੈਲ/ ਮਿਤੀ ਚੰਡੀਗੜ੍ਹ 20-10-98

ਇਕ ਉਤਾਰਾ ਮਹਾਂਲੇਖਾਕਾਰ, ਪੰਜਾਬ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਉਚੇਰੀ ਸਿੱਖਿਆ

ਇਕ ਉਤਾਰਾ ਵਿੱਤ ਵਿਭਾਗ (ਵਿੱਤ ਖਰਚਾ-2) ਨੂੰ ਉਨ੍ਹਾਂ ਦੇ ਅ.ਸ਼ਿ. ਪੱ. ਨੰ: 8/110/98-3 ਵਿ ਖ. 2/2552, ਮਿਤੀ 30.9.98 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਉਚੇਰੀ ਸਿੱਖਿਆ

ਸੇਵਾ ਵਿਖੇ,

ਵਿੱਤ ਵਿਭਾਗ, (ਵਿੱਤ ਖਰਚਾ-2 ਸ਼ਾਖਾ)।

ਅ: ਸ਼ਿ: ਪੱ: ਨੰ: 12-10/98-2 ਸਿ. ਸੈਲ/ ਮਿਤੀ, ਚੰਡੀਗੜ੍ਹ :

**ਮਨਜੀਤ ਸਿੰਘ ਕਲਕੱਤਾ**
ਫੋਨ ਨੰ: 743169 (ਦ)
690827 (ਘਰ)

ਅ.ਸ.ਪੰ. ਨੰ: ਪੀ.ਏ/ਓ.ਸਿ.ਮੰ-98/547
ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ, ਪੰਜਾਬ
ਮਿਤੀ , ਚੰਡੀਗੜ੍ਹ 21.7.98

ਵਿਸ਼ਾ : ਰਾਜ-ਭਾਸ਼ਾ ਪੰਜਾਬੀ ਦੀ ਵਰਤੋਂ ਕਰਨ ਸਬੰਧੀ ।

ਪਰਮ ਸਤਿਕਾਰਯੋਗ ,

ਰਾਜ ਭਾਸ਼ਾ ਪੰਜਾਬੀ ਦੀ ਨਿਸ਼ਚਿਤ ਵਰਤੋਂ ਕਰਨ ਸਬੰਧੀ ਜੋ ਪੱਤਰ ਮੈਂ ਸਾਰੇ ਮੰਤਰੀ ਸਾਹਿਬਾਨ ਨੂੰ ਭੇਜਿਆ ਹੈ, ਉਸ ਦੀ ਕਾਪੀ ਆਪ ਜੀ ਨੂੰ ਭੇਜ ਰਿਹਾ ਹਾਂ। ਇਸ ਸਬੰਧੀ ਤੁਹਾਡੀ ਅਗਵਾਈ ਤੋਂ ਬਿਨਾਂ ਰਾਜ ਭਾਸ਼ਾ ਦੀ ਨੀਤੀ ਦੀ ਪਾਲਣਾ ਕਰਵਾਉਣਾ ਸੰਭਵ ਨਹੀਂ ਜਾਪਦਾ। ਆਪ ਜੀ ਨੇ ਜਿਥੇ ਆਪਣੇ ਅਧੀਨ ਆਉਂਦੇ ਮਹਿਕਮਿਆਂ ਵਿਚ ਵੀ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਕਰਨ ਲਈ ਆਦੇਸ਼ ਦੇਣਾ ਉਥੇ ਹੋਰ ਸਾਰੇ ਵਿਭਾਗਾਂ ਨੂੰ ਵੀ ਇਸੇ ਤਰ੍ਹਾਂ ਅਮਲ ਕਰਨ ਲਈ ਜ਼ਰੂਰੀ ਹਦਾਇਤਾਂ ਜਾਰੀ ਕਰਨ ਦੀ ਕਿਰਪਾਲਤਾ ਕਰਨੀ ।

ਸਤਿਕਾਰ ਤੇ ਸ਼ੁਭ ਇਛਾਵਾਂ ਸਹਿਤ,

ਸ਼ੁਭਚਿੰਤਕ,
(ਮਨਜੀਤ ਸਿੰਘ ਕਲਕੱਤਾ)

ਸ: ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ

Jai Singh Gill
ਜੈ ਸਿੰਘ ਗਿੱਲ

Chief Secretary to Government, Punjab
Chandigarh-160 001

ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ-160 001
**Phone: 2740156, 2740860**
**Email: cs@punjabmail.gov.in**

**ਅ.ਸ.ਨੰਭਾ.**ਵਿ.-(ਪੰ.ਪ੍ਰ.)-2004/1279-1322
18 ਅਕਤੂਬਰ, 2004

ਵਿਸ਼ਾ : ਪ੍ਰਸ਼ਾਸਨ ਵਿੱਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਬਾਰੇ।

ਪਿਆਰੇ ਸਕੱਤਰ ਜੀਓ,

ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਉਸ ਅਧੀਨ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ। ਇਸ ਸਬੰਧੀ ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਦੁਆਰਾ ਸਾਰੀਆਂ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਸਭ ਕੁੱਝ ਦੇ ਬਾਵਜੂਦ ਪ੍ਰਸ਼ਾਸਨ ਦਾ ਕੰਮ ਪੂਰਨ ਰੂਪ ਵਿੱਚ ਪੰਜਾਬੀ ਭਾਸ਼ਾ ਵਿੱਚ ਨਹੀਂ ਹੋ ਰਿਹਾ। ਸਕੱਤਰ ਸਾਹਿਬਾਨਾਂ ਤੇ ਉਨ੍ਹਾਂ ਅਧੀਨ ਕੰਮ ਕਰਦੇ ਐਡੀਸ਼ਨਲ ਸਕੱਤਰਾਂ, ਸੰਯੁਕਤ ਸਕੱਤਰਾਂ, ਉਪ ਸਕੱਤਰਾਂ ਅਤੇ ਹੋਰ ਅਨੇਕਾਂ ਉਚ ਅਧਿਕਾਰੀਆਂ ਵਲੋਂ ਅਜੇ ਤੱਕ ਵੀ ਦਫਤਰੀ ਕੰਮ ਕਾਜ ਵਿੱਚ ਅੰਗਰੇਜ਼ੀ ਵਰਤੀ ਜਾ ਰਹੀ ਹੈ। ਜਦੋਂ ਕਿ ਸਰਕਾਰ ਦੇ ਪੱਤਰ ਨੰ. 7152-4/17-77-1, ਸਿ (5), ਮਿਤੀ 27.10.78 ਅਨੁਸਾਰ ਸਪੱਸ਼ਟ ਕੀਤਾ ਗਿਆ ਸੀ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਉਸ ਅਧੀਨ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਨਾ ਕਰਨਾ ਜਾਂ ਉਨ੍ਹਾਂ ਦੀ ਉਲੰਘਣਾ ਕਰਨਾ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮ, 1966 ਦੇ ਨਿਯਮ 3 ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸਰਵਿਸਿਜ਼ (ਦੰਡ ਅਤੇ ਅਪੀਲ) ਰੂਲਜ਼, 1970 ਦੇ ਰੂਲ 5 ਅਧੀਨ ਕੀਤੀ ਜਾਣ ਵਾਲੀ ਕਾਰਵਾਈ ਦੇ ਯੋਗ ਸਮਝਿਆ ਜਾਵੇਗਾ। ਹਰ ਮਹੀਨੇ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ ਵੱਖ ਵੱਖ ਦਫਤਰਾਂ ਦੀ ਪੰਜਾਬੀ ਪ੍ਰਚਾਲਣ ਦੇ ਨਜ਼ਰੀਏ ਤੋਂ ਚੈਕਿੰਗ ਕਰਕੇ ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਵਾਂ ਦੀਆਂ ਸੂਚੀਆਂ ਸਬੰਧਤ ਪ੍ਰਬੰਧਕੀ ਸਕੱਤਰ ਸਾਹਿਬਾਨ ਨੂੰ ਕੋਤਾਹੀਕਾਰਾਂ ਵਿਰੁੱਧ ਕਾਰਵਾਈ ਕਰਨ ਹਿਤ ਭੇਜੀਆਂ ਜਾਂਦੀਆਂ ਹਨ। ਇਸ ਦੇ ਫਲਸਰੂਪ ਕਾਫੀ ਵਿਭਾਗਾਂ ਵਲੋਂ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਭਾਸ਼ਾ ਵਿਭਾਗ ਨੂੰ ਸੂਚਿਤ ਕੀਤਾ ਜਾਂਦਾ ਹੈ। ਇਸ ਲਈ ਸਮੂਹ ਸਕੱਤਰ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਵਲੋਂ ਕੋਤਾਹੀਕਾਰਾਂ ਵਿਰੁੱਧ ਕਾਰਵਾਈ ਕਰਵਾ ਕੇ ਭਾਸ਼ਾ ਵਿਭਾਗ ਨੂੰ ਰਿਪੋਰਟ ਭਿਜਵਾਈ ਜਾਇਆ ਕਰੇ।

ਉਪਰੋਕਤ ਤੋਂ ਇਲਾਵਾ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ.

15/13/97-1ਪੀ.ਪੀ.1/20575, ਮਿਤੀ 29 ਅਕਤੂਬਰ 1997 ਵੱਲ ਵੀ ਦਿਵਾਇਆ ਜਾਂਦਾ ਹੈ ਜਿਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਸੀ ਕਿ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦੇ ਨਿਰਧਾਰਤ ਪ੍ਰਫਾਰਮੇ ਵਿੱਚ ਇਹ ਕਾਲਮ ਵੀ ਸ਼ਾਮਲ ਕਰ ਲਿਆ ਜਾਵੇ ਕਿ ਕੀ ਅਧਿਕਾਰੀ/ਕਰਮਚਾਰੀ ਪੰਜਾਬੀ ਵਿੱਚ ਕੰਮ ਕਰਦਾ ਹੈ? ਇਸ ਲਈ ਆਪ ਨੇ ਇਹ ਯਕੀਨੀ ਬਣਾਉਣ ਦੀ ਖੇਚਲ ਕਰਨੀ ਕਿ 1997-98 ਤੋਂ ਬਾਅਦ ਆਪ ਵਲੋਂ ਲਿਖੀਆਂ ਜਾਣ ਵਾਲੀਆਂ ਸਾਰੀਆਂ ਸਾਲਾਨਾ ਗੁਪਤ ਰਿਪੋਰਟਾਂ ਵਿੱਚ ਇਹ ਕਾਲਮ ਸ਼ਾਮਲ ਹੋ ਚੁੱਕਾ ਹੈ ਤੇ ਲੋੜ ਅਨੁਸਾਰ ਇਸ ਕਾਲਮ ਦੀ ਪੂਰਤੀ ਵੀ ਕੀਤੀ ਜਾ ਰਹੀ ਹੈ।

ਮੈਂ ਆਸ ਕਰਦਾ ਹਾਂ ਕਿ ਆਪ ਆਪਣੇ ਅਧੀਨ ਵਿਭਾਗਾਂ ਵਿਚ ਰਾਜ ਭਾਸ਼ਾ ਐਕਟ, 1967, ਦੀ ਸ਼ਤ ਪ੍ਰਤਿਸ਼ਤ ਵਰਤੋਂ ਨੂੰ ਯਕੀਨੀ ਬਣਾਉਣ ਦੀ ਖੇਚਲ ਕਰੋਗੇ ਤਾਂ ਜੋ ਪੰਜਾਬ ਰਾਜ ਦੇ ਸਮੂਹ ਦਫਤਰਾਂ ਵਿੱਚ ਦਫਤਰੀ ਕੰਮ ਕਾਜ ਪੰਜਾਬੀ ਵਿੱਚ ਕੀਤਾ ਜਾ ਸਕੇ। ਪੰਜਾਬੀ ਅਪਣਾਓ ਤੇ ਪੰਜਾਬੀ ਬਣੋ।'

ਸ਼ੁੱਭ ਕਾਮਨਾਵਾਂ ਸਹਿਤ,

-ਸਹੀ-

(ਜੈ ਸਿੰਘ ਗਿੱਲ)

## ਪੰਜਾਬ ਸਰਕਾਰ,
### (ਸਿੱਖਿਆ ਸੈਲ)

ਸੇਵਾ ਵਿਚ

**ਸਮੂਹ ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,**
**ਸਮੂਹ ਵਿਭਾਗਾਂ ਦੇ ਮੁਖੀ/ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ,**
**ਮੰਡਲਾਂ ਦੇ ਕਮਿਸ਼ਨਰ/ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ**
ਨੰ. ਭਾ.ਵਿ. (ਪੰ.ਪ੍ਰਚਾ.)-ਸਿ.ਸੈਲ/2004/1825-2124
ਮਿਤੀ, ਪਟਿਆਲਾ: 10.02.2005

ਵਿਸ਼ਾ: **ਸੜਕਾਂ ਦੇ ਕਿਨਾਰਿਆਂ ਤੇ ਲੱਗੇ ਮੀਲ ਪੱਥਰਾਂ ਅਤੇ ਦਫਤਰਾਂ ਦੇ ਸਾਈਨ ਬੋਰਡਾਂ ਦੀ ਇਬਾਰਤ ਨੂੰ ਪੰਜਾਬੀ ਦੇ ਸ਼ੁੱਧ ਸ਼ਬਦ-ਜੋੜਾਂ ਵਿਚ ਲਿਖਣ ਸਬੰਧੀ।**

ਵੇਖਣ ਵਿਚ ਆਇਆ ਹੈ ਕਿ ਸਮੁੱਚੇ ਪੰਜਾਬ ਰਾਜ ਦੀਆਂ ਸੜਕਾਂ ਦੇ ਕਿਨਾਰਿਆਂ ਤੇ ਲੱਗੇ ਮੀਲ ਪੱਥਰਾਂ ਅਤੇ ਸਰਕਾਰੀ/ਅਰਧ ਸਰਕਾਰੀ ਦਫਤਰਾਂ ਦੇ ਸਾਈਨ ਬੋਰਡਾਂ ਦੀ ਇਬਾਰਤ ਪੰਜਾਬੀ ਦੇ ਸ਼ੁੱਧ ਸ਼ਬਦ-ਜੋੜਾਂ ਅਨੁਸਾਰ ਨਹੀਂ ਹੁੰਦੀ। ਇਸ ਨਾਲ ਜਿਥੇ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦਾ ਨਿਰਾਦਰ ਹੁੰਦਾ ਹੈ, ਉਥੇ ਪੰਜਾਬ ਸਰਕਾਰ ਦੇ ਆਪਣੇ ਦਫਤਰਾਂ ਵਿਚ ਇਸ ਦੀ ਸਹੀ ਢੰਗ ਨਾਲ ਵਰਤੋਂ ਨਾ ਹੋਣ ਕਾਰਨ ਆਮ ਤੌਰ ਤੇ ਸਰਕਾਰ ਦੇ ਅਕਸ ਤੇ ਕਾਫੀ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਇਹ ਸਾਡਾ ਸਾਰਿਆਂ ਦਾ ਨਿੱਜੀ ਫਰਜ਼ ਬਣਦਾ ਹੈ ਕਿ ਅਸੀਂ ਰਾਜ ਭਾਸ਼ਾ ਦਾ ਪੂਰੀ ਤਰ੍ਹਾਂ ਸਤਿਕਾਰ ਕਰੀਏ। ਪੰਜਾਬੀ ਭਾਸ਼ਾ ਦੇ ਸ਼ਬਦ-ਜੋੜ ਗਲਤ ਹੋਣ ਸਬੰਧੀ ਜ਼ਿਕਰ ਪਿਛਲੇ ਦਿਨੀਂ ਭਾਸ਼ਾ ਵਿਭਾਗ ਲਈ ਗਠਿਤ ਰਾਜ ਸਲਾਹਕਾਰ ਬੋਰਡ ਦੀ ਇਕੱਤਰਤਾ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਪ੍ਰਧਾਨ ਵਲੋਂ ਕੀਤਾ ਗਿਆ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਮਾਨਯੋਗ ਉਪ-ਮੁੱਖ ਮੰਤਰੀ, ਪੰਜਾਬ ਜੀ ਨੇ ਕੀਤੀ ਸੀ। ਉਨ੍ਹਾਂ ਵਲੋਂ ਸਮੂਹ ਮੈਂਬਰ ਸਾਹਿਬਾਨ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਰਾਜ ਭਾਸ਼ਾ ਪੰਜਾਬੀ ਦੇ ਮਾਣ-ਸਨਮਾਨ ਲਈ ਉਹ ਆਪ ਨਿੱਜੀ ਤੌਰ ਤੇ ਆਪਣੇ ਵਿਭਾਗ ਰਾਹੀਂ ਕਾਰਵਾਈ ਕਰਨਗੇ।

ਕਿਉਂਕਿ ਪੰਜਾਬੀ ਦੀ ਰਾਜ ਭਾਸ਼ਾ ਪੰਜਾਬੀ ਨੂੰ ਸਮੂਹ ਸਰਕਾਰੀ ਦਫਤਰਾਂ ਵਿਚ ਪੂਰੀ ਤਰ੍ਹਾਂ ਲਾਗੂ ਕਰਨ ਸਬੰਧੀ ਜ਼ਿੰਮੇਵਾਰੀ ਭਾਸ਼ਾ ਵਿਭਾਗ ਨੂੰ ਸੌਂਪੀ ਹੋਈ ਹੈ, ਇਸ ਲਈ ਲੋਕ ਨਿਰਮਾਣ ਵਿਭਾਗ ਨੂੰ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਵੱਲੋਂ ਵੱਖ ਵੱਖ ਸੜਕਾਂ ਦੇ ਕਿਨਾਰਿਆਂ ਤੇ ਲੱਗੇ ਪਿੰਡਾਂ/ਸ਼ਹਿਰਾਂ ਵਾਲੇ ਨਾਵਾਂ ਦੇ ਮੀਲ ਪੱਥਰ/ਕੁਟੇਸ਼ਨਾਂ ਵਾਲੇ ਸਾਈਨ ਬੋਰਡ ਆਦਿ ਲਗਵਾਏ ਗਏ ਹਨ, ਦੀ ਇਬਾਰਤ ਦੇ ਸ਼ਬਦ-ਜੋੜ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਭੇਜ ਕੇ ਚੈੱਕ ਕਰਵਾ ਲਏ ਜਾਣ ਅਤੇ ਜੇਕਰ ਉਸ ਵਿਚ ਕਿਸੇ ਕਿਸਮ ਦੀ ਸ਼ੋਧ ਹੋਣੀ ਹੋਵੇ ਤਾਂ ਉਹ ਸੋਧ ਜ਼ਰੂਰ ਕਰਨ ਦੀ ਖੇਚਲ ਕੀਤੀ ਜਾਵੇ। ਇਥੇ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਅੱਗੇ ਤੋਂ ਪੰਜਾਬ ਦੀ ਕਿਸੇ ਵੀ ਸੜਕ ਦੇ ਕਿਨਾਰੇ ਤੇ ਜੋ ਵੀ ਮੀਲ ਪੱਥਰ ਹੈ।

ਜਿਸ ਉੱਤੇ ਪਿੰਡਾਂ/ਸ਼ਹਿਰਾਂ ਦਾ ਨਾਂ ਦਿੱਤਾ ਗਿਆ ਹੋਵੇ, ਲਾਇਆ ਜਾਣਾ ਹੋਵੇ ਜਾਂ ਸਾਈਨ ਬੋਰਡਾਂ ਤੇ ਕੁਟੇਸ਼ਨ ਆਦਿ ਲਿਖਵਾਈ ਜਾਣੀ ਹੋਵੇ ਤਾਂ ਉਸ ਦੀ ਇਬਾਰਤ ਸ਼ਬਦ-ਜੋੜਾਂ ਦੇ ਪੱਖੋਂ ਪਹਿਲਾਂ ਹੀ ਭਾਸ਼ਾ ਵਿਭਾਗ ਤੋਂ ਦਰੁਸਤ ਕਰਵਾ ਲਈ ਜਾਵੇ।

ਇਸ ਦੇ ਨਾਲ ਹੀ ਪੰਜਾਬ ਦੇ ਸਮੂਹ ਸਰਕਾਰੀ/ਅਰਧ-ਸਰਕਾਰੀ ਦਫਤਰਾਂ ਦੇ ਅਧਿਕਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਹ ਮੁਨਾਸਬ ਸਮਝਣ ਤਾਂ ਉਨ੍ਹਾਂ ਦੇ ਦਫਤਰਾਂ ਦੇ ਸਾਈਨ ਬੋਰਡਾਂ ਤੇ ਲਿਖੀ ਪੰਜਾਬੀ ਭਾਸ਼ਾ ਦੀ ਇਬਾਰਤ ਸ਼ਬਦ ਜੋੜਾਂ ਦੇ ਪੱਖੋਂ ਭਾਸ਼ਾ ਵਿਭਾਗ ਤੋਂ ਚੈੱਕ ਕਰਵਾ ਲਈ ਜਾਵੇ ਤਾਂ ਜੋ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਗਲਤੀ ਨਾ ਹੋਵੇ। ਅਜਿਹਾ ਕਰਨ ਨਾਲ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦੇ ਸਤਿਕਾਰ ਲਈ ਅਸੀਂ ਸਰਕਾਰ ਨੂੰ ਪੂਰਾ ਸਹਿਯੋਗ ਦੇ ਸਕਾਂਗੇ।

ਇਸ ਕਾਰਜ ਲਈ ਆਪ ਹਰੇਕ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫਸਰ ਅਤੇ ਚੰਡੀਗੜ੍ਹ ਵਿਖੇ ਸਥਿਤ ਦਫਤਰ ਇਨਚਾਰਜ, ਪੰਜਾਬੀ/ਹਿੰਦੀ ਸੈੱਲ, ਮਿੰਨੀ ਸਕੱਤਰੇਤ, ਚੰਡੀਗੜ੍ਹ ਦੀ ਸਹਾਇਤਾ ਵੀ ਲੈ ਸਕਦੇ ਹੋ।

ਆਸ ਹੈ ਰਾਜ ਭਾਸ਼ਾ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿਚ ਆਪ ਆਪਣਾ ਪੂਰਾ ਸਹਿਯੋਗ ਦਿਓਗੇ।

-ਸਹੀ-
ਐਮ. ਪੀ. ਸਿੰਘ
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਅ.ਸ.ਪੱ.ਨੰ. (ਭਾ.ਵਿ.ਪੰ./ਪੰ.ਪ੍ਰਚਾ)-2007/164-183
ਮਿਤੀ, ਚੰਡੀਗੜ੍ਹ 30.03.2007

ਡਾ. ਉਪਿੰਦਰਜੀਤ ਕੌਰ, ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ, ਚੰਡੀਗੜ੍ਹ

ਵਿਸ਼ਾ:- ਦਫਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਬਾਰੇ

ਸਤਿਕਾਰਯੋਗ

ਜਿਵੇਂ ਕਿ ਆਪ ਜੀ ਭਲੀ-ਭਾਂਤ ਜਾਣਦੇ ਹੀ ਹੋ ਕਿ ਪੰਜਾਬ ਦੇ ਸਮੂਹ ਸਰਕਾਰੀ/ਅਰਧ-ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਨੂੰ ਯੋਗ ਮਾਣ ਦਿਵਾਉਣ ਲਈ ਪੰਜਾਬ, ਰਾਜ ਭਾਸ਼ਾ ਐਕਟ, 1967 ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦਾ ਮੁੱਖ ਮਨੋਰਥ ਹੈ। ਇਸ ਐਕਟ ਦੇ ਤਹਿਤ ਵਿਭਾਗੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਜਿਨ੍ਹਾਂ ਅਨੁਸਾਰ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣਾ ਦਫਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨਾ ਚਾਹੀਦਾ ਹੈ। ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਜਿਹੜੇ ਅਧਿਕਾਰੀ/ਕਰਮਚਾਰੀ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਆਪਣੇ ਦਫਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕਰਨਗੇ ਉਨ੍ਹਾਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮਾਂਵਲੀ, 1966 3(1)(III) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 5 ਤਹਿਤ ਕਾਰਵਾਈ ਕੀਤੀ ਜਾਇਆ ਕਰੇਗੀ। ਇਸ ਐਕਟ ਅਨੁਸਾਰ ਦਫਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਦੀ ਨਿਗਰਾਨੀ ਕਰਨ ਦਾ ਕੰਮ ਭਾਸ਼ਾ ਵਿਭਾਗ, ਪੰਜਾਬ ਨੂੰ ਸੌਂਪਿਆ ਗਿਆ ਹੈ ਜਿਸ ਤਹਿਤ ਭਾਸ਼ਾ ਵਿਭਾਗ ਵਲੋਂ ਲੋੜੀਂਦੀ ਸਹਾਇਕ ਸਮੱਗਰੀ ਵੀ ਉਪਲੱਬਧ ਕਰਵਾਈ ਗਈ ਹੈ ਅਤੇ ਜ਼ਿਲ੍ਹਾ ਭਾਸ਼ਾ ਅਫਸਰਾਂ ਵਲੋਂ ਹਰ ਮਹੀਨੇ ਆਪਣੇ ਜ਼ਿਲ੍ਹੇ ਦੇ ਦਫਤਰਾਂ ਦੀ ਪੰਜਾਬੀ ਪ੍ਰਚਾਲਣ ਦੇ ਨਜ਼ਰੀਏ ਤੋਂ ਚੈਕਿੰਗ ਕੀਤੀ ਜਾਂਦੀ ਹੈ ਅਤੇ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਅਧੀਕਾਰੀਆਂ/ਕਰਮਚਾਰੀਆਂ ਦੀਆਂ ਸੂਚੀਆਂ ਸਬੰਧਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਰਾਹੀਂ ਵਿਭਾਗਾਂ ਦੇ ਮੁੱਖੀਆਂ ਨੂੰ ਯੋਗ ਕਾਰਵਾਈ ਕਰਨ ਲਈ ਭੇਜੀਆਂ ਜਾਂਦੀਆਂ ਹਨ।

ਵੇਖਣ ਵਿਚ ਆਇਆ ਹੈ ਕਿ ਕੁਝ ਵਿਭਾਗਾਂ ਵਲੋਂ ਅਜਿਹੇ ਕੋਤਾਹੀਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਕੇਵਲ ਅੱਗੇ ਤੋਂ ਪੰਜਾਬੀ ਵਿਚ ਕੰਮ ਕਰਨ ਦੀ ਹਦਾਇਤ ਹੀ ਕਰ ਦਿੰਦੇ ਹਨ ਪਰ ਉਕਤ ਨਿਯਮਾਂ ਅਨੁਸਾਰ ਇਨ੍ਹਾਂ ਵਿਰੁੱਧ ਕਾਰਵਾਈ ਨਹੀਂ ਕਰਦੇ ਜਿਸ ਦੇ ਫਲਸਰੂਪ ਬਹੁਤ ਸਾਰੇ ਅਧਿਕਾਰੀ/ਕਰਮਚਾਰੀ ਇਨ੍ਹਾਂ ਹਦਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਅਜਿਹਾ ਹੋਣ ਨਾਲ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਉਸ ਸਫਲਤਾ ਨਾਲ ਵਧੇਰੇ ਅਸਰਦਾਇਕ ਢੰਗ ਨਾਲ ਲਾਗੂ ਨਹੀਂ ਹੋ ਰਹੀ ਜਿਸ ਤਰ੍ਹਾਂ ਕਿ ਸਰਕਾਰ ਇਸ ਨੂੰ ਲਾਗੂ ਕਰਨਾ ਚਾਹੁੰਦੀ ਹੈ। ਮੈਂ ਇਸ ਪੱਤਰ ਰਾਹੀਂ ਆਪ ਜੀ ਨੂੰ ਇਹ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਆਪ ਜੀ ਨੇ ਆਪਣੇ ਅਧੀਨ ਵਿਭਾਗਾਂ ਦੇ ਮੁੱਖ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰਨੀ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਇਸ ਤਹਿਤ ਸਮੇਂ ਸਮੇਂ ਸਿਰ ਜਾਰੀ ਹੋਈਆਂ ਸਰਕਾਰੀ ਹਦਾਇਤਾਂ ਅਨੁਸਾਰ ਆਪੋ ਆਪਣੇ ਵਿਭਾਗਾਂ ਦਾ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿਚ ਕਰਨ। ਇਸ ਦੇ ਨਾਲ ਹੀ ਆਪ ਨੇ ਇਹ

ਹਦਾਇਤ ਵੀ ਕਰਨ ਦੀ ਖੇਚਲ ਕਰਨੀ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਸਰਕਾਰ ਦੀ ਭਾਸ਼ਾ ਨੀਤੀ ਦੀ ਪਾਲਣਾ ਕਰਨ ਤੋਂ ਕੋਤਾਹੀ ਵਰਤਦਾ ਹੈ ਤਾਂ ਉਸ ਵਿਰੁੱਧ ਉਕਤ ਦਰਸਾਏ ਗਏ ਨਿਯਮਾਂ ਅਨੁਸਾਰ ਕਾਰਵਾਈ ਅਵੱਸ਼ ਕੀਤੀ ਜਾਵੇ।

ਉਕਤ ਤੋਂ ਇਲਾਵਾ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਸਰਕਾਰ ਦੀ ਭਾਸ਼ਾ ਨੀਤੀ ਨੂੰ ਲਾਗੂ ਕਰਨ ਦੇ ਸਬੰਧ ਵਿਚ ਜੇਕਰ ਕਿਸੇ ਵਿਭਾਗ/ਦਫਤਰ ਨੂੰ ਕੋਈ ਔਕੜ ਪੇਸ਼ ਆਉਂਦੀ ਹੋਵੇ ਜਾਂ ਇਸ ਸਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਸਹਾਇਕ ਸਮੱਗਰੀ ਦੀ ਲੋੜ ਹੋਵੇ ਤਾਂ ਉਹ ਇਸ ਬਾਰੇ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫਸਰ ਜਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨਾਲ ਸੰਪਰਕ ਕਰਨ ਦੀ ਖੇਚਲ ਕਰਨ।

ਮੈਂ ਇਹ ਵੀ ਕਹਿਣ ਦੀ ਖੁੱਲ੍ਹ ਲੈ ਰਹੀ ਹਾਂ ਕਿ ਆਪ ਜੀ ਜਦੋਂ ਵੀ ਕਦੇ ਆਪਣੇ ਵਿਭਾਗਾਂ ਦੇ ਕੰਮ-ਕਾਜ ਦੀ ਨਿਗਰਾਨੀ/ਅਗਵਾਈ ਲਈ ਸਰਕਾਰੀ ਦੌਰੇ ਤੇ ਜਾਂਦੇ ਹੋ ਤਾਂ ਉਸ ਵਿਭਾਗ ਦੇ ਹੋਰਨਾਂ ਕੰਮ-ਕਾਰਾਂ ਤੋਂ ਇਲਾਵਾ ਸਰਕਾਰ ਦੀ ਭਾਸ਼ਾ ਨੀਤੀ ਦੀ ਪਾਲਣਾ ਦੇ ਨਜ਼ਰੀਏ ਤੋਂ ਵੀ ਉਸ ਵਿਭਾਗ ਦੇ ਕੰਮ-ਕਾਜ ਤੇ ਨਜ਼ਰਸਾਨੀ ਕਰਨ ਦੀ ਖੇਚਲ ਕਰੋ। ਅਜਿਹਾ ਕਰਨ ਨਾਲ ਆਪ ਜੀ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਨੂੰ ਵਧੇਰੇ ਅਸਰਦਾਇਕ ਢੰਗ ਨਾਲ ਲਾਗੂ ਕਰਨ ਵਿਚ ਜ਼ਰੂਰ ਸਹਾਈ ਹੋਵੋਗੇ।

ਧੰਨਵਾਦ ਸਹਿਤ,

ਧਿਤ੍ਰ

**(ਉਪਿੰਦਰਜੀਤ ਕੌਰ)**

**ਸਮੂਹ ਮੰਤਰੀ ਸਾਹਿਬਾਨ**
**ਪੰਜਾਬ ਅਤੇ ਮੁਖ ਸੰਸਦੀ ਸਕੱਤਰ**

ਡਾ. ਉਪਿੰਦਰਜੀਤ ਕੌਰ
ਟੈਲੀਫੋਨ ਨੰ.0172-2740119(ਦ)
0172-2745570 (ਘ)

ਅ.ਸ.ਪੱ.ਨੰ. ਸਿ.ਸ./ਸਿ.ਸ.ਹ.ਚੌ.ਨਿ.ਮੰ/674 ਤੋਂ 703

ਸਿੱਖਿਆ, ਸ਼ਹਿਰੀ ਹਵਾਬਾਜ਼ੀ, ਚੌਕਸੀ
ਅਤੇ ਨਿਆਂ ਮੰਤਰੀ, ਪੰਜਾਬ
ਮਿਤੀ, ਚੰਡੀਗੜ੍ਹ 28/12/2007

ਵਿਸ਼ਾ:- ਰਾਜ ਪ੍ਰਬੰਧ ਵਿੱਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਕਰਨ ਸਬੰਧੀ।

ਸਤਿਕਾਰਯੋਗ ਕਾਲੀਆ ਜੀ,

ਸਭ ਤੋਂ ਪਹਿਲਾਂ ਆਪ ਜੀ ਨੂੰ ਅਤੇ ਆਪ ਜੀ ਦੇ ਸਮੂਹ ਪ੍ਰੀਵਾਰ ਨੂੰ ਨਵੇਂ ਸਾਲ ਦੀਆਂ ਹਾਰਦਿਕ ਮੁਬਾਰਕਾਂ।

ਉਪਰੋਕਤ ਵਿਸ਼ੇ ਸਬੰਧੀ ਮੈਂ ਆਪ ਜੀ ਨੂੰ ਇਹ ਯਾਦ ਦਿਵਾਉਣ ਦੀ ਖੁਸ਼ੀ ਲੈ ਰਹੀ ਹਾਂ ਕਿ ਪੰਜਾਬ ਸਰਕਾਰ ਵੱਲੋਂ ਮਿਤੀ 29 ਦਸੰਬਰ, 1967 ਨੂੰ ਰਾਜ ਭਾਸ਼ਾ ਐਕਟ, 1967 ਦੋਹਾਂ ਸਦਨਾਂ ਵਿੱਚ ਪਾਸ ਕਰਕੇ ਮਾਂ ਬੋਲੀ ਪੰਜਾਬੀ ਨੂੰ ਰਾਜ ਭਾਸ਼ਾ ਦਾ ਮੁਕਟ ਪਹਿਨਾਇਆ ਗਿਆ ਸੀ ਅਤੇ ਪੰਜਾਬੀ ਭਾਸ਼ਾ ਨੂੰ ਰਾਜ ਪ੍ਰਬੰਧ ਲਈ ਰਾਜ ਭਾਸ਼ਾ ਕਰਾਰ ਦਿੱਤਾ ਗਿਆ ਸੀ। ਇਸੇ ਸੰਦਰਭ ਵਿੱਚ ਪੰਜਾਬ ਸਰਕਾਰ ਆਪਣੀ ਅਧਿਸੂਚਨਾ ਨੰ. 4629-1-ਭਾ-67/38442, ਮਿਤੀ 30 ਦਸੰਬਰ, 1967 ਰਾਹੀਂ 01 ਜਨਵਰੀ, 1968 ਰਾਹੀਂ 13 ਅਪ੍ਰੈਲ, 1968 ਤੋਂ ਪੰਜਾਬ ਵਿੱਚ ਰਾਜ ਪੱਧਰ ਤੇ ਰਾਜ ਪ੍ਰਬੰਧ ਵਿੱਚ ਪੰਜਾਬੀ (ਗੁਰਮੁੱਖੀ ਲਿਪੀ) ਦੀ ਵਰਤੋਂ ਕਰਨ ਦੀਆਂ ਹਦਾਇਤਾਂ ਜਾਰੀ ਕਰ ਚੁੱਕੀ ਹੈ। ਸਰਕਾਰੀ ਪੱਧਰ ਤੇ ਪੰਜਾਬੀ ਨੂੰ ਸਿੱਖਿਆ, ਰਾਜ ਪ੍ਰਬੰਧ ਅਤੇ ਨਿਆਂ ਦੀ ਭਾਸ਼ਾ ਬਣਾਉਣ ਵਿੱਚ ਜੋ ਕਾਰਜ ਸਰਕਾਰ ਵੱਲੋਂ ਕੀਤੇ ਜਾਣੇ ਬਣਦੇ ਸਨ, ਪੰਜਾਬ ਸਰਕਾਰ ਵੱਲੋਂ ਆਪਣਾ ਪਵਿੱਤਰ ਫ਼ਰਜ਼ ਸਮਝ ਕੇ ਉਹ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਇਨ੍ਹਾਂ ਹਦਾਇਤਾਂ ਦੀ ਯਾਦ ਦਿਵਾਉਣ ਲਈ ਸਰਕਾਰ ਵੱਲੋਂ ਸਮੇਂ-ਸਮੇਂ ਤੇ ਪੱਤਰ ਵੀ ਜਾਰੀ ਕੀਤੇ ਜਾਂਦੇ ਰਹਿੰਦੇ ਹਨ, ਪ੍ਰੰਤੂ ਮੈਨੂੰ ਇਹ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਸ ਦੇ ਬਾਵਜੂਦ ਵੀ ਕਈ ਉੱਚ ਅਧਿਕਾਰੀ ਅਜੇ

ਵੀ ਸਰਕਾਰੀ ਕੰਮ-ਕਾਜ ਵਿੱਚ ਪੰਜਾਬੀ ਦੀ ਵਰਤੋਂ ਕਰਨ ਤੋਂ ਕੰਨੀ ਕਤਰਾਉਂਦੇ ਹਨ ਅਤੇ ਅੰਗਰੇਜ਼ੀ ਵਿੱਚ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ।

ਮੈਂ ਮਹਿਸੂਸ ਕਰਦੀ ਹੈਂ ਕਿ ਅਜਿਹੇ ਅਧਿਕਾਰੀਆਂ ਨੂੰ ਰਾਜ ਪ੍ਰਬੰਧ ਵਿੱਚ ਪੰਜਾਬੀ ਦੀ ਵਰਤੋਂ ਕਰਨ ਲਈ ਇੱਕ ਵਾਰ ਫਿਰ ਪ੍ਰੇਰਿਆ ਜਾਵੇ ਤਾਂ ਜੋ ਉਨ੍ਹਾਂ ਨਾਲ ਸਖਤੀ ਨਾਲ ਨਜਿੱਠਣ ਦਾ ਮੌਕਾ ਨਾ ਮਿਲੇ। ਸਰਕਾਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ ਕਿ ਜਿਹੜੇ ਅਧਿਕਾਰੀ/ਕਰਮਚਾਰੀ ਦਫਤਰੀ ਕੰਮ ਵਿੱਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਨਹੀ ਕਰਨਗੇ ਇਸ ਬਾਰੇ ਲੋੜੀਂਦਾ ਇੰਦਰਾਜ ਉਨ੍ਹਾਂ ਦੀ ਸਾਲਾਨਾ ਗੁਪਤ ਰਿਪੋਰਟ ਵਿੱਚ ਦਰਜ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮ, 1966 ਦੇ ਨਿਯਮਾਂਵਲੀ, 3(1)(111) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 ਤਹਿਤ ਜਿਸ ਸਜ਼ਾ ਦੇ ਵੀ ਉਹ ਭਾਗੀ ਹੋਣਗੇ, ਸਜ਼ਾ ਜ਼ਰੂਰ ਦਿੱਤੀ ਜਾਵੇ।

ਮੈਂ ਆਪ ਜੀ ਨੂੰ ਇਹ ਦੱਸਣ ਦੀ ਖੁਸ਼ੀ ਲੈ ਰਹੀ ਹਾਂ ਕਿ ਇਸ ਵਾਰ ਪੰਜਾਬ ਸਰਕਾਰ

ਵੱਲੋਂ ਪੰਜਾਬੀ ਸਪਤਾਹ ਦੀ ਪਹਿਲੀ ਪ੍ਰਥਾ ਤੋਂ ਹਟਕੇ ਮਿਤੀ 07 ਦਸੰਬਰ 2007 ਤੋਂ ਪੰਜਾਬੀ ਪ੍ਰਫੁੱਲਤਾ ਸਮਾਗਮ- 2007-2008 ਦੀ ਲੜੀ ਚਲਾਈ ਜਾ ਰਹੀ ਹੈ ਜੋ ਮਿਤੀ 28 ਜਨਵਰੀ 2008 ਤੱਕ ਲਗਾਤਾਰ ਚਲਦੀ ਰਹੇਗੀ। ਪੰਜਾਬੀ ਪ੍ਰਫੁੱਲਤਾ ਸਮਾਗਮਾਂ ਦੀ ਇਸ ਲੜੀ ਦੌਰਾਨ 7 ਦਸੰਬਰ 2007 ਨੂੰ ਪਟਿਆਲਾ ਵਿਖੇ ਉਦਘਾਟਨੀ ਸਮਾਗਮ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਵੱਖ ਵੱਖ ਥਾਵਾਂ ਤੇ ਸਮਾਗਮ ਉਲੀਕੇ ਗਏ ਹਨ। ਇਸ ਸ਼ੁੱਭ ਅਵਸਰ ਤੇ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹਾਂ ਕਿ ਆਪ ਜੀ ਆਪਣੇ ਅਧੀਨ ਆਉਂਦੇ ਮਹਿਕਮਿਆਂ ਵਿਚ ਰਾਜ ਭਾਸ਼ਾ ਸਬੰਧੀ ਨੀਤੀ ਲਾਗੂ ਕਰਵਾਉਣ ਹਿੱਤ ਤੁਰੰਤ ਲੋੜੀਂਦੀ ਜ਼ਰੂਰੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨਾ ਜੀ।

ਸ਼ੁੱਭ ਇਛਾਵਾਂ ਤੇ ਆਦਰ ਸਹਿਤ,

ਹਿਤੂ

ਸ੍ਰੀ ਮਨੋਰੰਜਨ ਕਾਲੀਆ
ਸਥਾਨਕ ਸਰਕਾਰਾਂ ਤੇ ਉਦਯੋਗ ਮੰਤਰੀ, ਪੰਜਾਬ

**(ਉਪਿੰਦਰਜੀਤ ਕੌਰ)**

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਸੇਵਾ ਵਿਚ,**

**ਸਮੂਹ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ**
**ਵਿਭਾਗਾਂ ਦੇ ਮੁੱਖੀ/ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ,**
**ਮੰਡਲਾਂ ਦੇ ਕਮਿਸ਼ਨਰਜ਼/ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ,**

**ਨੰ. ਭਾ.ਵਿ.(ਸਿ.ਸੈਲ)-2008/7949**
**ਮਿਤੀ, ਚੰਡੀਗੜ੍ਹ 26/3/2008**

**ਵਿਸ਼ਾ:** **ਸੜਕ ਦੇ ਕਿਨਾਰਿਆਂ ਦੇ ਲੱਗੇ ਮੀਲ ਪੱਥਰਾਂ ਅਤੇ ਦਫਤਰਾਂ ਦੇ ਸਾਈਨ ਬੋਰਡਾਂ ਦੀ ਇਬਾਰਤ ਨੂੰ ਪੰਜਾਬੀ ਦੇ ਸ਼ੁੱਧ-ਸ਼ਬਦ ਜੋੜਾਂ ਵਿਚ ਲਿਖਣ ਸਬੰਧੀ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ਾ ਤੇ ਸਰਕਾਰ ਦੇ ਪੱਤਰ ਨੰ. ਭਾ.ਵਿ. (ਪੰ. ਪ੍ਰਚਾਲਣ) ਸਿ.ਸੈਲ-2005/1825-2124 ਮਿਤੀ 10.02.2005 (ਕਾਪੀ ਨਾਲ ਨੱਥੀ ਹੈ) ਰਾਹੀਂ ਪਹਿਲਾਂ ਹੀ ਆਪ ਜੀ ਨੂੰ ਲਿਖਿਆ ਗਿਆ ਸੀ ਕਿ ਸੜਕਾਂ ਦੇ ਕਿਨਾਰੇ ਲੱਗੇ ਮੀਲ ਪੱਥਰਾਂ ਅਤੇ ਦਫਤਰਾਂ ਦੇ ਸਾਈਨ ਬੋਰਡਾਂ ਦੀ ਇਬਾਰਤ ਦੇ ਪੰਜਾਬੀ ਸ਼ਬਦ ਜੋੜ ਸਹੀ ਨਹੀਂ ਹੁੰਦੇ। ਨਾਲ ਹੀ ਇਹ ਵੀ ਸੁਝਾਅ ਦਿੱਤਾ ਗਿਆ ਸੀ ਕਿ ਇਨ੍ਹਾਂ ਮੀਲ ਪੱਥਰਾਂ ਅਤੇ ਦਫਤਰਾਂ ਦੇ ਸਾਈਨ ਬੋਰਡਾਂ ਦੇ ਸ਼ਬਦ-ਜੋੜ ਅਤੇ ਇਬਾਰਤ, ਜੋ ਕੋਈ ਹੋਵੇ, ਨੂੰ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਤੋਂ ਚੈੱਕ ਕਰਵਾ ਲਿਆ ਜਾਵੇ।

ਅਜੇ ਵੀ ਵੇਖਣ ਵਿਚ ਆਇਆ ਹੈ ਕਿ ਸੜਕਾਂ ਦੇ ਕਿਨਾਰਿਆਂ ਤੇ ਲੱਗੇ ਮੀਲ-ਪੱਥਰਾਂ ਤੇ ਸ਼ਹਿਰਾਂ/ਪਿੰਡਾਂ ਦੇ ਨਾਵਾਂ ਅਤੇ ਦਫਤਰਾਂ ਦੇ ਅੱਗੇ ਲੱਗੇ ਸਾਈਨ ਬੋਰਡਾਂ ਦੇ ਸ਼ਬਦ-ਜੋੜਾਂ ਵਿਚ ਕਾਫੀ ਗਲਤੀਆਂ ਹਨ, ਜਿਨ੍ਹਾਂ ਵਿਚ ਸੋਧ ਕਰਨ ਦੀ ਲੋੜ ਹੈ। ਇਸ ਸਬੰਧ ਵਿਚ ਆਪ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫਸਰ, ਅਤੇ ਚੰਡੀਗੜ੍ਹ ਵਿਖੇ ਸਹਾਇਕ ਡਾਇਰੈਕਟਰ (ਪੰਜਾਬੀ/ਹਿੰਦੀ ਸੈੱਲ) ਭਾਸ਼ਾ ਵਿਭਾਗ, ਮਿਨੀ ਸਕੱਤਰੇਤ, ਚੰਡੀਗੜ੍ਹ ਦਾ ਸਹਿਯੋਗ ਲੈ ਸਕਦੇ ਹੋ।

ਆਸ ਹੈ ਕਿ ਆਪ ਆਪਣੇ ਅਧੀਨ ਕੰਮ ਕਰਦੇ ਦਫਤਰਾਂ ਨੂੰ ਇਸ ਸਬੰਧੀ ਕਾਰਵਾਈ ਕਰਨ ਦੀ ਹਦਾਇਤ ਕਰੋਗੇ ਅਤੇ ਅਜਿਹਾ ਕਰਕੇ ਆਪ ਰਾਜ ਭਾਸ਼ਾ ਪੰਜਾਬੀ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਲਈ ਪੂਰਨ ਸਹਿਯੋਗ ਦਿਓਗੇ।

ਵਿਸ਼ਵਾਸਪਾਤਰ
-ਸਹੀ-
ਅੰਜਲੀ ਭਾਵੜਾ
**ਸਕੱਤਰ, ਪੰਜਾਬ ਸਰਕਾਰ,**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

Regd. No. NW/CH.22
Regd. No. CHD/0092/2006-2008

Rs. 2.70

*Punjab Government Gazette*
EXTRAORDINARY
**Published by Authority**

==========================================================

**CHANDIGARH, WEDNESDAY, NOVEMBER 5, 2008**
**(KARTIKA 14, 1930 SAKA)**

==========================================================

**LEGISLATIVE SUPPLEMENT**

**Contents** **Pages**

**Part I** **Acts**

The Punjab Official Language (Amendment) Act, 2008 (Punjab Act No. 27 of 2008) 115-118

**Part II** **Ordinances**

Nil

**Part III** **Delegated Legislation**

Nil

**Part IV** **Correction slips, Republications and Replacements**

Nil

**PART-I**

DEPARTMENT OF LEGAL AND LEGISLATIVE AFFAIRS, PUNJAB

**Notification**

The 5th November, 2008

**No. 30-Leg./2008**- The following Act of the Legislature of the State of Punjab received the assent of the Governor of Punjab on the 27th October, 2008 and is hereby published for general information:-

THE PUNJAB OFFICIAL LANGUAGE (AMENDMENT) ACT, 2008

**(Punjab Act No. 27 of 2008)**

AN

ACT

further to amend the Punjab Official Language Act, 1967.

Be it enacted by the Legislature of the State of Punjab in the Fifty-ninth Year of the Republic of India, as follows :-

Short Title and commencement

**1**.(1) This Act may be called the Punjab Official Language (Amendment) Act, 2008.

(2) It Shall come into force at once, except the provisions of section 3-A, which shall come into force after the expiry of a period of six months, from the date of it commencement.

Insertion of new sections 3-A and 3-B in Punjab Act No.5 of 1967.

**2.** In the Punjab Official Language Act, 1967 (hereinafter reffered to as the principal Act), after section 3, the following sections shall be inserted, namely:-

use of punjabi in Courts and Tribunal

"**3-A.** (1) In all civil courts and criminal courts, subordinate to the High Court of Punjab and Haryana, allrevenue courts and rent tribunals or any other court or tribunal. Constituted by the State Government, work in such courts and tribunals shall be done in Punjabi.

Explanation-For the pupose of this section, the words 'civil court' and 'criminal court' shall have the same meaning as respectively, assigned to them in the Code of Civil Procedure, 1908 and the Code of Criminal Procedure, 1973.

(2) The Concerned Administrative Departments of the State Government, shall make arrangements to provide necessary infrastructure and training to the concerned staff, in order to ensure the use of Punjabi in all courts and tribunals, referred to in sub-section (1), within a period of six months from the date of commencement of the Punjab Official Language (Amendment) Act, 2008.

Use of Punjabi in the offices of State Government undertakings etc. and Public sector

3-B. In all offices of the State Government, public sector undertaking boards and local bodies and offices of the schools, colleges and universities of the State Government all official correspondence shall be made in Punjabi.'

3. In the principal Act, after section 8, the following sections shall be inserted, namely:-

Insertion of new sections 8-A, 8-B ,8-c and 8-D in Punjab Act No. 5 of 1967

"8-A. The Director, Languages, Punjab or any of his officers authorized by him, may inspect any office of the State Government, public sector undertaking, board or corporation, and office of any school, college or university of the State Government, to ensure the implementation of the provisions of sections 3 and 3-B of this Act. The officer or official having custody of the records of the aforesaid offices, shall make such record available to the said Director or officer for inspection.

state Level Empowered Committee

8-B. (1) There shall be constituted a State Level Empowered committee to review and ensure the implementation of the provisions of this Act at the State level.

(2) The State Level Empowered Committee shall consist of the following persons, namely:-

(i) The Education Minister, Punjab- Chairperson

| | | |
|---|---|---|
| (ii) the Media Advisor to Chief-Minister, Punjab or any person, to be nominated by the ChiefMinister; | | Member |
| (iii) Advocate General, Punjab or his representative; | - | Member |
| (iv) the Secretary to Government of Punjab, Department of School Education; | - | Member |
| (v) the Secretary to Government of Punjab, Department of Higher Education; | - | Member |
| (vi) the Legal Remembrancer and Secretary to Government of Punjab; | - | Member |
| (vii) two representatives of Sahit Sabhas to be nominated by the Government; | - | Members |
| (viii) three renowned persons, associated with Punjabi Press to be nominated by the State Government; | - | Members |
| (ix) four representatives of the public, to be nominated by the State Government: and | - | Members |
| (x) The Director, Languages, Punjab; | - | Convener |

(3) The State Level Empowered Committee may give such directions to the District Level Empowered Committee for implementing the provisions of this Act, as it may deem appropriate.

(4) The State Level Empowered Committee shall meet at least once in six months.

District Level Empowered Committee

8-C. (1) There shall be constituted a District Level Empowered Committee to review and ensure the implementation of the provisions of this Act at the District level.

(2) The District Level Empowered Committee shall consist of

the following, namely:-

| | | |
|---|---|---|
| (i) A Minister or Member of the Legislative Assembly of the district, to be nominated by the Chief Minister | - | Chairman |
| (ii) the Deputy Commissioner: | - | Vice Chairman |
| (iii) the District Education Officer; | - | Member |
| (iv) two representatives of Punjabi Sahityakars in the district, to be nominated by the State Government | - | Members |
| (v) three persons, associated with Punjabi Press, to be nominated by the State Government | - | Members |
| (vi) the District Public Relations Officer | - | Member |
| (vii) two representatives of the public to be nominated by the State Government; | - | Members |
| (viii) the District Attorney; and | - | Member |
| (ix) the District Language Officer | - | Convener |

(3) The District Level Empowered Committee shall review the implementation of the provisions of this Act, in all offices of the State Government, public sector undertakins, boards and local bodies and offices of the schools, colleges and universities of the State Government at the District level, and shall send a report to the State Level Empowered Committee

(4) The District Level Empowered Committee shall comply with the directions given by the State Level Empowered Committee with regard to the implementation of the provisions of this Act and shall report back about the compliance of such directions.

(5) The District Level Empowered Committee shall meet at least once in two months.

Punishment 8-D. (1) If any officer or official of the aforesaid offices is found guilty of persistently violating the provisions of this Act or the notification issued there under, he shall be

liable for disciplinary action under the Punjab Civil Services (Punishment and Appeal) Rules, 1970

(2) Action against the guilty officer or official, referred to in sub-section (1), shall be taken by the concerned competent authority, on the basis of the recommendation made by the Director, Languages, Punjab:

Provided that before taking any disciplinary action, the officer or offical concerned, shall be afforded an opportunity of being heard."

REKHA MITTAL,
Secretary to Government of Punjab.
Department of Legal and Legislative Affairs

ਰਜਿਸਟਰਡ ਨੰ: ਐਨ.ਡਬਲਯੂ./ਸੀ.ਐਚ-22 ਰਜਿਸਟਰਡ ਨੰ:
ਸੀ.ਐਚ.ਡੀ./0092/2006-2008

ਮੁਹਰ
ਪੰਜਾਬ ਸਰਕਾਰ
ਪੰਜਾਬ ਸਰਕਾਰ ਗਜ਼ਟ
ਅਸਾਧਾਰਣ
ਅਥਾਰਿਟੀ ਵੱਲੋਂ ਪ੍ਰਕਾਸ਼ਿਤ
ਚੰਡੀਗੜ੍ਹ, ਬੁੱਧਵਾਰ,5 ਨਵੰਬਰ,2008
(ਕੱਤਕ 14, 1930 ਸਾਕਾ)
ਵਿਧਾਨਿਕ ਸੰਪੂਰਕ


| | ਵਿਸ਼ਾ ਵਸਤੂ | ਪੰਨੇ |
|---|---|---|
| ਭਾਗ-I | ਐਕਟ<br>ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 (2008 ਦਾ ਪੰਜਾਬ ਐਕਟ ਨੰ. 27) | 115-118 |
| ਭਾਗ-II | ਅਧਿਆਦੇਸ਼<br>ਕੋਈ ਨਹੀਂ | |
| ਭਾਗ-III | ਸੌਂਪਿਆ ਗਿਆ ਵਿਧਾਨ<br>ਕੋਈ ਨਹੀਂ | |
| ਭਾਗ-IV | ਦਰੁਸਤ ਸਲਿਪਾਂ, ਮੁੜ-ਪ੍ਰਕਾਸ਼ਨਾਵਾਂ ਅਤੇ ਬਦਲਾਓ<br>ਕੋਈ ਨਹੀਂ | |


## ਭਾਗ-1

### ਕਾਨੂੰਨੀ ਤੇ ਵਿਧਾਨਕ ਮਾਮਲੇ ਵਿਭਾਗ, ਪੰਜਾਬ

ਨੋਟੀਫਿਕੇਸ਼ਨ

5 ਨਵੰਬਰ, 2008

ਨੰ. 30 ਵਿਧਾਨ/2008-ਪੰਜਾਬ ਰਾਜ ਦੇ ਵਿਧਾਨ ਮੰਡਲ ਦਾ ਹੇਠ ਦਰਸਾਏ ਐਕਟ ਨੂੰ 27 ਅਕਤੂਬਰ,2008 ਨੂੰ ਪੰਜਾਬ ਦੇ ਰਾਜਪਾਲ ਜੀ ਦੀ ਸਹਿਮਤੀ ਪ੍ਰਾਪਤ ਹੋ ਗਈ ਅਤੇ ਇਸ ਦੁਆਰਾ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:

# ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008
## (2008 ਦਾ ਪੰਜਾਬ ਐਕਟ ਨੰ.27)
## ਐਕਟ

ਪੰਜਾਬ ਰਾਜ ਭਾਸ਼ਾ ਐਕਟ, 1967 ਵਿੱਚ ਅੱਗੇ ਤਰਮੀਮ ਕਰਨ ਲਈ।
ਪੰਜਾਬ ਵਿਧਾਨ ਸਭਾ ਦੁਆਰਾ ਭਾਰਤ ਗਣਰਾਜ ਦੇ ਉਣਾਹਠਵੇਂ ਵਰ੍ਹੇ ਵਿਚ ਪਾਸ ਕੀਤਾ ਗਿਆ, ਅਰਥਾਤ:-

ਛੋਟਾ ਸਿਰਲੇਖ ਅਤੇ ਸ਼ੁਰੂਆਤ

**1.(1)** ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਕਿਹਾ ਜਾਵੇਗਾ।

**(2)** ਇਹ ਐਕਟ ਤੁਰੰਤ ਲਾਗੂ ਹੋਵੇਗਾ ਬਸ਼ਰਤੇ ਕਿ ਧਾਰਾ 3-ਏ ਇਸ ਐਕਟ ਦੇ ਲਾਗੂ ਹੋਣ ਤੋਂ ਛੇ ਮਹੀਨੇ ਬਾਅਦ ਲਾਗੂ ਹੋਵੇਗੀ।

1967 ਦੇ ਪੰਜਾਬ ਐਕਟ ਨੰ.ਪੰਜ ਵਿਚ ਨਵੀਆਂ ਧਾਰਾਵਾਂ 3-ਏ ਅਤੇ 3-ਬੀ ਸ਼ਾਮਲ ਕਰਨ ਬਾਰੇ

**2.** ਪੰਜਾਬ ਰਾਜ ਭਾਸ਼ਾ ਐਕਟ, 1967 (ਜਿਸ ਨੂੰ ਇਸ ਤੋਂ ਅੱਗੇ ਮੂਲ ਐਕਟ ਕਿਹਾ ਜਾਵੇਗਾ), ਸੈਕਸ਼ਨ 3 ਤੋਂ ਬਾਅਦ ਹੇਠ ਲਿਖੇ ਸੈਕਸ਼ਨ ਸ਼ਾਮਲ ਕੀਤੇ ਜਾਣਗੇ:-

ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ

**3-ਏ (1)** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿੱਚ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

**ਵਿਆਖਿਆ:**-ਇਸ ਧਾਰਾ ਵਿਚ ਆਏ ਸ਼ਬਦਾਂ 'ਦੀਵਾਨੀ ਅਦਾਲਤਾਂ' ਅਤੇ 'ਫੌਜਦਾਰੀ ਅਦਾਲਤਾਂ' ਤੋਂ ਉਹੀ ਭਾਵ ਲਿਆ ਜਾਵੇਗਾ ਜੋ ਉਨ੍ਹਾਂ ਨੂੰ ਕ੍ਰਮਵਾਰ ਕੋਡ ਆਫ ਸਿਵਲ ਪਰੋਸੀਜਰ, 1908 ਅਤੇ ਕੋਡ ਆਫ ਕਰਿਮੀਨਲ ਪਰੋਸੀਜਰ, 1973 ਰਾਹੀਂ ਦਿੱਤਾ ਗਿਆ ਹੈ।

**(2)** ਸਬੰਧਤ ਪ੍ਰਬੰਧਕੀ ਵਿਭਾਗ ਉਪਰੋਕਤ ਉਪ ਧਾਰਾ (1), ਵਿਚ ਦਰਜ ਅਦਾਲਤਾਂ ਅਤੇ ਟ੍ਰਿਬਿਊਨਲਾਂ ਨੂੰ ਲੋੜੀਂਦਾ ਸਾਜੋ ਸਾਮਾਨ ਅਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ, ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਮੁਹੱਈਆ ਕਰਵਾ ਕੇ ਇਸ ਧਾਰਾ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਏਗਾ।

ਰਾਜ ਸਰਕਾਰ ਦੇ ਅਤੇ ਸਰਕਾਰੀ ਖੇਤਰਦੇ ਅਦਾਰਿਆਂ ਦੇ ਦਫਤਰਾਂ ਆਦਿ ਵਿਚ ਪੰਜਾਬੀ ਦੀ ਵਰਤੋਂ ਬਾਰੇ।

**3-ਬੀ**: ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਰਾਜ ਦੇ ਰਾਜ ਸਰਕਾਰ ਦੇ ਅਤੇ ਸਕੂਲਾਂ, ਕਾਲਜਾ ਅਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।"

**3.** ਮੂਲ ਐਕਟ ਦੀ ਧਾਰਾ 8 ਤੋਂ ਬਾਅਦ ਹੇਠ ਲਿਖੀਆਂ ਧਾਰਾਵਾਂ ਸ਼ਾਮਲ ਕੀਤੀਆਂ ਜਾਣਗੀਆਂ:-

ਮੁਆਇਨਾ ਕਰਨ ਦੀ ਤਾਕਤ

1967 ਦੇ ਪੰਜਾਬ ਰਾਜ ਭਾਸ਼ਾ ਐਕਟ ਨੰ. 5 ਵਿਚ ਨਵੀਆਂ ਧਾਰਾਵਾਂ 8-ਏ ਅਤੇ 8-ਬੀ 8-ਸੀ ਅਤੇ 8-ਡੀ ਸ਼ਾਮਲ ਕਰਨ ਬਾਰੇ।

**"8-ਏ** ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਸ ਦੇ ਅਧੀਨ ਇਸ ਮੰਤਵ ਲਈ ਉਸ ਵਲੋਂ ਨਾਮਜ਼ਦ ਕੀਤੇ ਗਏ ਅਫਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਰਾਜ ਸਰਕਾਰ ਦੇ ਸਾਰੇ ਸਰਕਾਰੀ ਦਫਤਰਾਂ, ਜਨਤਕ ਅਦਾਰਿਆਂ,ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਦੇ ਦਫਤਰਾਂ ਦਾ ਮੁਆਇਨਾ ਕਰਨ ਦਾ ਇਖਤਿਆਰ ਹੋਵੇਗਾ। ਇਹ ਦਫਤਰਾਂ ਦਾ ਦਫਤਰੀ ਰਿਕਾਰਡ ਰੱਖਣ ਵਾਲੇ ਅਫਸਰ ਆਪਣੇ ਕਬਜ਼ੇ ਹੇਠਲਾ ਸਾਰਾ ਰਿਕਾਰਡ, ਮੁਆਇਨਾ ਕਰਨ ਵਾਲੇ ਅਜਿਹੇ ਡਾਇਰੈਕਟਰ ਜਾਂ ਅਫਸਰ ਨੂੰ ਮੁਹੱਈਆ ਕਰਵਾਉਣਗੇ।

ਰਾਜ ਪੱਧਰੀ ਅਧਿਕਾਰਿਤ ਕਮੇਟੀ

**8-ਬੀ(1)** ਇਸ ਐਕਟ ਦੀਆਂ ਧਾਰਾਵਾਂ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇਕ ਰਾਜ ਪੱਧਰੀ ਅਧਿਕਾਰਿਤ ਕਮੇਟੀ ਹੋਵੇਗੀ।

(2) ਰਾਜ ਪੱਧਰੀ ਅਧਿਕਾਰਿਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:-

| | | | |
|---|---|---|---|
| 1) | ਸਿੱਖਿਆ ਮੰਤਰੀ, ਪੰਜਾਬ; | : | ਚੇਅਰਮੈਨ |
| 2) | ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਜੀ ਵੱਲੋਂ ਨਾਮਜ਼ਦ ਨੁਮਾਇੰਦਾ | : | ਮੈਂਬਰ |
| 3) | ਐਡਵੋਕੇਟ ਜਨਰਲ, ਪੰਜਾਬ ਜਾਂ ਉਹਨਾਂ ਦਾ ਨੁਮਾਇੰਦਾ; | : | ਮੈਂਬਰ |
| 4) | ਸਕੱਤਰ ਸਕੂਲ ਸਿੱਖਿਆ; | : | ਮੈਂਬਰ |
| 5) | ਸਕੱਤਰ ਉਚੇਰੀ ਸਿੱਖਿਆ; | : | ਮੈਂਬਰ |
| 6) | ਕਾਨੂੰਨੀ ਮਸ਼ੀਰ ਤੇ ਸਕੱਤਰ, ਪੰਜਾਬ ਸਰਕਾਰ; | : | ਮੈਂਬਰ |
| 7) | ਰਾਜ ਸਰਕਾਰ ਵਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ; | : | ਮੈਂਬਰ |

| | | | |
|---|---|---|---|
| 8) | ਰਾਜ ਸਰਕਾਰ ਵਲੋਂ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ; | : | ਮੈਂਬਰ |
| 9) | ਰਾਜ ਸਰਕਾਰ ਵਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ; | : | ਮੈਂਬਰ |
| 10) | ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ; | : | ਕਨਵੀਨਰ |

(3) ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਕਰਵਾਉਣ ਹਿੱਤ ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।

(4) ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।

ਜ਼ਿਲਾ ਪੱਧਰੀ ਅਧਿਕਾਰਿਤ ਕਮੇਟੀ

**8-ਸੀ(1)** ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕ ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2)ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:-

| | | |
|---|---|---|
| 1) ਮੁੱਖ ਮੰਤਰੀ ਜੀ ਵਲੋਂ ਨਾਮਜ਼ਦ ਸਬੰਧਤ ਜ਼ਿਲੇ ਦਾ ਇੱਕ ਮੰਤਰੀ ਜਾਂ ਵਿਧਾਇਕ | : | ਚੇਅਰਪਰਸਨ |
| 2) ਡਿਪਟੀ ਕਮਿਸ਼ਨਰ; | : | ਵਾਈਸ ਚੇਅਰਮੈਨ |
| 3) ਜ਼ਿਲਾ ਸਿੱਖਿਆ ਅਫਸਰ; | : | ਮੈਂਬਰ |
| 4) ਰਾਜ ਸਰਕਾਰ ਵਲੋਂ ਨਾਮਜ਼ਦ **ਜ਼ਿਲੇ ਵਿਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ** | : | ਮੈਂਬਰ |
| 5) ਰਾਜ ਸਰਕਾਰ ਵਲੋਂ ਨਾਮਜ਼ਦ **ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ**; | : | ਮੈਂਬਰ |
| 6) ਜ਼ਿਲਾ ਲੋਕ ਸੰਪਰਕ ਅਫਸਰ; | : | ਮੈਂਬਰ |
| 7) ਰਾਜ ਸਰਕਾਰ ਵਲੋਂ ਨਾਮਜ਼ਦ **ਦੋ ਜਨਤਕ ਨੁਮਾਇੰਦੇ;** | : | ਮੈਂਬਰ |
| 8) ਜ਼ਿਲਾ ਅਟਾਰਨੀ; | : | ਮੈਂਬਰ |
| 9) ਜ਼ਿਲਾ ਭਾਸ਼ਾ ਅਫਸਰ; | : | ਕਨਵੀਨਰ |

(3) ਇਹ ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ

ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ-ਬਾਡੀਜ਼, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

(4) ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵਲੋਂ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।

(5) ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।

8-ਡੀ ਸਜ਼ਾਵਾਂ (1) ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ।

(2) ਉਪਰੋਕਤ ਉਪ ਧਾਰਾ (1) ਤਹਿਤ ਕਸੂਰਵਾਰ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕਾਰਵਾਈ ਸਬੰਧਤ ਕੰਪੀਟੈਂਟ ਅਥਾਰਟੀ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਾਰਸ਼ਾਂ ਅਨੁਸਾਰ ਕਰੇਗੀ।

ਬਸ਼ਰਤੇ ਕਿ ਅਜਿਹੀ ਕਾਰਵਾਈ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣੇ ਜਾਣ ਦਾ ਮੌਕਾ ਦਿੱਤਾ ਜਾਵੇਗਾ।"

**ਰੇਖਾ ਮਿੱਤਲ**
**ਸਕੱਤਰ, ਪੰਜਾਬ ਸਰਕਾਰ**
**ਕਾਨੂੰਨੀ ਤੇ ਵਿਧਾਨਿਕ ਮਾਮਲੇ ਵਿਭਾਗ।**

ਨੰ. 12/54/08-1ਸਿ ਸੈੱਲ/1704

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਸੇਵਾ ਵਿਖੇ,**

**ਸਮੂਹ ਵਿਭਾਗਾਂ ਦੇ ਮੁਖੀ,**
**ਡਵੀਜ਼ਨਾਂ ਦੇ ਕਮਿਸ਼ਨਰਜ਼,**
**ਡਿਪਟੀ ਕਮਿਸ਼ਨਰਜ਼,**
**ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,**
**ਚੰਡੀਗੜ੍ਹ।**

**ਮਿਤੀ, ਚੰਡੀਗੜ੍ਹ 21.11.2008**

**ਵਿਸ਼ਾ:** **ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਨੂੰ ਲਾਗੂ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ।

2. ਉਪਰੋਕਤ ਐਕਟ ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਪਾਸ ਕਰਨ ਉਪਰੰਤ ਮਾਨਯੋਗ ਰਾਜਪਾਲ, ਪੰਜਾਬ ਜੀ ਦੀ ਸਹਿਮਤੀ ਮਿਲ ਚੁੱਕੀ ਹੈ ਅਤੇ ਕਾਨੂੰਨੀ ਅਤੇ ਵਿਧਾਨਕਾਰ ਮਾਮਲੇ ਵਿਭਾਗ, ਪੰਜਾਬ ਵੱਲੋਂ ਨੋਟੀਫਿਕੇਸ਼ਨ ਨੰ. 30 ਵਿਧਾਨ/2008, ਮਿਤੀ 5 ਨਵੰਬਰ, 2008 ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜ਼ਟ ਵਿਚ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ, ਦੀਆਂ ਅੰਗਰੇਜ਼ੀ ਅਤੇ ਪੰਜਾਬੀ ਦੀਆਂ ਪ੍ਰਤੀਆਂ ਭੇਜਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਸਮੇਤ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਨੂੰ ਇੰਨ ਬਿੰਨ ਲਾਗੂ ਕਰਵਾਉਣਾ ਸੁਨਿਸਚਿਤ ਕੀਤਾ ਜਾਵੇ।

3. ਆਪਣੇ ਵਿਭਾਗ ਦੀ ਵੈੱਬ-ਸਾਈਟ ਪੰਜਾਬੀ ਭਾਸ਼ਾ ਵਿਚ ਵੀ ਤਿਆਰ ਕੀਤੀ ਜਾਵੇ।

4. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਸਹੀ/-
ਜਸਪਾਲ ਸਿੰਘ
**ਸਕੱਤਰ ਉਚੇਰੀ ਸਿੱਖਿਆ (ਜ)**

**ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਮੁੱਖ ਸਕੱਤਰ, ਪੰਜਾਬ ਸਰਕਾਰ;

2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ; ਅਤੇ
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਸਹੀ/-

ਜਸਪਾਲ ਸਿੰਘ
**ਸਕੱਤਰ ਉਚੇਰੀ ਸਿੱਖਿਆ (ਜ)**

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਅਤੇ
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

**ਅੰ:ਵਿ:ਪੱ.ਨੰ:12/54/08-1 ਸਿ. ਸੈਲ/1705**
**ਮਿਤੀ, ਚੰਡੀਗੜ੍ਹ 21.11.2008**

**ਪਿੱਠ ਅੰਕਣ ਨੰ:12/54/08-1ਸਿ.ਸੈਲ/1706**
**ਮਿਤੀ, ਚੰਡੀਗੜ੍ਹ 21.11.2008**

ਇਸ ਦਾ ਇਕ ਉਤਾਰਾ, ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-

ਜਸਪਾਲ ਸਿੰਘ
**ਸਕੱਤਰ, ਉਚੇਰੀ ਸਿੱਖਿਆ (ਜ)**

**ਪਿੱਠ ਅੰ..ਨੰ:12/54/08-1ਸਿ.ਸੈਲ/1707**
**ਮਿਤੀ, ਚੰਡੀਗੜ੍ਹ 21.11.2008**

ਇਸ ਦਾ ਇਕ ਉਤਾਰਾ, ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਜਸਪਾਲ ਸਿੰਘ
**ਸਕੱਤਰ, ਉਚੇਰੀ ਸਿੱਖਿਆ (ਜ)**

**ਪਿੱਠ. ਅੰਕਣ ਨੰ:12/54/08-1ਸਿ. ਸੈਲ/1708**
**ਮਿਤੀ, ਚੰਡੀਗੜ੍ਹ 21.11.2008**

ਇਸ ਦਾ ਇਕ ਉਤਾਰਾ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਰਾਜ ਦੀਆਂ ਸਮੂਹ ਯੂਨੀਵਰਸਿਟੀਆਂ ਦੇ ਉਪ ਕੁਲਪਤੀ;
2. ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ ਮੈਨੇਜਿੰਗ ਡਾਇਰੈਕਟਰਜ

ਸਹੀ/-

ਜਸਪਾਲ ਸਿੰਘ
**ਸਕੱਤਰ, ਉਚੇਰੀ ਸਿੱਖਿਆ (ਜ)**

**ਅੰਦਰੂਨੀ ਵੰਡ:**

1. ਨਿੱਜੀ ਸਹਾਇਕ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਜਾਣਕਾਰੀ ਹਿਤ.
2. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ ਨੂੰ ਸਿੱਖਿਆ ਮੰਤਰੀ ਜੀ ਦੀ ਜਾਣਕਾਰੀ ਹਿਤ.
3. ਨਿੱਜੀ ਸਕੱਤਰ/ਮੁੱਖ ਪਾਰਲੀਮਾਨੀ ਸਕੱਤਰ, ਸਿੱਖਿਆ, ਪੰਜਾਬ ਨੂੰ ਮੁੱਖ ਪਾਰਲੀਮਾਨੀ ਸਕੱਤਰ, ਸਿੱਖਿਆ ਜੀ ਦੀ ਜਾਣਕਾਰੀ ਹਿਤ.

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਸੇਵਾ ਵਿਚ,**

**ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰਾਂ/**
**ਸਮੂਹ ਵਿਭਾਗਾਂ ਦੇ ਮੁੱਖੀ**
**ਸਮੂਹ ਡਵੀਜਨਾਂ ਦੇ ਕਮਿਸ਼ਨਰ, ਸਮੂਹ ਜ਼ਿਲ੍ਹਿਆਂ ਦੇ ਡਿਪਟੀ**
**ਕਮਿਸ਼ਨਰ ਅਤੇ ਉਪ ਮੰਡਲ ਅਫਸਰ (ਸਿਵਲ) ਪੰਜਾਬ**

**ਨੰ. 12/54/2008-1 ਸਿ.ਸੈਲ/311**
**ਮਿਤੀ, ਚੰਡੀਗੜ੍ਹ 18/02/2009**

**ਵਿਸ਼ਾ:** **ਰਾਜ ਪ੍ਰਸ਼ਾਸਨ ਵਿਚ ਸਾਰਾ ਸਰਕਾਰੀ ਕੰਮ ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਕਰਨ ਬਾਰੇ।**

ਉਪਰੋਕਤ ਵਿਸ਼ੇ ਤੇ ਜਿਵੇਂ ਕਿ ਆਪ ਜੀ ਪਹਿਲਾਂ ਹੀ ਜਾਣੂੰ ਹੋ ਕਿ ਪੰਜਾਬ ਰਾਜ ਭਾਸ਼ਾ ਐਕਟ, 1967 ਅਧੀਨ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਇਸ ਸਬੰਧੀ ਸਰਕਾਰ ਵਲੋਂ ਭਾਸ਼ਾ ਵਿਭਾਗ ਦੁਆਰਾ ਸਾਰੀਆਂ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਹੋਈਆਂ ਹਨ, ਇਸ ਸਭ ਕੁਝ ਦੇ ਬਾਵਜੂਦ ਵੀ ਪ੍ਰਸ਼ਾਸਨ ਦਾ ਸਾਰਾ ਕੰਮ ਪੰਜਾਬੀ ਵਿੱਚ ਨਹੀਂ ਹੋ ਰਿਹਾ।

2. ਰਾਜ ਭਾਸ਼ਾ ਐਕਟ, 1967 ਨੂੰ ਹੋਰ ਪ੍ਰਭਾਵੀ ਬਣਾਉਣ ਲਈ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਪਾਸ ਕੀਤਾ ਗਿਆ ਹੈ ਅਤੇ ਇਸ ਸਬੰਧੀ 5 ਨਵੰਬਰ, 2008 ਨੂੰ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕੀ ਹੈ। ਇਸ ਐਕਟ ਦੀ ਧਾਰਾ 8-ਡੀ(1) ਅਨੁਸਾਰ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਨ੍ਹਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ। ਉਪਰੋਕਤ ਉਪ ਧਾਰਾ ਤਹਿਤ ਕਸੂਰਵਾਰ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕਾਰਵਾਈ, ਸਮਰੱਥ ਅਥਾਰਟੀ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਾਰਸ਼ਾਂ ਅਨੁਸਾਰ ਕਰੇਗੀ।

3. ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਵਿਭਾਗ ਦੇ ਮੁੱਖੀ ਹੋਣ ਦੇ ਨਾਤੇ ਆਪਣੇ ਅਧੀਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦੀ ਹੂ-ਬ-ਹੂ ਪਾਲਣਾ ਕਰਨ ਦੇ ਆਦੇਸ਼ ਜਾਰੀ ਕਰਨ ਦੀ ਖੇਚਲ ਕਰਨਾ ਜੀ।

-ਸਹੀ-
ਜੀ. ਕੇ. ਸਿੰਘ
**ਵਧੀਕ ਸਕੱਤਰ, ਉਚੇਰੀ ਸਿੱਖਿਆ**

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ:-
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

-ਸਹੀ-
ਜੀ. ਕੇ. ਸਿੰਘ
**ਵਧੀਕ ਸਕੱਤਰ, ਉਚੇਰੀ ਸਿੱਖਿਆ**

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ;
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

**ਅੰ:ਵਿ:ਪੱ.ਨੰ:12/54/2008-1 ਸਿ ਸੈਲ/312**
**ਮਿਤੀ, ਚੰਡੀਗੜ੍ਹ 18.12.2009**

**ਪਿੱ. ਅੰ.ਨੰ: 12/54/2008-1 ਸਿ.ਸੈਲ/**
**ਮਿਤੀ, ਚੰਡੀਗੜ੍ਹ:**

ਇਸ ਦਾ ਇਕ ਉਤਾਰਾ, ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਜੀ. ਕੇ. ਸਿੰਘ
**ਵਧੀਕ ਸਕੱਤਰ, ਉਚੇਰੀ ਸਿੱਖਿਆ**

**ਪਿ. ਅੰ..ਨੰ:12/54/2008-1 ਸਿ ਸੈਲ/313**
**ਮਿਤੀ, ਚੰਡੀਗੜ੍ਹ 18.12.2009**

ਇਸ ਦਾ ਇਕ ਉਤਾਰਾ, ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-

ਜੀ. ਕੇ. ਸਿੰਘ
**ਵਧੀਕ ਸਕੱਤਰ, ਉਚੇਰੀ ਸਿੱਖਿਆ**

**ਪਿੱ. ਅੰ.ਨੰ:12/54/2008-1 ਸਿ ਸੈਲ/314**
**ਮਿਤੀ, ਚੰਡੀਗੜ੍ਹ 18.12.2009**

ਇਸ ਦਾ ਇਕ ਉਤਾਰਾ, ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਰਾਜ ਦੀਆਂ ਸਮੂਹ ਯੂਨੀਵਰਸਿਟੀਆਂ ਦੇ ਉਪ ਕੁਲਪਤੀ;
2. ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ ਮੈਨੇਜਿੰਗ ਡਾਇਰੈਕਟਰਜ਼

-ਸਹੀ-

ਜੀ. ਕੇ. ਸਿੰਘ
**ਵਧੀਕ ਸਕੱਤਰ, ਉਚੇਰੀ ਸਿੱਖਿਆ**

**ਅੰਦਰੂਨੀ ਵੰਡ**

1. ਨਿੱਜੀ ਸਕੱਤਰ/ਮੁੱਖ ਮੰਤਰੀ, ਪੰਜਾਬ;
2. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ;
3. ਨਿੱਜੀ ਸਕੱਤਰ/ਮੁੱਖ ਸੰਸਦੀ ਸਕੱਤਰ ਸਿੱਖਿਆ।

ਡਾ. ਉਪਿੰਦਰਜੀਤ ਕੌਰ

ਅ.ਸ.ਪੱ.ਨੰ. ਸਿ.ਸ./ਸਿ.ਸ.ਹ.ਚੌ.ਨਿ.ਮੰ/219-49

ਟੈਲੀਫੋਨ ਨੰ. 0172-2740119 (ਦ)
0172-2745570 (ਘ)
ਸਿੱਖਿਆ, ਸ਼ਹਿਰੀ ਹਵਾਬਾਜੀ, ਚੌਕਸੀ ਅਤੇ ਨਿਆਂ ਮੰਤਰੀ, ਪੰਜਾਬ

ਮਿਤੀ, ਚੰਡੀਗੜ੍ਹ 18.03.2009

ਵਿਸ਼ਾ:- ਦਫਤਰੀ ਕੰਮ ਵਿੱਚ ਰਾਜ ਭਾਸ਼ਾ ਪੰਜਾਬੀ ਦੀ ਵਰਤੋਂ ਯਕੀਨੀ ਬਨਾਉਣ ਸਬੰਧੀ।

ਸਤਿਕਾਰਯੋਗ

ਮੈਂ ਆਪ ਜੀ ਦਾ ਧਿਆਨ ਪੰਜਾਬ ਰਾਜ ਦੇ ਸਮੂਹ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਸਿੱਖਿਆ ਸੰਸਥਾਵਾਂ ਅਤੇ ਹੇਠਲੀਆਂ ਅਦਾਲਤਾਂ ਵਿਚ ਸਰਕਾਰੀ ਕੰਮ-ਕਾਜ ਨੂੰ ਪੰਜਾਬੀ ਭਾਸ਼ਾ ਵਿੱਚ ਕੀਤੇ ਜਾਣ ਦੇ ਮਨੋਰਥ ਹਿਤ ਪਾਸ ਕੀਤੇ 'ਪੰਜਾਬ ਰਾਜ ਭਾਸ਼ਾ (ਸੋਧ) ਐਕਟ 2008' ਵੱਲ ਦਿਵਾਉਣਾ ਚਾਹੁੰਦੀ ਹਾਂ ਅਤੇ ਇਹ ਦੱਸਣ ਦੀ ਖੁਸ਼ੀ ਲੈ ਰਹੀ ਹਾਂ ਕਿ ਇਸ ਸਬੰਧੀ 5 ਨਵੰਬਰ 2008 ਨੂੰ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕੀ ਹੈ। ਹੁਣ ਰਾਜ ਪ੍ਰਸ਼ਾਸਨ ਵਿਚ ਸਮੁੱਚਾ ਦਫਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿੱਚ ਕਰਵਾਇਆ ਜਾਣਾ ਜਰੂਰੀ ਬਣ ਗਿਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਆਪ ਜੀ ਆਪਣੇ ਅਧੀਨ ਉੱਚ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਦੀ ਹੂ-ਬ-ਹੂ ਪਾਲਣਾ ਕਰਨ ਦੇ ਆਦੇਸ਼ਾਂ ਦੇ ਨਾਲ-ਨਾਲ ਵਿਭਾਗਾਂ ਦੇ ਸੂਚਨਾ ਬੋਰਡ, ਮੀਲ ਪੱਥਰ, ਦਿਸ਼ਾ ਬੋਰਡ, ਨਾਮ ਪੱਟੀਆਂ ਆਦਿ ਤੁਰੰਤ ਪੰਜਾਬੀ ਵਿੱਚ ਲਿਖਣ ਅਤੇ ਆਪੋ-ਆਪਣੀਆਂ ਵੈਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿੱਚ ਤਿਆਰ ਕਰਨ ਦੇ ਆਦੇਸ ਵੀ ਜਾਰੀ ਕਰਨ ਦੀ ਖੇਚਲ ਕਰੋ।

ਮੈਂ ਉਕਤ ਸੋਧ ਐਕਟ ਦੀ ਧਾਰਾ 8ਡੀ (1) ਵਿੱਚ ਕੀਤੇ ਉਪਬੰਧ, "ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਜਾਰੀ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾZ ਸਬੰਧੀ ਇਹ ਵੀ ਬੇਨਤੀ ਕਰਦੀ ਹਾਂ ਕਿ ਅਸੀਂ ਸਮੂਹ ਵਿਭਾਗਾਂ ਵਿੱਚ ਪੰਜਾਬੀ ਨੂੰ ਲਾਗੂ ਕਰਨ ਦੇ ਨਜ਼ਰੀਏ ਤੋਂ ਪੜਤਾਲ ਕਰਨ ਲਈ ਵੀ ਪ੍ਰੋਗਰਾਮ ਨਿਸ਼ਚਿਤ ਕਰ ਰਹੇ ਹਾਂ। ਇਸ ਲਈ ਜੇਕਰ ਆਪ ਜੀ ਦੇ ਅਧੀਨ ਵਿਭਾਗ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਉਕਤ ਕਾਨੂੰਨ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਾਰਸ਼ਾਂ ਅਨੁਸਾਰ ਉਸ ਵਿਰੁੱਧ ਸਮਰੱਥ ਅਧਿਕਾਰੀ ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਦੇ ਤਹਿਤ ਕਾਰਵਾਈ ਕਰਵਾਉਣਾ ਵੀ ਯਕੀਨੀ ਬਨਾਉਣ ਦੀ ਖੇਚਲ ਕਰਨਾ ਜੀ।

ਮੈਂ ਆਸ ਕਰਦੀ ਹਾਂ ਕਿ ਆਪ ਜੀ ਆਪਣੇ ਅਧੀਨ ਆਉਂਦੇ ਮਹਿਕਮਿਆਂ ਵਿੱਚ ਰਾਜ ਭਾਸ਼ਾ ਤੀ ਲਾਗੂ ਕਰਵਾਉਣ ਹਿਤ ਜ਼ਰੂਰੀ ਸਹਿਯੋਗ ਦਿੰਦੇ ਰਹੋਗੇ ਜੀ।

ਸ਼ੁਭ ਇੱਛਾਵਾਂ ਤੇ ਆਦਰ ਸਹਿਤ,

ਹਿਤ੍ਰ

**(ਭੁਪਿੰਦਰਜੀਤ ਕੌਰ)**

1. ਸਮੂਹ ਮੰਤਰੀ ਸਾਹਿਬਾਨ
   ਪੰਜਾਬ ਸਰਕਾਰ
2. ਸਮੂਹ ਸੰਸਦੀ ਸਕੱਤਰ ਸਾਹਿਬਾਨ
   ਪੰਜਾਬ ਸਰਕਾਰ

ਅ.ਸ.ਪੰ.ਨੈ. (76-II)-2012/121-165

S. C. Aggarwal
ਐਸ. ਸੀ. ਅਗਰਵਾਲ

Chief Secretary to Govt. of Punjab
Chandigarh-160 001
ਮੁੱਖ ਸਕੱਤਰ, ਪੰਜਾਬ ਸਰਕਾਰ
ਚੰਡੀਗੜ੍ਹ- 160 001
Phone/ਫੋਨ: 0172-2740156, 2740860
Fax/ਫੈਕਸ: 2742488
Email: cs@punjab.gov.in

ਮਿਤੀ, ਚੰਡੀਗੜ੍ਹ, 21.02.2012

**ਵਿਸ਼ਾ:-** **ਦਫਤਰੀ ਕੰਮ ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਕਰਨ ਬਾਰੇ।**

ਪਿਆਰੇ ਪ੍ਰਬੰਧਕੀ ਸਕੱਤਰ,

ਪੰਜਾਬ ਰਾਜ ਭਾਸ਼ਾ ਐਕਟ 1967 ਦੇ ਤਹਿਤ ਸਮੁੱਚਾ ਦਫਤਰੀ ਕੰਮ-ਕਾਜ ਰਾਜ ਦੀ ਸਰਕਾਰੀ ਭਾਸ਼ਾ ਪੰਜਾਬੀ ਵਿੱਚ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਕੰਮ-ਕਾਜ ਵਿੱਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਦਫਤਰੀ ਕੰਮ-ਕਾਜ ਪੰਜਾਬੀ ਵਿੱਚ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਰਕਾਰੀ ਕਰਮਚਾਰੀ ਆਚਰਣ ਨਿਯਮ 1966 ਦੇ ਨਿਯਮ-3 ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੀ ਕਾਰਵਾਈ ਮਿਥਦੇ ਹੋਏ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਨਿਯਮ 5 ਤਹਿਤ ਕਾਰਵਾਈ ਦੇ ਯੋਗ ਸਮਝਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੋਇਆ ਹੈ ਕਿ ਜਦੋਂ ਕੋਈ ਅਧਿਕਾਰੀ/ਕਰਮਚਾਰੀ ਪੰਜਾਬੀ ਵਿੱਚ ਪੱਤਰ-ਵਿਹਾਰ ਨਾ ਕਰੇ ਤਾਂ ਉਸ ਨੂੰ ਲਿਖਤੀ ਰੂਪ ਵਿੱਚ ਤਾੜਨਾ ਕੀਤੀ ਜਾਵੇਗੀ। ਜੇ ਇਸ ਤਰ੍ਹਾਂ ਦੀਆਂ ਤਿੰਨ ਤਾੜਨਾਵਾਂ ਹੋ ਜਾਣ ਤਾਂ ਤੀਜੀ ਤਾੜਨਾ ਦੀ ਇਕ ਕਾਪੀ ਸਬੰਧਤ ਕਰਮਚਾਰੀ ਦੀ ਆਚਰਣ ਪੱਤਰੀ ਵਿੱਚ ਵੀ ਲਾਈ ਜਾਵੇਗੀ। ਜੇ ਕੋਈ ਅਧਿਕਾਰੀ ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀ ਦੇ ਦਫਤਰੀ ਪੱਤਰ-ਵਿਹਾਰ ਵਿੱਚ ਪੰਜਾਬੀ ਦਾ ਪ੍ਰਯੋਗ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਨੂੰ ਤਾੜਨਾ ਨਹੀਂ ਦੇਵੇਗਾ ਜਾਂ ਉਸ ਨੂੰ ਤਿੰਨ ਤਾੜਨਾਵਾਂ ਦਿੱਤੀ ਜਾਣ ਉਪਰੰਤ ਤੀਜੀ ਤਾੜਨਾ ਦੀ ਪਰਤ ਉਸ ਦੀ ਆਚਰਣ ਪੱਤ੍ਰੀ ਵਿੱਚ ਨਹੀਂ ਲਾਵੇਗਾ ਤਾਂ ਉਸ ਅਫਸਰ ਨੂੰ ਜਿੰਮੇਵਾਰ ਮਿੱਥਦੇ ਹੋਏ ਤਾੜਨਾ ਦਿੱਤੀ ਜਾਵੇਗੀ। ਸਰਕਾਰ ਦੇ ਇਸ ਫੈਸਲੇ ਅਨੁਸਾਰ ਸਾਲ 1997-98 ਤੋਂ ਬਾਅਦ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਟਾਂ ਦੇ ਨਿਰਧਾਰਤ ਪ੍ਰੋਫਾਰਮੇ ਵਿੱਚ ਇਹ ਕਾਲਮ ਵੀ ਸ਼ਾਮਲ ਕੀਤਾ ਗਿਆ ਹੈ ਕਿ ਕੀ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਕੰਮ ਕਰਦਾ ਹੈ? ਇਸ ਦੇ ਨਾਲ ਹੀ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਅਨੁਸਾਰ ਕੁਤਾਹੀਕਾਰ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਐਕਟ ਦੀ ਧਾਰਾ 8 ਡੀ(1) ਵਿਚ ਹੋਰ ਸਖਤ ਸਜਾਵਾਂ ਦੇਣ ਦਾ ਵੀ ਉਪਬੰਧ ਕੀਤਾ ਗਿਆ ਹੈ, ਜਿਸ ਤਹਿਤ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਨ੍ਹਾਂ

ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ ਬਸ਼ਰਤੇ ਕਿ ਅਜਿਹੀ ਕਾਰਵਾਈ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣੇ ਜਾਣ ਦਾ ਮੌਕਾ ਦਿੱਤਾ ਜਾਵੇਗਾ।

2. ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਰਕਾਰ ਵੱਲੋਂ ਰਾਜ ਭਾਸ਼ਾ ਐਕਟ ਨੂੰ ਲਾਗੂ ਕਰਾਉਣ ਲਈ ਕੀਤੇ ਜਾਂਦੇ ਉਪਰਾਲਿਆਂ ਦੇ ਬਾਵਜੂਦ ਅਜੇ ਵੀ ਕਾਫੀ ਗਿਣਤੀ ਵਿੱਚ ਅਧਿਕਾਰੀ/ਕਰਮਚਾਰੀ ਆਪਣੇ ਦਫਤਰੀ ਕੰਮ ਨੂੰ ਪੰਜਾਬੀ ਵਿਚ ਕਰਨ ਨੂੰ ਪਹਿਲ ਨਹੀਂ ਦੇ ਰਹੇ ਜੋ ਸਰਾਸਰ ਸਰਕਾਰ ਦੀ ਨੀਤੀ ਦੀ ਉਲੰਘਣਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਉਪਰੋਕਤ ਨਿਯਮਾਂ ਤਹਿਤ ਕਾਰਵਾਈ ਕੀਤੀ ਜਾਇਆ ਕਰੇ ਤਾਂ ਕਿ ਸਾਰੇ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਕੰਮ ਕਰਨ ਨੂੰ ਪਹਿਲ ਦੇਣ।

3. ਮੈਨੂੰ ਪੂਰਨ ਆਸ ਅਤੇ ਵਿਸ਼ਵਾਸ ਹੈ ਕਿ ਇਸ ਸਬੰਧੀ ਸਰਕਾਰੀ ਹਦਾਇਤਾਂ ਨੂੰ ਆਪ ਵੱਲੋਂ ਆਪਣੇ ਵਿਭਾਗਾਂ ਅਤੇ ਆਪਣੇ ਦਫਤਰ ਵਿੱਚ ਪੂਰੀ ਤਰ੍ਹਾਂ ਲਾਗੂ ਕਰਾਉਣ ਲਈ ਨਿੱਜੀ ਧਿਆਨ ਦਿੱਤਾ ਜਾਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਆਦਰ ਸਹਿਤ,

ਹਿਤੂ,
-ਸਹੀ-
(ਐਸ. ਸੀ. ਅਗਰਵਾਲ)

ਸੁਰਜੀਤ ਸਿੰਘ ਰੱਖੜਾ
ਟੈਲੀਫੋਨ ਨੰ. 0172-2740724

ਅ.ਸ.ਪੱ.ਨੰ. ਭਾ.ਵਿ.20 (ਪੰ. ਪ੍ਰਚਾ.)-2014/534-48

ਜਲ ਸਪਲਾਈ ਤੇ ਸੈਨੀਟੇਸ਼ਨ ਅਤੇ
ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ, ਪੰਜਾਬ।
ਮਿਤੀ, ਚੰਡੀਗੜ੍ਹ : 26.08.2014

**ਵਿਸ਼ਾ:- ਦਫਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਨ ਬਾਰੇ।**

ਪਿਆਰੇ

ਆਪ ਜੀ ਭਲੀ ਭਾਂਤ ਜਾਣਦੇ ਹੀ ਹੋ ਕਿ ਪੰਜਾਬ ਰਾਜ ਭਾਸ਼ਾ ਐਕਟ-1967 ਅਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਅਨੁਸਾਰ ਪੰਜਾਬ ਰਾਜ ਦੇ ਸਮੂਹ ਸਰਕਾਰੀ ਅਤੇ ਅਰਧ-ਸਰਕਾਰੀ ਦਫਤਰਾਂ ਵਿਚ ਸਮੁੱਚਾ ਕੰਮ-ਕਾਜ ਮਾਤ ਭਾਸ਼ਾ ਪੰਜਾਬੀ ਵਿਚ ਕੀਤਾ ਜਾਣਾ ਲਾਜ਼ਮੀ ਹੈ। ਸਰਕਾਰੀ ਕੰਮ-ਕਾਜ ਵਿਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਬਾਰੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਮੇਰੇ ਧਿਆਨ ਵਿਚ ਆਇਆ ਹੈ ਕਿ ਸਰਕਾਰ ਵਲੋਂ ਰਾਜ ਭਾਸ਼ਾ ਐਕਟ ਨੂੰ ਲਾਗੂ ਕਰਵਾਉਣ ਲਈ ਕੀਤੇ ਜਾਂਦੇ ਉਪਰਾਲਿਆਂ ਦੇ ਬਾਵਜੂਦ ਅਜੇ ਵੀ ਬਹੁਤੀ ਗਿਣਤੀ ਵਿਚ ਅਧਿਕਾਰੀ/ਕਰਮਚਾਰੀ ਆਪਣੇ ਦਫਤਰੀ ਕੰਮ ਨੂੰ ਪੰਜਾਬੀ ਵਿਚ ਕਰਨ ਤੋਂ ਗੁਰੇਜ਼ ਕਰਦੇ ਹਨ, ਜੋ ਕਿ ਸਰਕਾਰ ਦੀ ਭਾਸ਼ਾ ਨੀਤੀ ਦੀ ਸਰਾਸਰ ਉਲੰਘਣਾ ਹੈ। ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਉਪਰੋਕਤ ਐਕਟ ਅਧੀਨ ਕਾਰਵਾਈ ਕਰਨ ਲਈ ਉਪਬੰਧ ਕੀਤਾ ਗਿਆ ਹੈ, ਪਰੰਤੂ ਕੋਈ ਵੀ ਸਖਤ ਕਾਰਵਾਈ ਕਰਨ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ ਕਿ ਪੰਜਾਬੀ ਵਿਚ ਕੰਮ ਤੋਂ ਗੁਰੇਜ਼ ਕਰਨ ਵਾਲੇ ਅਜਿਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਕ ਹੋਰ ਮੌਕਾ ਦਿੱਤਾ ਜਾਵੇ।

ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਆਪ ਆਪਣੇ ਅਧੀਨ ਵਿਭਾਗ ਦੇ ਪ੍ਰਬੰਧਕੀ ਸਕੱਤਰਾਂ ਨੂੰ ਉਨ੍ਹਾਂ ਦੇ ਵਿਭਾਗਾਂ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰੀ ਕੰਮ-ਕਾਜ ਵਿੱਚ ਮਾਤ-ਭਾਸ਼ਾ ਪੰਜਾਬੀ ਦੀ ਵਰਤੋਂ ਯਕੀਨੀ ਬਣਾਉਣ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰੋ ਤਾਂ ਜੋ ਸਰਕਾਰ ਦੀ ਭਾਸ਼ਾ ਨੀਤੀ ਅਨੁਸਾਰ ਸਮੁੱਚਾ ਕੰਮ-ਕਾਜ 100 ਫ਼ੀਸਦੀ ਪੰਜਾਬੀ ਵਿਚ ਹੋ ਸਕੇ।

ਮੈਂ ਆਸ ਕਰਦਾ ਹਾਂ ਕਿ ਆਪ ਜੀ ਇਸ ਨੇਕ ਕਾਰਜ ਲਈ ਮੈਨੂੰ ਆਪਣਾ ਪੂਰਨ ਸਹਿਯੋਗ ਦਿਓਗੇ।

ਸ਼ੁਭ ਇੱਛਾਵਾਂ ਸਹਿਤ,

ਹਿਤੂ

(ਸੁਰਜੀਤ ਸਿੰਘ ਰੱਖੜਾ)

ਨੰ. 06/14/2018-1ਸਿ ਸੈੱਲ/1312300/1

ਪੰਜਾਬ ਸਰਕਾਰ
ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜਨਾਂ ਦੇ ਕਮਿਸ਼ਨਰ/ਸਮੂਹ ਡਿਪਟੀ ਕਮਿਸ਼ਨਰ,
ਸਮੂਹ ਵਿਭਾਗਾਂ ਦੇ ਮੁੱਖੀ/ਬੋਰਡਾਂ, ਕਾਰਪੋਰੇਸ਼ਨਾਂ ਦੇ ਮੁੱਖੀ,
ਜ਼ਿਲ੍ਹਾ ਅਤੇ ਸ਼ੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ)
ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ

ਮਿਤੀ, ਚੰਡੀਗੜ੍ਹ 5/09/2018

ਵਿਸ਼ਾ: ਪੰਜਾਬ ਰਾਜ ਭਾਸ਼ਾ (ਤਰਸੀਮ) ਐਕਟ, 2008 ਅਨੁਸਾਰ ਸਾਰਾ ਦਫਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਕਰਨ ਬਾਰੇ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008, ਜਿਨ੍ਹਾਂ ਦੀ ਕਾਪੀ ਨਾਲ ਨੱਥੀ ਹੈ, ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਅਨੁਸਾਰ ਪੰਜਾਬ ਰਾਜ ਦੇ ਸਕੱਤਰੇਤ, ਸਮੂਹ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਸਮੁੱਚਾ ਦਫਤਰੀ ਕੰਮ-ਕਾਜ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਵਿਚ ਕੀਤਾ ਜਾਣਾ ਲਾਜ਼ਮੀ ਹੈ। ਪੰਜਾਬ ਸਰਕਾਰ ਵਲੋਂ ਦਫਤਰੀ ਕੰਮ-ਕਾਜ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਮੇਂ-ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਅਤੇ ਉਸ ਅਧੀਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਰਾਜ ਪ੍ਰਬੰਧ ਦਾ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਹੀ ਕੀਤਾ ਜਾਵੇ। ਪਰੰਤੂ ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਕੁਝ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹਾਲੇ ਵੀ ਦਫਤਰੀ ਨੋਟਿੰਗ/ਖਰੜੇ ਆਦਿ ਦਾ ਕੰਮ ਅੰਗਰੇਜ਼ੀ ਭਾਸ਼ਾ ਵਿਚ ਹੀ ਕੀਤਾ ਜਾ ਰਿਹਾ ਹੈ ਅਤੇ ਪੱਤਰਾਂ ਦੇ ਉੱਤਰ ਵੀ ਅੰਗਰੇਜ਼ੀ ਭਾਸ਼ਾ ਵਿੱਚ ਦਿੱਤੇ ਜਾ ਰਹੇ ਹਨ। ਇਹ ਰੁਝਾਨ ਸਕੱਤਰੇਤ ਪੱਧਰ ਦੇ ਦਫਤਰਾਂ ਵਿੱਚ ਅਤੇ ਪੰਜਾਬ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਦਫਤਰਾਂ ਵਿੱਚ ਕਾਫੀ ਵੇਖਣ ਵਿੱਚ ਮਿਲਦਾ ਹੈ, ਜੋ ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਹੈ।

ਪੰਜਾਬ ਵਿਧਾਨ ਸਭਾ ਦੇ ਮਹੀਨਾ ਅਗਸਤ, 2018 ਵਿੱਚ ਚਲੇ ਮਾਨਸੂਨ ਇਜਲਾਸ ਦੌਰਾਨ ਨਿਯਮ 66 ਅਧੀਨ "ਧਿਆਨ ਦਿਵਾਊ ਨੋਟਿਸ" ਰਾਹੀਂ ਵੀ ਇਹ ਗੱਲ ਸਰਕਾਰ ਦੇ ਧਿਆਨ ਵਿਚ ਲਿਆਂਦੀ ਗਈ ਹੈ ਕਿ ਪੰਜਾਬ ਸਰਕਾਰ ਦੇ ਕੁਝ ਅਧਿਕਾਰੀਆਂ ਵੱਲੋਂ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ "ਧਿਆਨ ਦਿਵਾਊ ਨੋਟਿਸ" ਦਾ ਉੱਤਰ ਦਿੰਦਿਆਂ ਮਾਨਯੋਗ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਜੀ ਨੇ ਵਿਧਾਨ ਸਭਾ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ ਅਤੇ ਅੱਗੇ ਤੋਂ ਪ੍ਰਸ਼ਾਸਨ ਦਾ ਸਾਰਾ ਕੰਮ-ਕਾਜ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਵਿੱਚ ਕੀਤਾ ਜਾਵੇਗਾ।

ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਦਾ ਸਮੁੱਚਾ ਦਫਤਰੀ ਕੰਮ-ਕਾਜ, ਭਾਰਤ ਸਰਕਾਰ ਅਤੇ ਦੂਜੇ ਰਾਜਾਂ ਨਾਲ ਕੀਤੀ ਜਾਣ ਵਾਲੀ ਲਿਖਾ-ਪੜ੍ਹੀ ਨੂੰ ਛੱਡ ਕੇ, ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਅਨੁਸਾਰ ਕੇਵਲ ਪੰਜਾਬੀ ਭਾਸ਼ਾ ਵਿੱਚ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਸਮੂਹ ਦਫਤਰਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੀਆਂ ਵੈੱਬਸਾਈਟਾਂ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਬਣੀਆਂ ਹੋਈਆਂ ਹਨ, ਜਿਸ ਕਾਰਨ ਪੰਜਾਬ ਦੀ ਆਮ ਜਨਤਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਰਾਹੀਂ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਜਾਣਕਾਰੀ ਤੋਂ ਵਾਂਝੀ ਰਹਿ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਰਾਹੀਂ ਚਲਾਈਆਂ ਜਾ ਰਹੀਆਂ ਸਕੀਮਾਂ ਜ਼ਿਆਦਾਤਰ ਪੰਜਾਬ ਦੀ ਆਮ ਜਨਤਾ ਲਈ ਹੀ ਹਨ। ਇਸ ਲਈ ਸਮੂਹ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਵੈੱਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ (ਭਾਵ ਦੋਨੋਂ ਭਾਸ਼ਾਵਾਂ ਵਿੱਚ) ਤਿਆਰ ਕਰਕੇ ਅਪਲੋਡ ਕਰਨ ਤਾਂ ਜੋ ਪੰਜਾਬ ਵਾਸੀ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

ਕਿਰਪਾ ਕਰਕੇ ਆਪਣੇ ਅਧੀਨ ਆਉਂਦੇ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

**ਵਿਸ਼ਵਾਸਪਾਤਰ,**

**-ਸਹੀ-**
**(ਵੀ.ਕੇ.ਮੀਨਾ)**
**ਸਕੱਤਰ, ਪੰਜਾਬ ਸਰਕਾਰ,**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ।**

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕਣ ਦੀ ਕ੍ਰਿਪਾਲਤਾ ਕਰਨ।

-ਸਹੀ-

**ਸਕੱਤਰ, ਪੰਜਾਬ ਸਰਕਾਰ,**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ।**

**ਸੇਵਾ ਵਿਖੇ**

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

**ਅੰ:ਵਿ:ਪੱ:ਨੰ: 6/14/2018-1ਸਿੱ.ਸੈਲ/1312291/1**
**ਮਿਤੀ, ਚੰਡੀਗੜ੍ਹ 5/9/18**

ਰਜ਼ੀਆ ਸੁਲਤਾਨਾ

ਅ.ਸ.ਪੱਤਰ ਨੰ. ਉ. ਸਿ./ਜਸਸ/2018/12
ਉਚੇਰੀ ਸਿੱਖਿਆ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ
ਮੰਤਰੀ, ਪੰਜਾਬ।

ਮਿਤੀ, ਚੰਡੀਗੜ੍ਹ 25.10.18

ਵਿਸ਼ਾ:- ਦਫਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਕਰਨ ਬਾਰੇ।

ਸਤਿਕਾਰਯੋਗ ਸੈਨੀ ਜੀ,

ਮੈਂ ਆਪ ਜੀ ਦਾ ਧਿਆਨ ਪੰਜਾਬ ਰਾਜ ਦੇ ਸਮੂਹ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਸਿੱਖਿਆ ਸੰਸਥਾਵਾਂ ਅਤੇ ਹੇਠਲੀਆਂ ਅਦਾਲਤਾਂ ਵਿੱਚ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕੀਤੇ ਜਾਣ ਦੇ ਮਨੋਰਥ ਲਈ ਬਣੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਵੱਲ ਦਿਵਾਉਣਾ ਚਾਹੁੰਦੀ ਹਾਂ। ਇਸ ਐਕਟ ਵਿੱਚ ਦਰਜ ਉਪਬੰਧਾਂ ਅਨੁਸਾਰ ਰਾਜ ਪ੍ਰਸ਼ਾਸਨ ਵਿੱਚ ਸਮੁੱਚਾ ਦਫਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਣਾ ਲਾਜ਼ਮੀ ਹੈ। ਆਪ ਜੀ ਦੀ ਸੁਵਿਧਾ ਲਈ ਇਸ ਐਕਟ ਦੀ ਕਾਪੀ ਇਸ ਦੇ ਨਾਲ ਭੇਜੀ ਜਾ ਰਹੀ ਹੈ। ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੇ ਉਪਬੰਧਾਂ ਦੀ ਪਾਲਣਾ ਲਈ ਸਰਕਾਰ ਪੂਰੀ ਤਰ੍ਹਾਂ ਸੰਜੀਦਾ ਹੈ ਅਤੇ ਇਸ ਸਬੰਧੀ ਪਹਿਲਾਂ ਹੀ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਵਲੋਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਰਾਜ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ ਅਤੇ ਪ੍ਰਸਾਰ ਲਈ ਜਾਗਰੂਕਤਾ ਪੈਦਾ ਕਰਨ ਲਈ ਜਲਦੀ ਹੀ ਇਕ ਮੁਹਿੰਮ ਵੀ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਸਮੂਹ ਵਿਭਾਗਾਂ ਵਿੱਚ ਪੰਜਾਬੀ ਭਾਸ਼ਾ ਨੂੰ ਸੌ-ਫੀਸਦੀ ਲਾਗੂ ਕਰਨ ਦੇ ਨਜ਼ਰੀਏ ਤੋਂ ਪੜਤਾਲ ਕਰਨ ਲਈ ਪ੍ਰੋਗਰਾਮ ਵੀ ਤਿਆਰ ਕਰ ਰਹੇ ਹਾਂ। ਜੇਕਰ ਆਪ ਜੀ ਦੇ ਵਿਭਾਗ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਉਕਤ ਕਾਨੂੰਨ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫ਼ਾਰਸ਼ਾਂ ਅਨੁਸਾਰ ਉਸ ਵਿਰੁੱਧ ਸਮਰੱਥ ਅਧਿਕਾਰੀ ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਤਹਿਤ ਬਣਦੀ ਕਾਰਵਾਈ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਮੈਂ ਧੰਨਵਾਦੀ ਹੋਵਾਂਗੀ ਜੇਕਰ ਆਪ ਆਪਣੇ ਅਧੀਨ ਆਉਂਦੇ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਨੂੰ ਇਹ ਹਦਾਇਤਾਂ ਜਾਰੀ ਕਰੋਗੇ, ਕਿ ਉਹ ਵਿਭਾਗਾਂ ਵਿੱਚ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਸਰਕਾਰੀ ਕੰਮ-ਕਾਜ ਨੂੰ ਪੂਰਨ ਤੌਰ ਤੇ ਮਾਤ ਭਾਸ਼ਾ ਪੰਜਾਬੀ ਵਿੱਚ ਲਾਗੂ ਕਰਵਾਉਣ ਨੂੰ ਯਕੀਨੀ ਬਣਾਉਣਗੇ।

ਆਸ ਕਰਦੀ ਹਾਂ ਕਿ ਮੈਨੂੰ ਇਸ ਕਾਰਜ ਲਈ ਪੂਰਨ ਸਹਿਯੋਗ ਦਿਓਗੇ।

ਪਿਤ੍ਰ,
-ਸਹੀ-
(ਰਜ਼ੀਆ ਸੁਲਤਾਨਾ)

ਨੰ. 6/14/2018-2ਸਿੱ.ਸੈਲ/1409805/1
ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ/ਸਮੂਹ ਡਿਪਟੀ ਕਮਿਸ਼ਨਰ,
ਸਮੂਹ ਵਿਭਾਗਾਂ ਦੇ ਮੁੱਖੀ/ਬੋਰਡਾਂ, ਕਾਰਪੋਰੇਸ਼ਨਾਂ ਦੇ ਮੁੱਖੀ,
ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ)
ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ।

ਮਿਤੀ, ਚੰਡੀਗੜ੍ਹ: 01 ਫਰਵਰੀ, 2019

ਵਿਸ਼ਾ: ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਅਨੁਸਾਰ ਸਾਰਾ ਦਫਤਰੀ ਕੰਮ-ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਨਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ. 6/14/18-1ਸਿੱ.ਸੈਲ/1312300/1, ਮਿਤੀ 05.09.2018 (ਕਾਪੀ ਨੱਥੀ) ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕਰਨਾ।

2. ਹਵਾਲਾ ਅਧੀਨ ਪੱਤਰ ਰਾਹੀਂ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਨੂੰ ਸਮੁੱਚਾ ਦਫਤਰੀ ਕੰਮ-ਕਾਜ, ਭਾਰਤ ਸਰਕਾਰ ਅਤੇ ਦੂਜੇ ਰਾਜਾਂ ਨਾਲ ਕੀਤੀ ਜਾਣ ਵਾਲੀ ਲਿਖਾ-ਪੜ੍ਹੀ ਨੂੰ ਛੱਡਕੇ, ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਅਨੁਸਾਰ ਕੇਵਲ ਪੰਜਾਬੀ ਭਾਸ਼ਾ ਵਿੱਚ ਕਰਨ ਅਤੇ ਵੈੱਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ ਵੀ ਤਿਆਰ ਕਰਕੇ ਅਪਲੋਡ ਕਰਨ ਹਿੱਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਹੋ ਰਹੀ ਹੈ, ਕਿਉਂਜੋ ਇਸ ਵਿਭਾਗ ਨੂੰ ਸਰਕਾਰੀ ਅਦਾਰਿਆਂ ਵੱਲੋਂ ਪੰਜਾਬੀ ਭਾਸ਼ਾ ਵਿੱਚ ਕੰਮ-ਕਾਜ ਨਾ ਕਰਨ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ।

3. ਕ੍ਰਿਪਾ ਕਰਕੇ ਆਪਣੇ ਅਧੀਨ ਆਉਂਦੇ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਵੈੱਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ (ਭਾਵ ਦੋਨੋ ਭਾਸ਼ਾਵਾਂ ਵਿੱਚ) ਤਿਆਰ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰਨੀਆਂ ਯਕੀਨੀ ਬਣਾਈਆਂ ਜਾਣ।

-ਸਹੀ-
ਵੀ.ਕੇ. ਮੀਨਾ

**ਸਕੱਤਰ, ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕਣ ਦੀ ਕ੍ਰਿਪਾਲਤਾ ਕਰਨ।

-ਸਹੀ-
ਵੀ.ਕੇ. ਮੀਨਾ
**ਸਕੱਤਰ, ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

**ਸੇਵਾ ਵਿਖੇ**

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

**ਅੰ:ਵਿ:ਪੱ:ਨੰ: 6/14/2018-2ਸਿੱ.ਸੈਲ/1409805/2 ਮਿਤੀ, ਚੰਡੀਗੜ੍ਹ: 01 ਫਰਵਰੀ, 2019**

**ਨੰ. 6/14/18-2ਸਿ ਸੈੱਲ/375**
**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਸੇਵਾ ਵਿਖੇ,**

**ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,**
**ਸਮੂਹ ਡਵੀਜ਼ਨਾਂ ਦੇ ਕਮਿਸ਼ਨਰ / ਸਮੂਹ ਡਿਪਟੀ ਕਮਿਸ਼ਨਰ,**
**ਸਮੂਹ ਬੋਰਡਾਂ/ ਕਾਰਪੋਰੇਸ਼ਨਾਂ ਦੇ ਮੁਖੀ,**
**ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ**
**ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।**

**ਮਿਤੀ, ਚੰਡੀਗੜ੍ਹ 25.11.2019**

**ਵਿਸ਼ਾ:** **ਪੰਜਾਬ ਰਾਜ ਭਾਸ਼ਾ ਤਰਮੀਮ ਐਕਟ, 2008 ਅਨੁਸਾਰ ਸਾਰਾ ਦਫਤਰੀ ਕੰਮ ਕਾਜ ਰਾਜ ਭਾਸ਼ਾ ਪੰਜਾਬੀ ਵਿੱਚ ਕਰਨ ਸਬੰਧੀ।**

****

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਦੇ ਉਪਬੰਧਾਂ ਅਨੁਸਾਰ ਪੰਜਾਬ ਰਾਜ ਦੇ ਸਕੱਤਰੇਤ, ਸਮੂਹ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਸਮੁੱਚਾ ਕੰਮ-ਕਾਜ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਵਿਚ ਕਰਨ ਸਬੰਧੀ ਸਰਕਾਰ ਦੇ ਪੱਤਰ ਨੰ.6/14/18-1ਸਿੱ.ਸੈੱਲ/1312300/1, ਮਿਤੀ 5.9.2018 ਅਤੇ ਮਿਤੀ 1.2.2019 ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸੀ। ਪ੍ਰੰਤੂ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨਹੀਂ ਹੋ ਰਹੀ ਹੈ।

3. ਇਸ ਲਈ ਕਿਰਪਾ ਕਰਕੇ ਆਪਣੇ ਅਧੀਨ ਆਉਂਦੇ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

**ਵਿਸ਼ਵਾਸਪਾਤਰ**

-ਸਹੀ-
ਐਮ. ਪੀ. ਅਰੋੜਾ
**ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ**

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕਣ ਦੀ ਕ੍ਰਿਪਾਲਤਾ ਕਰਨ।

-ਸਹੀ-
ਐਮ. ਪੀ. ਅਰੋੜਾ
**ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

**ਅੰ;ਵਿ;ਪੰ;ਨੰ;6/14/18-2ਸਿ ਸੈੱਲ/376**
**ਮਿਤੀ, ਚੰਡੀਗੜ੍ਹ: 25.11.2019**

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਹੁਕਮ**

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਦੇ ਨੰ:861-ਆਈਐਲਜੀ-68/4661, ਮਿਤੀ 09 ਫਰਵਰੀ, 1968 ਰਾਹੀਂ ਪੰਜਾਬ ਭਾਸ਼ਾ ਐਕਟ, 1967 ਦੀ ਧਾਰਾ 4 ਦੇ ਅਧੀਨ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 13 ਅਪ੍ਰੈਲ, 1968 ਤੋਂ ਪੰਜਾਬ ਰਾਜ ਦੇ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਦੀ ਵਰਤੋਂ ਕਰਨ ਸਬੰਧੀ ਅਧਿਸੂਚਨਾ ਜਾਰੀ ਕੀਤੀ ਗਈ ਸੀ। ਇਸ ਲਈ ਸਮੁੱਚੇ ਪੰਜਾਬ ਰਾਜ ਵਿੱਚ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ ਦਫਤਰਾਂ/ਵਿਭਾਗਾਂ/ਅਦਾਰਿਆਂ/ਅਰਧ ਸਰਕਾਰੀ ਅਦਾਰਿਆਂ/ ਬੋਰਡ/ ਨਿਗਮ/ ਵਿਦਿਅਕ ਸੰਸਥਾਵਾਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ-ਪੱਟੀਆਂ/ ਮੀਲ ਪੱਥਰ/ ਸਾਈਨ ਬੋਰਡ ਲਿਖਣ ਸਮੇਂ, ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਜਾਣ। ਜੇਕਰ ਕਿਸੇ ਹੋਰ ਭਾਸ਼ਾ ਵਿਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਤੋਂ ਹੇਠਾਂ ਦੂਸਰੀ ਭਾਸ਼ਾ ਵਿੱਚ ਲਿਖਿਆ ਜਾਵੇ। ਇਸ ਸਬੰਧੀ ਨਮੂਨੇ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

2. ਇਨ੍ਹਾਂ ਹੁਕਮਾਂ ਦੀ ਇੰਨ-ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਮਿਤੀ,ਚੰਡੀਗੜ੍ਹ: 18.02.2020

ਰਾਹੁਲ ਭੰਡਾਰੀ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ

ਪਿ:ਅੰ;ਨੰ;6/41/19-2ਸਿੱ.ਸੈਲ/413-423 ਮਿਤੀ, ਚੰਡੀਗੜ੍ਹ: 19/02/2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਕੱਤਰ/ਮੁੱਖ ਸਕੱਤਰ ਪੰਜਾਬ।
2) ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3) ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ
4) ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
5) ਸਮੂਹ ਡਵੀਜਨਾਂ ਦੇ ਕਮਿਸ਼ਨਰ।
6) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।
7) ਪੰਜਾਬ ਰਾਜ ਦੇ ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ।
8) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਸਮੂਹ ਉਪ ਮੰਡਲ ਮੈਜਿਸਟ੍ਰੇਟ।
9) ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ।

10) ਸਮੂਹ ਨਗਰ ਨਿਗਮ ਅਤੇ ਨਗਰ ਪਾਲਿਕਾ ਦੇ ਕਮਿਸ਼ਨਰ ਅਤੇ ਕਾਰਜ ਸਾਧਕ ਅਫ਼ਸਰ।

11) ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ।

-ਸਹੀ-
ਐਮ. ਪੀ. ਅਰੋੜਾ

ਵਿਸ਼ੇਸ਼ ਸਕੱਤਰ, ਉਚੇਰੀ ਸਿਖਿਆ

ਅੰਦਰੂਨੀ ਵੰਡ:-

1) ਸਕੱਤਰ/ਉ.ਸਿੱ.ਮੰਤਰੀ
2) ਨਿਜੀ ਸਕੱਤਰ/ਸ.ਉ.ਸਿੱ.
3) ਨਿਜੀ ਸਹਾਇਕ/ਵਿ.ਸ.ਉ.ਸਿੱ.

ਨੰ. 06/14/18-2ਸਿੱ.ਸੈੱਲ/479

**ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ**

**(ਸਿੱਖਿਆ ਸੈੱਲ)**

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਸਮੂਹ ਡਵੀਜਨਾਂ ਦੇ ਕਮਿਸ਼ਨਰ/ ਸਮੂਹ ਡਿਪਟੀ ਕਮਿਸ਼ਨਰ,

ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਮੁੱਖੀ,

ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ (ਸਿਵਲ) ਅਤੇ

ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

ਮਿਤੀ, ਚੰਡੀਗੜ੍ਹ ; 12.03.2021

ਵਿਸ਼ਾ: ਭਾਰਤ ਸਰਕਾਰ ਅਤੇ ਹੋਰ ਰਾਜਾਂ ਨਾਲ ਪੱਤਰ ਵਿਹਾਰ ਹਿੰਦੀ/ਅੰਗਰੇਜ਼ੀ ਭਾਸ਼ਾ ਵਿਚ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਰਾਜ ਭਾਸ਼ਾ ਐਕਟ **1967** ਅਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ **2008** ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਦੇ ਸਰਕਾਰੀ/ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਨਿਗਮਾਂ, ਕਾਰਪੋਰੇਸ਼ਨਾਂ ਅਤੇ ਵਿਦਿਅਕ ਅਦਾਰਿਆਂ ਵਿਚ ਸਮੁੱਚਾ ਦਫਤਰੀ ਕੰਮ-ਕਾਜ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ **2008** ਦੇ ਉਪਬੰਧਾਂ ਅਨੁਸਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਲਾਜ਼ਮੀ ਹੈ। ਇਸ ਸਬੰਧੀ ਸਰਕਾਰ ਦੇ ਪੱਤਰ ਨੰ: **06/14/18-1**ਸਿੱ.ਸੈਲ/**1312300/1**, ਮਿਤੀ **5.9.2018** ਰਾਹੀਂ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਭਾਰਤ ਸਰਕਾਰ ਅਤੇ ਦੂਜੇ ਰਾਜਾਂ ਨਾਲ ਕੀਤੀ ਜਾਣ ਵਾਲੀ ਲਿਖਾ-ਪੜ੍ਹੀ ਨੂੰ ਛੱਡ ਕੇ, ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਦਾ ਸਮੁੱਚਾ ਦਫਤਰੀ ਕੰਮ-ਕਾਜ, ਕੇਵਲ ਪੰਜਾਬੀ ਭਾਸ਼ਾ ਵਿਚ ਹੀ ਕੀਤਾ ਜਾਣਾ ਹੈ।

2. ਐਪਰ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਵਿਭਾਗਾਂ ਵਲੋਂ ਕੇਂਦਰ ਅਤੇ ਦੂਜੇ ਰਾਜਾਂ ਨਾਲ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿਚ ਕੀਤਾ ਜਾ ਰਿਹਾ ਹੈ, ਜਿਸ ਕਾਰਣ ਭਾਰਤ ਸਰਕਾਰ ਅਤੇ ਦੂਜੇ ਰਾਜਾਂ ਨੂੰ ਪੰਜਾਬੀ ਭਾਸ਼ਾ ਨੂੰ ਹੂ-ਬਹੂ ਸਮਝਣ ਅਤੇ ਲੋੜੀਂਦੀ ਕਾਰਵਾਈ ਕਰਨ ਵਿਚ ਦਿੱਕਤ ਪੇਸ਼ ਆ ਰਹੀ ਹੈ ਅਤੇ ਪੰਜਾਬ ਰਾਜ ਦੇ ਵੱਖ-ਵੱਖ ਵਿਭਾਗਾਂ/ਅਦਾਰਿਆਂ ਨਾਲ ਲਿਖਾ-ਪੜ੍ਹੀ ਕਰਨ ਵਿਚ ਬੇਲੋੜੀ ਦੇਰੀ ਅਤੇ ਫਜ਼ੂਲ ਵਿਚ ਸਮਾਂ ਨਸ਼ਟ ਹੋ ਰਿਹਾ ਹੈ।

3. ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਦੇ ਅਦਾਰਿਆਂ ਅਤੇ ਦੂਜੇ ਰਾਜਾਂ ਨਾਲ ਪੱਤਰ-ਵਿਹਾਰ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਵਿਚ ਕੀਤਾ ਜਾਵੇ। ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਵਿਭਾਗਾਂ, ਬੋਰਡਾਂ/ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਇਨ-ਬਿੰਨ ਪਾਲਣਾ ਕੀਤੇ ਜਾਣ ਹਿੱਤ ਮੁੜ ਧਿਆਨ ਲਿਆ ਦਿੱਤੀਆਂ ਜਾਣ।

ਵਿਸ਼ਵਾਸਪਾਤਰ

-ਸਹੀ-

(ਪਰਮਜੀਤ ਸਿੰਘ)

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ

ਉਪਰੋਕਤ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕਣ ਦੀ ਕਿਰਪਾਲਤਾ ਕਰਨ।

-ਸਹੀ-

(ਪਰਮਜੀਤ ਸਿੰਘ)

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,

ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ:ਵਿ:ਪੰ:ਨੰ **06/14/18-2ਸਿ.ਸੈਲ/480** ਮਿਤੀ, ਚੰਡੀਗੜ੍ਹ: **12.03.2021**

ਨੰ.6/41/2019-2ਸਿ.ਸੈੱਲ/1288

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਸਮੂਹ ਡਵੀਜ਼ਨਾਂ ਦੇ ਕਮਿਸ਼ਨਰ/ਸਮੂਹ ਡਿਪਟੀ ਕਮਿਸ਼ਨਰ,

ਸਮੂਹ ਵਿਭਾਗਾਂ ਦੇ ਮੁੱਖੀ/ਬੋਰਡਾਂ/ਕਾਰਪੋਰੇਸ਼ਨਾਂ ਦੇ ਮੁੱਖੀ,

ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ

ਰਜਿਸਟਰਾਰ ਪੰਜਾਬ ਤੇ ਹਰਿਆਣਾ ਹਾਈਕੋਰਟ।

ਮਿਤੀ : ਚੰਡੀਗੜ੍ਹ 29.11.2021

**ਵਿਸ਼ਾ:-** **ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆਂ/ਅਰਧ ਸਰਕਾਰੀ ਅਦਾਰਿਆਂ/ਬੋਰਡ/ ਨਿਗਮ/ ਵਿੱਦਿਅਕ ਸੰਸਥਾਵਾਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਸਬੰਧੀ।**

**ਸ੍ਰੀਮਾਨ ਜੀ/ਸ੍ਰੀਮਤੀ ਜੀ,**

1.0 ਮੈਨੂੰ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 07.11.2021 ਨੂੰ ਹੋਈ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਹਦਾਇਤ ਹੋਈ ਹੈ ਕਿ ਸਾਰੇ ਬੋਰਡ/ਸਾਈਨ ਬੋਰਡ ਪੰਜਾਬੀ ਵਿਚ ਜ਼ਰੂਰ ਲਿਖੇ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ।

2.0 ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਸਰਕਾਰੀ

ਅਦਾਰਿਆਂ/ਬੋਰਡ/ਨਿਗਮ/ਵਿੱਦਿਅਕ ਸੰਸਥਾਵਾਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਲਿਖਣ ਸਮੇਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖੇ ਜਾਣ। ਜੇਕਰ ਕਿਸੇ ਹੋਰ ਭਾਸ਼ਾ ਵਿਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਬਾਅਦ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ।

**ਵਿਸ਼ਵਾਸਪਾਤਰ**
**-ਸਹੀ-**

**(ਕ੍ਰਿਸ਼ਨ ਕੁਮਾਰ)**

**ਸਕੱਤਰ, ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

ਉਪਰੋਕਤ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**-ਸਹੀ-**

**(ਕ੍ਰਿਸ਼ਨ ਕੁਮਾਰ)**
**ਸਕੱਤਰ, ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,

ਅੰ.ਵਿ.ਨੰ.6/41/2019-2ਸਿ.ਸੈਲ/1289 ਮਿਤੀ, ਚੰਡੀਗੜ੍ਹ : 29.11.2021

ਨੰ.6/14/18-2ਸਿ.ਸੈੱਲ/374

ਪੰਜਾਬ ਸਰਕਾਰ

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ

(ਸਿੱਖਿਆ ਸੈੱਲ)

ਸੇਵਾ ਵਿਖੇ ਮਿਤੀ : 02.02.2022

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ/ਸਮੂਹ ਡਿਪਟੀ ਕਮਿਸ਼ਨਰ,
ਸਮੂਹ ਵਿਭਾਗਾਂ ਦੇ ਮੁੱਖੀ/ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ,
ਸਮੂਹ ਨਗਰ ਨਿਗਮ ਅਤੇ ਨਗਰ ਪਾਲਿਕਾ ਦੇ ਕਮਿਸ਼ਨਰ ਅਤੇ ਕਾਰਜ ਸਾਧਕ ਅਫ਼ਸਰ,ਚੇਅਰਮੈਨ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀ, ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ ਪੰਜਾਬ ਤੇ ਹਰਿਆਣਾ ਹਾਈਕੋਰਟ।

**ਵਿਸ਼ਾ:- ਪੰਜਾਬ ਵਿਚ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਕਰਵਾਈ ਜਾਂਦੀ ਮੁਕਾਬਲੇ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਰਾਜ ਭਾਸ਼ਾ ਪੰਜਾਬੀ ਵਿਚ ਵੀ ਤਿਆਰ ਕਰਨ ਸਬੰਧੀ।**

**ਸ੍ਰੀਮਾਨ ਜੀ/ਸ੍ਰੀਮਤੀ ਜੀ,**

1.0 ਇਹ ਧਿਆਨ ਵਿਚ ਆਇਆ ਹੈ ਕਿ ਕੁਝ ਵਿਭਾਗਾਂ ਵੱਲੋਂ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਮੁਕਾਬਲੇ ਦੀ ਪ੍ਰੀਖਿਆ ਕਰਵਾਈ ਜਾਂਦੀ ਹੈ ਉਸ ਦੇ ਪ੍ਰਸ਼ਨ ਪੱਤਰ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਤਿਆਰ ਕੀਤੇ ਜਾਂਦੇ ਹਨ, ਜੋ ਕਿ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ (ਤਰਮੀਮ) ਐਕਟ-2008 ਦੀ ਉਲੰਘਣਾ ਹੈ।

2.0 ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਖ-ਵੱਖ ਵਿਭਾਗਾਂ ਵੱਲੋਂ ਪੰਜਾਬ ਵਿਚ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਮੁਕਾਬਲੇ ਦੀ ਪ੍ਰੀਖਿਆ ਕਰਵਾਉਣ ਸਮੇਂ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਦੀ ਪਾਲਣਾ ਕੀਤੀ ਜਾਵੇ ਜੀ।

-ਸਹੀ-

(ਕ੍ਰਿਸ਼ਨ ਕੁਮਾਰ)

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਉਪਰੋਕਤ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿਤ ਯੋਗ ਕਦਮ ਚੁੱਕਣ ਦੀ ਕਿਰਪਾਲਤਾ ਕਰਨ।

-ਸਹੀ-

**(ਕ੍ਰਿਸ਼ਨ ਕੁਮਾਰ)**

**ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,

ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,

ਅੰ.ਵਿ.ਨੰ.6/14/18-2ਸਿ.ਸੈੱਲ/375 ਮਿਤੀ, ਚੰਡੀਗੜ੍ਹ : 02.02.2022

ਨੰ.6-41/19-2ਸਿ.ਸੈਲ/752

ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

(ਸਿੱਖਿਆ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ, ਸਮੂਹ ਡਵੀਜਨਾਂ ਦੇ ਕਮਿਸ਼ਨਰ/ਸਮੂਹ ਡਿਪਟੀ ਕਮਿਸ਼ਨਰ,

ਸਮੂਹ ਵਿਭਾਗਾਂ ਦੇ ਮੁਖੀ, ਬੋਰਡਾਂ/ਕਾਰਪੋਰੇਸ਼ਨਾਂ ਦੇ ਮੁਖੀ,

ਰਜਿਸਟਰਾਰ ਕੋਆਪਰੇਟਿਵ ਸੁਸਾਇਟੀ,

ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪਮੰਡਲ ਅਫ਼ਸਰ (ਸਿਵਲ) ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ।

ਮਿਤੀ : ਚੰਡੀਗੜ੍ਹ/04.07.2022

ਵਿਸ਼ਾ:- ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆਂ/ ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ/ ਬੋਰਡਾਂ/ ਨਿਗਮਾਂ/ ਵਿੱਦਿਅਕ ਸੰਸਥਾਵਾਂ/ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ/ ਸੁਸਾਇਟੀ ਐਕਟ/ ਫੈਕਟਰੀ ਐਕਟ ਤਹਿਤ ਰਜਿਸਟਰਡ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਅਤੇ ਸੜ੍ਹਕਾਂ ਦੇ ਨਾਮ, ਨਾਮ ਪੱਟੀਆਂ/ ਮੀਲ ਪੱਥਰ/ ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਸਬੰਧੀ।

ਸ੍ਰੀਮਾਨ ਜੀ/ਸ੍ਰੀਮਤੀ ਜੀ,

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਵਾਲਾ ਅਧੀਨ ਪੱਤਰਾਂ ਰਾਹੀਂ ਪੰਜਾਬ ਸਰਕਾਰ ਅਧੀਨ ਆਉਂਦੇ ਸਾਰੇ ਦਫਤਰ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਵਿੱਦਿਅਕ ਸੰਸਥਾਵਾਂ ਵਿਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਹੋ ਰਹੀ। ਜਿਸ ਦਾ ਪੰਜਾਬ ਸਰਕਾਰ ਵਲੋਂ ਸਖ਼ਤ ਨੋਟਿਸ ਲਿਆ ਹੈ।

3.0 ਪੰਜਾਬ ਰਾਜ ਭਾਸ਼ਾ ਐਕਟ-1967 ਦੀ ਧਾਰਾ 4 ਅਤੇ ਪੰਜਾਬ ਰਾਜ ਭਾਸ਼ਾ ਤਰਮੀਮ ਐਕਟ 2008 ਰਾਹੀਂ ਪੰਜਾਬ ਰਾਜ ਦੇ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਦੀ ਵਰਤੋਂ ਕਰਨ ਸਬੰਧੀ ਅਧਿਸੂਚਨਾ ਜਾਰੀ ਕੀਤੀ ਗਈ ਸੀ। ਇਸ ਲਈ ਸਮੁੱਚੇ ਪੰਜਾਬ ਰਾਜ ਵਿਚ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਨੂੰ ਵਧੇਰੇ ਮਹੱਤਤਾ ਦੇਣ/ਪ੍ਰਭਾਵਸ਼ਾਲੀ ਬਣਾਉਣ ਲਈ ਸਮੂਹ ਸਰਕਾਰੀ ਦਫਤਰਾਂ/ ਵਿਭਾਗਾਂ/ ਅਦਾਰਿਆਂ/ ਅਰਧ ਸਰਕਾਰੀ ਵਿੱਦਿਅਕ ਅਦਾਰਿਆਂ/ ਬੋਰਡਾਂ/ ਨਿਗਮਾਂ/ ਵਿੱਦਿਅਕ ਸੰਸਥਾਵਾਂ/ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ/ ਸੁਸਾਇਟੀ ਐਕਟ/ ਫੈਕਟਰੀ ਐਕਟ ਅਤੇ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ-1958 ਤਹਿਤ ਰਜਿਸਟਰਡ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ/ ਮੀਲ ਪੱਥਰ/ ਸਾਈਨ ਬੋਰਡ ਲਿਖਣ ਸਮੇ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖੇ ਜਾਣ। ਜੇ ਕਰ ਹੋਰ ਭਾਸ਼ਾ ਵਿਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ। ਇਸ ਸਬੰਧੀ ਨਮੂਨੇ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

4.0 ਕਿਰਪਾ ਕਰਕੇ ਆਪਣੇ ਅਧੀਨ ਆਉਂਦੇ ਵਿਭਾਗਾਂ ਵਿਚ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਵਿਸ਼ਵਾਸਪਾਤਰ

ਕ੍ਰਿਸ਼ਨ ਕੁਮਾਰ, ਆਈ.ਏ.ਐਸ.

ਮਿਤੀ, ਚੰਡੀਗੜ੍ਹ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਉਪਰੋਕਤ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਅਤੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਹੀ-

ਕ੍ਰਿਸ਼ਨ ਕੁਮਾਰ, ਆਈ.ਏ.ਐਸ.

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,

ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ

ਅੰ.ਵਿ.ਪੱ.ਨੰ. 6/41/19-2 ਸਿ.ਸੈੱਲ/753

ਮਿਤੀ, ਚੰਡੀਗੜ੍ਹ : 04.07.2022

# ਪੰਜਾਬ ਸਰਕਾਰ ਗਜ਼ਟ

ਆਸਾਧਰਣ

ਅਥਾਰਟੀ ਵੱਲੋਂ ਪ੍ਰਕਾਸ਼ਿਤ

ਚੰਡੀਗੜ੍ਹ ; ਸੋਮਵਾਰ, 13 ਜੂਨ, 2022

(ਜੇਠ 23, 1944 ਸਾਕਾ)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ–1 | ਐਕਟ | |
| | **ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021 (2022 ਦਾ ਪੰਜਾਬ ਐਕਟ ਨੰ. 11)** | **...........45** |
| ਭਾਗ-II | ਆਰਡੀਨੈਂਸ | |
| | ਕੋਈ ਨਹੀਂ | |
| ਭਾਗ-III | ਸੌਂਪਿਆ ਗਿਆ ਵਿਧਾਨ | |
| | ਕੋਈ ਨਹੀਂ | |
| ਭਾਗ-IV | ਦਰੁਸਤੀ ਪਰਚੀਆਂ, ਪੁਨਰ-ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | ਕੋਈ ਨਹੀਂ | |

ਭਾਗ-1

# ਪੰਜਾਬ ਸਰਕਾਰ

## ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ

## ਅਧਿਸੂਚਨਾ

13 ਜੂਨ, 2022

ਨੰ: 11 ਵਿਧਾਨ/2022-ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਹੇਠ ਦਰਸਾਏ ਐਕਟ ਨੂੰ 30 ਦਸੰਬਰ, 2021 ਨੂੰ ਪੰਜਾਬ ਦੇ ਰਾਜਪਾਲ ਦੀ ਸਹਿਮਤੀ ਪ੍ਰਾਪਤ ਹੋਈ ਅਤੇ ਇਸ ਦੁਆਰਾ ਇਸ ਨੂੰ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

## ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021

(2021 ਦਾ ਪੰਜਾਬ ਐਕਟ ਨੰ. 11)

ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕਰਨ ਲਈ ਇਕ ਹੋਰ ਐਕਟ।

ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

**ਸੰਖੇਪ ਨਾਂ ਅਤੇ ਆਰੰਭ**

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਸੋਧ) ਐਕਟ 2021 ਕਿਹਾ ਜਾ ਸਕੇਗਾ।

(2) ਇਸ ਨੂੰ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਿਤ ਹੋਣ ਦੀ ਤਾਰੀਖ ਤੋਂ ਨਾਫਜ਼ ਅਤੇ ਪ੍ਰਭਾਵੀ ਹੋਣਾ ਸਮਝਿਆ ਜਾਵੇਗਾ।

**1967 ਦੇ ਪੰਜਾਬ ਐਕਟ ਨੰ. 5 ਦੀ ਧਾਰਾ 8-ਡੀ ਵਿਚ**

2. ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 8-ਡੀ ਦੀ ਉਪ ਧਾਰਾ ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

(3) "ਜੇਕਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਨ੍ਹਾਂ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਦੀ ਉਲੰਘਣਾ ਕਰਦਾ ਹੈ ਤਾਂ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਡਾਇਰੈਕਟਰ, ਭਾਸ਼ਾ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਜੇਕਰ ਅਧਿਕਾਰੀ ਜਾਂ ਕਰਮਚਾਰੀ ਦੁਆਰਾ ਦਿੱਤਾ ਗਿਆ ਜਵਾਬ ਤਸੱਲੀਬਖ਼ਸ ਨਹੀਂ ਹੁੰਦਾ ਹੈ, ਤਾਂ ਅਧਿਕਾਰੀ ਜਾਂ ਕਰਮਚਾਰੀ ਪਹਿਲੀ ਵਾਰ ਉਲੰਘਣਾ ਕਰਨ ਤੇ ਪੰਜ ਸੌ ਰੁਪਏ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਇਸੇ ਤਰ੍ਹਾਂ ਜੇਕਰ ਉਹ ਦੂਜੀ ਵਾਰ ਅਜਿਹੀ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਦੋ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਜੇ ਉਹ ਤੀਜੀ ਵਾਰ ਅਜਿਹੀ ਉਲੰਘਣਾ ਕੀਤੇ ਜਾਣ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਪੰਜ ਹਜ਼ਾਰ ਰੁਪਏ ਤੱਕ ਦੇ ਜ਼ੁਰਮਾਨੇ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ। ਅਜਿਹਾ ਜੁਰਮਾਨਾ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਦੀ ਤਨਖ਼ਾਹ ਵਿਚੋਂ ਸਬੰਧਤ ਵੰਡ ਅਤੇ ਖਰਚ ਅਧਿਕਾਰੀ ਵੱਲੋਂ ਵਸੂਲ ਕੀਤਾ ਜਵੇਗਾ।

ਬਸ਼ਰਤੇ ਕਿ ਅਜਿਹਾ ਜੁਰਮਾਨਾ ਵਸੂਲਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਕੀਤੇ ਜਾਣ ਦਾ ਮੌਕਾ ਦਿੱਤਾ ਜਾਵੇਗਾ"।

**ਐਸ.ਕੇ.ਅਗਰਵਾਲ,**

**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**

**ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ**

10990/11-2021/150 ਕਾਪੀਆਂ/ਪੰਜਾਬ ਸਰਕਾਰ ਪ੍ਰੈਸ ਐਸ.ਏ.ਐਸ.ਨਗਰ

Punjab Government Gazette

Extraordinary

Published by Authority

---

CHANDIGARH, MONDAY, JUNE 13, 2022

(JYAISTHA 23, 1944 SAKA)

---

# LEGISLATIVE SUPPLEMENT

Contents                                                    pages

Part-1 Acts

The Punjab Official Language (Amendment) Act, 2021

(Punjab Act No.11 of 2022) ............45

Part-II Ordinances

Nil

Part-III Delegated Legislation

Nil

Part-IV Correction Slips, Republications and Replacements

Nil

------



PART 1

GOVERNMENT OF PUNJAB

DEPARTMENT OF LEGAL AND LEGISLATIVE AFFAIRS, PUNJAB

NOTIFICATION

The 13th June, 2022

No. 11- Leg. /2022- The following Act of the Legislature of the State of Punjab received the assent of the Governor of Punjab on the 30th day of December, 2021, is hereby published for general information:-

# THE PUNJAB OFFICIAL LANGUAGE

# (AMENDMENT) ACT, 2021

(Punjab Act No. 11 of 2022)

AN

ACT

Further to amend the Punjab Official Language Act, 1967

BE it enacted by the Legislature of the State of Punjab in the Seventy-second Year of the Republic of India as follows:-

1. (1) This Act may be called the Punjab Official Language (Amendment) Act, 2021 — Short title and commencement

(2) It shall come into force on and with effect from the date of its publication in the Official Gazatte.

2. In the Punjab Official Language Act, 1967, in section 8-D after sub-section (2), the following sub-section shall be added, namely:- — Amendment in Section-8 D of Punjab Act 5 of 1967

" (3) If any officer or official violates the provisions of this Act or the notification issued thereunder, the Director, Language finds this

prima facie case and upon issuance of show cause notice, if the reply filed by the officer or official is not satisfactory, then he shall be liable to fine of rupees five hundred for the first time and if he finds guilty for the second time, he shall be liable to fine upto rupees two thousand and if he finds guilty for the third time, he shall be liable for fine upto rupees five thousand Such fine shall be recovered by the concerned Drawing and Disbursing Officer from the salary of the concerned officer or official:

Provided that before recovering such fine, the concerned officer or official, shall be given an opportunity of being heard."

S.K. AGGARWAL
Principal Secretary to Government of Punjab
Department of legal and legislative Affairs.

2588/6-2022/Pb. Govt. Press, S.A.S. Nagar

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**
**(ਸਿੱਖਿਆ ਸੈੱਲ)**

**ਹੁਕਮ**

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਦੇ ਪੱਤਰ ਨੰ. 6/41//91-2 ਸਿ.ਸੈਲ/ 413-423, ਮਿਤੀ 19.02.2020, ਮਿਤੀ 19.11.2021 ਅਤੇ ਮਿਤੀ 04.07.2022 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਮੁੜ ਦੁਹਰਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੁੱਚੇ ਪੰਜਾਬ ਰਾਜ ਵਿਚ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ/ਅਰਧ ਸਰਕਾਰੀ ਦਫਤਰਾਂ/ਵਿਭਾਗਾਂ/ਅਦਾਰਿਆਂ/ ਸੰਸਥਾਵਾਂ/ਵਿੱਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ /ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖੇ ਜਾਣ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿਚ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ।

2. ਮੁੜ ਅਪੀਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਤੀ 21 ਫਰਵਰੀ 2023 ਤੋਂ ਪਹਿਲਾਂ ਪਹਿਲਾਂ ਸਮੂਹ ਨਾਮ ਪੱਟੀਆਂ/ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣੇ ਯਕੀਨੀ ਬਣਾਏ ਜਾਣ ਅਤੇ ਰਿਪੋਰਟ ਇਸ ਵਿਭਾਗ ਨੂੰ ਭੇਜੀ ਜਾਵੇ।ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਪੰਜਾਬੀ ਰਾਜ ਭਾਸ਼ਾ (ਤਰਮੀਮ) ਐਕਟ 2008 ਅਤੇ 2021 ਵਿਚ ਦਰਜ ਉਪਬੰਧਾਂ ਅਨੁਸਾਰ ਜੁਰਮਾਨਾ ਲਗਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

-ਸਹੀ-

**ਮਿਤੀ, ਚੰਡੀਗੜ੍ਹ**
**05.12.2022**

**ਜਸਪ੍ਰੀਤ ਤਲਵਾੜ,ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**

**ਪਿੱ.ਅੰ.ਨੰ.6/41/19-2ਸਿ.ਸੈੱਲ/857 ਮਿਤੀ, ਚੰਡੀਗੜ੍ਹ: 05.12.2022**

ਉਤਾਰਾ ਹੇਠ ਲਿਖਿਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਯੋਗ ਕਦਮ ਚੁੱਕਣ ਦੀ ਕ੍ਰਿਪਾਲਤਾ

ਕਰਨ :-

1) **ਸਕੱਤਰ/ਮੁੱਖ ਸਕੱਤਰ ਪੰਜਾਬ ;**
2) **ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।**
3) **ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ।**
4) **ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।**
5) **ਸਮੂਹ ਡਵੀਜ਼ਨਾਂ ਦੇ ਕਮਿਸ਼ਨਰ।**
6) **ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।**
7) **ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ।**
8) **ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਸਮੂਹ ਉਪ ਮੰਡਲ ਮੈਜਿਸਟ੍ਰੇਟ।**
9) **ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ।**
10) **ਸਮੂਹ ਨਗਰ ਨਿਗਮ ਅਤੇ ਨਗਰ ਪਾਲਿਕਾ ਦੇ ਕਮਿਸ਼ਨਰ ਅਤੇ ਕਾਰਜ ਸਾਧਕ ਅਫ਼ਸਰ।**
11) **ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ**

-ਸਹੀ-
ਅਧੀਨ ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਅੰਦਰੂਨੀ ਵੰਡ

1) ਸਕੱਤਰ/ਉ.ਸਿ.ਮੰਤਰੀ

2) ਨਿੱਜੀ ਸਕੱਤਰ/ਪ੍ਰ.ਸ.ਉ.ਸਿ.

3) ਨਿੱਜੀ ਸਹਾਇਕ/ਵਿ.ਸ.ਉ.ਸਿ.

4) ਨਿ.ਸਹਾਇਕ/ਅ.ਸ.ਉ.ਸਿ.